ਉਨੀਵਾਂ ਸਾਲ PARDES TIMES 19th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 No. 478 September 22, 2025 E-mail : info@pardestimes.com Ph 510-938-7771

## ਟੈਰਿਫ ਤੋਂ ਬਾਅਦ ਭਾਰਤ ਨੂੰ ਦਿੱਤਾ ਇੱਕ ਹੋਰ ਝਟਕਾ, ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਦੇ ਦੋਸ਼ 'ਚ ਵੀਜ਼ੇ ਰੱਦ

ਨਵੀਂ ਦਿੱਲੀ- ਅਮਰੀਕਾ ਨੇ ਕੁਝ ਉੱਚ ਭਾਰਤੀ ਅਧਿਕਾਰੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ ਜਿਨ੍ਹਾਂ 'ਤੇ ਪਾਬੰਦੀਸ਼ੁਦਾ ਫੈਂਟਾਨਿਲ ਪ੍ਰੀਕਰਸਰਾਂ ਦੀ ਅਮਰੀਕਾ ਵਿੱਚ ਤਸਕਰੀ ਕਰਨ ਦਾ ਦੋਸ਼ ਹੈ। ਨਵੀਂ ਦਿੱਲੀ ਸਥਿਤ ਅਮਰੀਕੀ ਦੂਤਾਵਾਸ ਨੇ ਕੁਝ ਕਾਰੋਬਾਰੀ ਅਧਿਕਾਰੀਆਂ ਅਤੇ ਕਾਰਪੋਰੇਟ ਲੀਡਰਸ਼ਿਪ ਦੇ ਵੀਜ਼ੇ ਇਸ ਆਧਾਰ 'ਤੇ ਰੱਦ ਕਰ ਦਿੱਤੇ ਹਨ ਕਿ ਉਹ ਫੈਂਟਾਨਿਲ ਪ੍ਰੀਕਰਸਰਾਂ ਦੀ ਤਸਕਰੀ ਵਿੱਚ ਸ਼ਾਮਲ ਸਨ। ਅਮਰੀਕੀ ਦੂਤਾਵਾਸ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਕਾਰਵਾਈਆਂ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੀਆਂ ਧਾਰਾਵਾਂ ਤਹਿਤ ਕੀਤੀਆਂ ਗਈਆਂ ਹਨ। ਇਸ ਫੈਸਲੇ ਦੇ ਨਤੀਜੇ ਵਜੋਂ, ਇਹ ਵਿਅਕਤੀ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ ਕਰਨ ਦੇ ਅਯੋਗ ਹੋ ਸਕਦੇ ਹਨ। ਦੂਤਾਵਾਸ ਫੈਂਟਾਨਿਲ ਪੂਰਵਗਾਮੀਆਂ ਦੀ ਤਸਕਰੀ ਕਰਨ ਵਾਲੀਆਂ ਕੰਪਨੀਆਂ ਨਾਲ ਜੁੜੇ ਅਧਿਕਾਰੀਆਂ ਨੂੰ ਵੀ ਸੂਚਿਤ ਕਰ ਰਿਹਾ ਹੈ ਕਿ ਜੇਕਰ ਉਹ ਅਮਰੀਕੀ ਵੀਜ਼ਾ ਲਈ ਅਰਜ਼ੀ ਦਿੰਦੇ ਹਨ ਤਾਂ ਉਨ੍ਹਾਂ ਦੀ ਸਖ਼ਤ ਜਾਂਚ ਕੀਤੀ ਜਾਵੇਗੀ। ਚਾਰਜ ਡੀ'ਅਫੇਅਰਜ਼ ਜੋਰਗਨ ਐਂਡਰਿਊਜ਼ ਨੇ ਕਿਹਾ, "ਨਵੀਂ ਦਿੱਲੀ ਵਿੱਚ ਅਮਰੀਕੀ ਦੂਤਾਵਾਸ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮੁਕਾਬਲਾ ਕਰਨ ਲਈ ਆਪਣੀ ਵਚਨਬੱਧਤਾ 'ਤੇ ਅਡੋਲ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਉਤਪਾਦਨ ਅਤੇ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਅਤੇ ਸੰਗਠਨਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਨਤੀਜੇ ਭੁਗਤਣੇ ਪੈਣਗੇ, ਜਿਸ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲੇ ਤੋਂ ਇਨਕਾਰ ਕਰਨਾ ਸ਼ਾਮਲ ਹੋ ਸਕਦਾ ਹੈ।"




## ਚਲਦੇ-ਚਲਦੇ

ਪੰਜਾਬ ਵਿਚ ਆਏ ਹੜਾਂ ਦੇ ਕਾਰਨ ਹੋਈ ਪੇਚੀਦਾ ਸਥਿਤੀ 'ਚੋਂ ਨਿਕਲਣ ਦੀ ਕੋਸ਼ਿਸ਼ ਤਹਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 26 ਸਤੰਬਰ ਤੋਂ ਸ਼ੁਰੂ ਹੋਵੇਗਾ ਜੋ ਕਿ 29 ਸਤੰਬਰ ਤੱਕ ਸੱਦਿਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਵਿਸ਼ੇਸ਼ ਸੈਸ਼ਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਤੋਂ ਮਗਰੋਂ ਲੋਕਾਂ ਦੇ ਮੁੜਵਸੇਬੇ ਦੇ ਮਾਮਲੇ ’ਤੇ ਇਸ ਸੈਸ਼ਨ ’ਚ ਚਰਚਾ ਹੋਵੇਗੀ। ਸਟੇਟ ਡਿਜ਼ਾਸਟਰ ਰਿਸਪਾਂਸ ਫੰਡਾਂ ਦੇ ਮੁੱਦੇ ’ਤੇ ਸੋਧਾਂ ਹੋਣ ਦੀ ਸੰਭਾਵਨਾ ਹੈ। ਪੰਜਾਬ ਕੈਬਨਿਟ ’ਚ ਪਾਸ ਕੀਤੇ ‘ਜਿਸ ਦਾ ਖੇਤ, ਉਸ ਦੀ ਰੇਤ’ ਬਾਰੇ ਵਿਧਾਨ ਸਭਾ ’ਚ ਐਕਟ ਲਿਆਂਦਾ ਜਾਵੇਗਾ।

# ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਤੇਜ਼ੀ ਨਾਲ ਕਿਵੇਂ ਵਧੀ

ਚੰਡੀਗੜ੍ਹ- ਕਰੀਬ 1970 ਦੇ ਦਹਾਕੇ ਵਿਚ ਪੰਜਾਬ ’ਚ ਹੋਰ ਸੂਬਿਆਂ ਤੋਂ ਆਈ ਲੇਬਰ ਨਾਮਾਤਰ ਹੁੰਦੀ ਸੀ। ਉਸ ਵਕਤ ਪੰਜਾਬ ਵਿਚ ਰਵਾਇਤੀ ਫਸਲਾਂ ਹੀ ਜ਼ਿਆਦਾ ਹੁੰਦੀਆਂ ਸਨ। ਗਰਮੀਆਂ ਵਿਚ ਕਪਾਹ, ਜਵਾਰ, ਬਾਜਰੇ, ਗੰਨਾ, ਮਿਰਚਾਂ, ਦਾਲਾਂ, ਕੁਝ ਰਕਬੇ ਵਿਚ ਝੋਨਾ ਆਦਿ ਰਲੀਆਂ-ਮਿਲੀਆਂ ਫਸਲਾਂ ਸਨ। ਸਰਦੀਆਂ ਵਿਚ ਕਣਕ, ਗੰਨਾ, ਦਾਲਾਂ, ਛੋਲੇ ਆਦਿ ਫਸਲਾਂ ਹੋਇਆ ਕਰਦੀਆਂ ਸਨ। ਇਹਨਾਂ ਫਸਲਾਂ ਦੀ ਬਿਜਾਈ ਅਤੇ ਕਟਾਈ ਸਭ ਹੱਥਾਂ ਨਾਲ ਹੀ ਹੁੰਦੀ ਸੀ ਪਰ ਇਸ ਦੇ ਬਾਵਜੂਦ ਪੰਜਾਬ ਵਿਚ ਬਾਹਰਲੇ ਸੂਬਿਆਂ ਤੋਂ ਕੋਈ ਲੇਬਰ ਨਹੀਂ ਆਉਂਦੀ ਸੀ। ਪੰਜਾਬ ਦੇ ਲੋਕ ਹੀ ਚਾਹੇ ਉਹ ਕਿਸਾਨ ਸੀ ਜਾਂ ਮਜ਼ਦੂਰ, ਸਾਰੇ ਰਲ ਕੇ ਪਰਿਵਾਰਾਂ ਸਮੇਤ ਫਸਲਾਂ ਦੀ ਕਟਾਈ ਆਦਿ ਦਾ ਕੰਮ ਕਰਿਆ ਕਰਦੇ ਸੀ। ਇਸ ਤੋਂ ਪਹਿਲਾਂ 1960 ਦੇ ਦਹਾਕੇ ਵਿਚ ਪੰਜਾਬ ਰਾਜ ਬਿਜਲੀ ਬੋਰਡ ਨੇ ਜਦੋਂ ਆਪਣਾ ਦਾਇਰਾ ਵਧਾਇਆ ਤਾਂ ਬਿਹਾਰ, ਯੂ. ਪੀ. ਤੋਂ ਲੋਕਾਂ ਨੂੰ ਲਿਆ ਕੇ ਭਰਤੀ ਕਰਨਾ ਆਰੰਭ ਕੀਤਾ ਕਿਉਂਕਿ ਪੰਜਾਬ ਵਿਚ ਇਸ ਖੇਤਰ ਲਈ ਲੇਬਰ ਦੀ ਕਮੀ ਸੀ ਅਤੇ ਪੰਜਾਬੀ ਨੌਕਰੀ ਕਰਨ ਵਿਚ ਦਿਲਚਸਪੀ ਵੀ ਨਹੀਂ ਲੈਂਦੇ ਸਨ। 1980 ਦੇ ਦਹਾਕੇ ਵਿਚ ਪੰਜਾਬ ਦਾ ਬਹੁਤ ਤੇਜ਼ੀ ਨਾਲ ਖੇਤੀ ਵਿਚ ਮਸ਼ੀਨੀਕਰਨ ਹੋਇਆ ਅਤੇ 1990 ਦੇ ਦਹਾਕੇ ਤੱਕ ਪੰਜਾਬ ਵਿਚ ਟਰੈਕਟਰਾਂ ਅਤੇ ਕੰਬਾਇਨ ਮਸ਼ੀਨਾਂ ਦਾ ਹੜ੍ਹ ਆ ਗਿਆ। ਨਰਮਾ/ਕਪਾਹ ਬਠਿੰਡਾ ਬੈਲਟ ਤੱਕ ਸੀਮਤ ਹੋ ਗਈ, ਗੰਨਾ ਕੁਝ ਖੇਤਰਾਂ ਵਿਚ ਰਹਿ ਗਿਆ, ਬਾਕੀ ਸਾਰਾ ਪੰਜਾਬ ਕਣਕ ਅਤੇ ਝੋਨੇ ਦੇ ਮਗਰ ਲੱਗ ਗਿਆ। ਉਦੋਂ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਤੇਜ਼ੀ ਨਾਲ ਵਧੀ।ਹੁਣ ਹਾਲਾਤ ਇਹ ਹਨ ਕਿ ਜੇਕਰ ਪ੍ਰਵਾਸੀ ਨਾ ਆਉਣ ਤਾਂ ਪੰਜਾਬ ਵਿਚ ਝੋਨਾ ਹੀ ਨਹੀਂ ਲੱਗ ਪਾਉਂਦਾ। ਜਿਉਂ ਹੀ ਪ੍ਰਵਾਸੀ ਪੰਜਾਬ ਵਿਚ ਆਉਣਾ ਆਰੰਭ ਹੋਏ, ਇਹਨਾਂ ਵਿਚੋਂ ਜ਼ਿਆਦਾਤਰ ਪੰਜਾਬ ਵਿਚ ਸੀਜ਼ਨ ਵਕਤ ਖੇਤੀ ਦਾ ਕੰਮ ਕਰਦੇ ਅਤੇ ਬਾਅਦ ਵਿਚ ਸ਼ਹਿਰਾਂ ਵਿਚ ਕੰਮ-ਕਾਰ ਕਰਨ ਲੱਗ ਪਏ। ਦੇਖਦੇ ਹੀ ਦੇਖਦੇ ਪੰਜਾਬ ਵਿਚ ਰੇਹੜੀ/ਫੜੀ, ਰਿਕਸ਼ਾ, ਖੋਖੇ/ਖੋਬਚੇ, ਸਫੈਦੀ ਸਮੇਤ ਪੰਜਾਬ ਦੇ ਸਾਰੇ ਛੋਟੇ/ਮੋਟੇ ਕੰਮਾਂ ਤੇ ਕਬਜ਼ਾ ਕਰ ਲਿਆ।




ਹੁਣ ਹਾਲਾਤ ਅਜਿਹੇ ਹਨ ਕਿ ਪੰਜਾਬ ਵਿਚ ਪੰਜਾਬੀ ਨਾ ਬਿਜਲੀ ਮਕੈਨਿਕ, ਨਾ ਇਲੈਕਟ੍ਰੀਸ਼ਨ, ਨਾ ਪਲੰਬਰ, ਨਾ ਰੰਗ-ਰੋਗਨ ਕਰਨ ਵਾਲਾ, ਨਾ ਕੋਈ ਰੇਹੜੀ/ਫੜੀ ਵਾਲਾ ਮਿਲੇਗਾ। ਪੰਜਾਬ ਵਿਚ ਭੱਠਿਆਂ ਸਮੇਤ ਜਿੰਨੀ ਵੀ ਇੰਡਸਟ੍ਰੀ ਮੌਜੂਦ ਹੈ, ਸਭ ਤੇ ਲੇਬਰ ਪ੍ਰਵਾਸੀ ਹੀ ਮਿਲੇਗੀ। ਪਿਛਲੇ 25 ਸਾਲਾਂ ਵਿਚ ਤਾਂ ਪੰਜਾਬ ਦਾ ਸਮੁੱਚਾ ਅਰਥਚਾਰਾ ਪ੍ਰਵਾਸੀਆਂ ’ਤੇ ਨਿਰਭਰ ਹੋ ਗਿਆ ਹੈ। ਇੱਥੋਂ ਦੇ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਲਲਕ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਪ੍ਰਵਾਸੀਆਂ ’ਤੇ ਨਿਰਭਰ ਕਰ ਦਿੱਤਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇੱਕ ਸਰਵੇਖਣ ਮੁਤਾਬਕ ਪੰਜਾਬ ਵਿੱਚ ਇਨ੍ਹਾਂ ਦੀ ਆਮਦ 1977-78 ਦੌਰਾਨ ਸ਼ੁਰੂ ਹੋਈ। ਜਦੋਂ ਪੰਜਾਬ ਦਾ ਖੇਤੀ ਸੈਕਟਰ ਹਰੇ ਇਨਕਲਾਬ ਦੀ ਅੰਗੜਾਈ ਲੈ ਰਿਹਾ ਸੀ। ਭਾਵੇਂ ਕਿ ਪਰਵਾਸੀ ਮਜ਼ਦੂਰਾਂ ਦੀ ਪੰਜਾਬ ਵਿੱਚ ਮੌਜੂਦਗੀ ਦਾ ਕੋਈ ਤਾਜ਼ਾ ਤੇ ਪੁਖ਼ਤਾ ਅੰਕੜਾ ਮੌਜੂਦ ਨਹੀਂ ਹੈ, ਪਰ 2015 ਦੇ ਸਰਵੇਖਣ ਮੁਤਾਬਕ ਉਦੋਂ ਇਨ੍ਹਾਂ ਦੀ ਆਬਾਦੀ 37 ਲੱਖ ਦੇ ਕਰੀਬ ਸੀ। ਕੋਵਿਡ ਦੌਰਾਨ 18 ਲੱਖ ਪਰਵਾਸੀ ਮਜ਼ਦੂਰਾਂ ਨੇ ਪੰਜਾਬ ਤੋਂ ਆਪੋ-ਆਪਣੇ ਸੂਬਿਆਂ ਨੂੰ ਵਾਪਸ ਜਾਣ ਲਈ ਰਜਿਸਟਡ ਕੀਤਾ ਸੀ।

"ਹੁਣ ਸਥਿਤੀ ਇਹ ਹੈ ਕਿ ਪਰਵਾਸੀ ਮਜ਼ਦੂਰਾਂ ਦੀ ਲੋੜ ਪੰਜਾਬ ਦੇ ਪੇਂਡੂ ਖੇਤਰ ਨਾਲੋਂ ਜ਼ਿਆਦਾ ਸ਼ਹਿਰੀ ਖੇਤਰ ਵਿੱਚ। ਸਬਜ਼ੀਆਂ ਵੇਚਣ ਤੋਂ ਲੈ ਕੇ ਪਲੰਬਰ, ਮਿਸਤਰੀ, ਬਿਲਜੀ ਮਕੈਨਿਕ ਸਭ ਖੇਤਰ ਪਰਵਾਸੀ ਮਜ਼ਦੂਰਾਂ ਉੱਤੇ ਨਿਰਭਰ ਹਨ।" ਉਨ੍ਹਾਂ ਕਿਹਾ ਕਿ ਪੰਜਾਬ ਦਾ ਅਰਥਚਾਰਾ ਪਰਵਾਸੀ ਮਜ਼ਦੂਰਾਂ ਉੱਤੇ ਇੰਨਾ ਨਿਰਭਰ ਹੈ ਕਿ ਹੁਣ ਉਹ ਇਨ੍ਹਾਂ ਤੋਂ ਬਿਨ੍ਹਾਂ ਚੱਲ ਨਹੀਂ ਸਕੇਗਾ।

S. Inderjit Singh Bullowal

Rep/Marketing Manager

PARDES TIMES

www.pardestimes.com

Call: 425-420-4055

ਕਿਸੇ ਵੀ ਕਿਸਮ ਦੀ ਗੱਲਬਾਤ ਅਖਬਾਰ ਸਬੰਧੀ ਕਰਨ ਲਈ ਸ. ਇੰਦਰਜੀਤ ਸਿੰਘ ਬੁਲੋਵਾਲ ਨੂੰ ਫੋਨ ਕਰੋ



ਸ. ਇੰਦਰਜੀਤ ਸਿੰਘ ਬੁਲੋਵਾਲ

Dhaliwal Law Group. Inc.



1. Tax Attorney
2. Edd case
3. Board of Ecualisation
4. IRS-Cases
5. Bank Ruptcy
5. Contracts ਚੰਗੇ ਬਣਾਉਣ ਲਈ
6. State Planning
7. Criminal deffense

Rattandev Singh Dhaliwal

ATTORNEY AT LAW

Telephone- 408-988-7722

Rattan@attorneydhaliwal.com

www.attorneydhaliwal.com

2005 DELA CRUZ BLVD

Suite# 185, Santa Clara, CA 95050

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ

ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ

ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com

Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ ’ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।






Phone:- 510-487-1000

LIC:- 0F 34231

32146 Alvarado Blvd, Union City, CA 94587

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ।।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## 31252 Veasy Street, Union City, CA 94587

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦਾ ਦੋ-ਹਫਤਾਵਾਰੀ ਸਮਾਗਮ 28 ਸਤੰਬਰ 2025 ਨੂੰ**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵਲੋਂ ਸ੍ਰੀ ਸੁਖਰਾਜ ਚੋਪੜਾ ਅਤੇ ਬੀਬੀ ਰੋਸ਼ਨੀ ਚੋਪੜਾ ਨੂੰ ਉਹਨਾਂ ਦੀ ਬਰਸੀ 'ਤੇ 28 ਸਤੰਬਰ 2025 ਨੂੰ ਗੁਰੂ ਘਰ ਅਤੇ ਸਮੂਹ ਚੋਪੜਾ ਪਰਿਵਾਰ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ ।

**ਸੰਗਤ ਦੇ ਸੇਵਾਦਾਰ ਅਤੇ ਸੰਪਰਕ ਨੰਬਰ**


ਵਿਨੋਦ ਕੁਮਾਰ ਚੁੰਬਰ (ਚੇਅਰਮੈਨ)
510-953-9800


ਤਰਲੋਚਨ ਸਿੰਘ ਬੱਧਣ (ਪ੍ਰਧਾਨ)
510-712-1743


ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ)
510-857-4551


ਮਨਦੀਪ ਰਾਏ (ਖਜਾਨਚੀ)
415-342-9159



# Ranjit Kandola

Broker (MAC Real Estate Services)

CHECK DAILY MORTGAGE RATES @

WWW.DesiMortgageBroker.com

## HIRING & TRAINING: MORTGAGE LOAN ORIGINATORS

MAC REAL ESTATE SERVICES

Mortgage Brokerage Since 2003

EQUAL HOUSING LENDER

BBB ACCREDITED BUSINESS A+ rating

(916) 917-2393 Mobile
(916) 516-1116 Office

Broker@DesiMortgageBroker.com

5701 Lonetree Blvd, Suite 126 H
Rocklin CA 95765


Company NMLS 1133016 DRE 01800662 NMLS 347022

# ਪ੍ਰਸਿੱਧ ਫਿਲਮ ਨਿਰਮਾਤਾ ਅਤੇ ਸਰਕਾਰ ਰੈਸਟੋਰੈਂਟ, ਸਰੀ, ਦੇ ਮਾਲਕ. ਸ. ਦੇਵ ਰਾਏ ਵੱਲੋਂ ਜਸਕਰਨ ਗਰੇਵਾਲ ਅਤੇ ਬਿਪਨ ਨੂੰ ਵਿਆਹ ਦੀਆਂ ਲੱਖ-ਲੱਖ ਵਧਾਈਆਂ




ਤਸਵੀਰ ਵਿਚ ਜਸਕਰਨ ਗਰੇਵਾਲ ਅਤੇ ਬਿਪਨ ਦੇ ਨਾਲ ਇੰਦਰਮੋਹਨ ਮਾਂਗਟ ਅਤੇ ਲਖਵੀਰ ਕੇ. ਮਾਂਗਟ, ਮਨਮੋਹਨ ਮਾਂਗਟ ਅਤੇ ਹਰਪ੍ਰੀਤ ਕੇ. ਮਾਂਗਟ, ਕੈਲਗਰੀ, ਇੰਦਰਜੀਤ ਗਰੇਵਾਲ ਅਤੇ ਸੁਖਵਿੰਦਰ ਕੇ. ਗਰੇਵਾਲ, ਦੇਵ ਰਾਏ ਖੜ੍ਹੇ ਦਿਖਾਈ ਦੇ ਰਹੇ ਹਨ ਅਤੇ ਹੇਠਾਂ ਬੈਠੇ ਹਨ ਖੁਸ਼ੀ ਕੇ. ਮਾਂਗਟ ਅਤੇ ਰੁਪਿੰਦਰ ਕੇ. ਗਰੇਵਾਲ।

# ਟਰੰਪ ਵੱਲੋਂ ਭਾਰਤ-ਪਾਕਿਸਤਾਨ ਵਿਵਾਦ ਨੂੰ ਸੁਲਝਾਉਣ ਦਾ ਮੁੜ ਦਾਅਵਾ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਸਾਲ ਸੱਤ ਦੇਸ਼ਾਂ ਦਰਮਿਆਨ ਤਕਰਾਰ ਰੋਕਣ ਲਈ ਕੀਤੇ ਯਤਨਾਂ ਬਾਰੇ ਅੱਜ ਮੁੜ ਦੱਸਿਆ। ਉਨ੍ਹਾਂ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਨੂੰ ਸੁਲਝਾਉਣ ਲਈ ਅਹਿਮ ਭੂਮਿਕਾ ਨਿਭਾਈ ਸੀ। ਸ੍ਰੀ ਟਰੰਪ ਨੇ ਯੂਕੇ ਦੀ ਫੇਰੀ ਦੌਰਾਨ ਬਕਿੰਘਮਸ਼ਾਇਰ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਇੱਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਨਾਲ ਚੱਲ ਰਹੇ ਟਕਰਾਅ ’ਤੇ ਉਨ੍ਹਾਂ ਨੂੰ ਨਿਰਾਸ਼ ਕੀਤਾ ਸੀ ਪਰ ਉਹ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਰੋਕਣ ਵਿਚ ਸਫਲ ਹੋਏ। ਉਨ੍ਹਾਂ ਰੂਸੀ ਤੇਲ ਖਰੀਦਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਨੇੜੇ ਹੋਣ ਦੇ ਬਾਵਜੂਦ ਭਾਰਤ ’ਤੇ ਲਗਾਏ ਗਏ ਟੈਕਸਾਂ ਦਾ ਵੀ ਹਵਾਲਾ ਦਿੱਤਾ। ਜ਼ਿਕਰਯੋਗ ਹੈ ਕਿ ਅਪਰੈਲ ਵਿੱਚ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਚਲੇ ਦਹਿਸ਼ਤੀ ਟਿਕਾਣੇ ਨਸ਼ਟ ਕਰ ਦਿੱਤੇ ਸਨ ਤੇ ਦੋਵਾਂ ਦੇਸ਼ਾਂ ਦਰਮਿਆਨ ਜੰਗ ਛਿੜ ਗਈ ਸੀ।

# 30 ਨਵੰਬਰ ਮਗਰੋਂ ਭਾਰਤੀ ਵਸਤਾਂ ਤੋਂ ਹਟਾ ਸਕਦੈ 25 ਫ਼ੀਸਦ ਟੈਰਿਫ




ਕੋਲਕਾਤਾ- ਮੁੱਖ ਆਰਥਿਕ ਸਲਾਹਕਾਰ ਵੀ. ਅਨੰਤ ਨਾਗੇਸ਼ਵਰਨ ਨੇ ਕਿਹਾ ਕਿ ਅਮਰੀਕਾ ਭਾਰਤੀ ਵਸਤਾਂ ’ਤੇ ਲਾਇਆ ਵਾਧੂ 25 ਫ਼ੀਸਦ ਟੈਰਿਫ 30 ਨਵੰਬਰ ਤੋਂ ਬਾਅਦ ਹਟਾ ਸਕਦਾ ਹੈ। ਉਨ੍ਹਾਂ ਦੇ ਇਸ ਬਿਆਨ ਨੇ ਵਧਦੇ ਵਪਾਰਕ ਅੜਿੱਕਿਆਂ ਨਾਲ ਜੂਝ ਰਹੇ ਭਾਰਤੀ ਬਰਾਮਦਕਾਰਾਂ ਲਈ ਆਸ ਦੀ ਕਿਰਨ ਜਗਾਈ ਹੈ। ਕੋਲਕਾਤਾ ਵਿੱਚ ਮਰਚੈਂਟਸ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਸਮਾਗਮ ’ਚ ਬੋਲਦਿਆਂ ਨਾਗੇਸ਼ਵਰਨ ਨੇ ਹਾਲੀਆ ਭੂ-ਰਾਜਨੀਤਕ ਅਤੇ ਆਰਥਿਕ ਤਬਦੀਲੀਆਂ ਨੂੰ ਰਾਹਤ ਦੇ ਸੰਕੇਤ ਵਜੋਂ ਉਭਾਰਿਆ। ਉਨ੍ਹਾਂ ਆਖਿਆ, ‘‘ਮੈਨੂੰ ਹਾਲੇ ਵੀ ਲੱਗਦਾ ਹੈ ਕਿ ਭੂ-ਰਾਜਨੀਤਕ ਹਾਲਾਤ ਦੂਜੇ 25 ਪ੍ਰਤੀਸ਼ਤ ਟੈਰਿਫ ਦਾ ਕਾਰਨ ਬਣ ਸਕਦਾ ਹੈ ਪਰ ਪਿਛਲੇ ਕੁਝ ਹਫ਼ਤਿਆਂ ਦੇ ਘਟਨਾਕ੍ਰਮ ਦੇ ਮੱਦੇਨਜ਼ਰ ਮੇਰਾ ਮੰਨਣਾ ਹੈ ਕਿ 30 ਨਵੰਬਰ ਤੋਂ ਬਾਅਦ ਟੈਰਿਫ ਨਹੀਂ ਰਹੇਗਾ।’’ ਨਾਗੇਸ਼ਵਰਨ ਦੀਆਂ ਟਿੱਪਣੀਆਂ ਅਮਰੀਕੀ ਸਹਾਇਕ ਵਪਾਰ ਪ੍ਰਤੀਨਿਧੀ ਬ੍ਰੈਂਡਨ ਲਿੰਚ ਅਤੇ ਭਾਰਤ ਦੇ ਮੁੱਖ ਵਾਰਤਾਕਾਰ ਅਤੇ ਵਣਜ ਮੰਤਰਾਲੇ ਦੇ ਵਿਸ਼ੇਸ਼ ਸਕੱਤਰ ਰਾਜੇਸ਼ ਅਗਰਵਾਲ ਵਿਚਾਲੇ ਨਵੀਂ ਦਿੱਲੀ ਵਿੱਚ ਵਪਾਰ ਗੱਲਬਾਤ ਦੇ ਅਗਲੇ ਕਦਮ ’ਤੇ ਲੰਮੀ ਮੀਟਿੰਗ ਤੋਂ ਦੋ ਦਿਨ ਬਾਅਦ ਆਈਆਂ ਹਨ। ਮੀਟਿੰਗ ’ਚ ਦੋਵਾਂ ਧਿਰਾਂ ਵੱਲੋਂ ਭਾਰਤ-ਅਮਰੀਕਾ ਵਿਚਾਲੇ ਦੁਵੱਲੇ ਵਪਾਰ ਸਮਝੌਤੇ ਜਲਦੀ ਪੂਰਾ ਕਰਨ ਲਈ ਯਤਨ ਤੇਜ਼ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੋਣਵੇਂ ਭਾਰਤੀ ਉਤਪਾਦਾਂ ’ਤੇ 50 ਪ੍ਰਤੀਸ਼ਤ ਟੈਰਿਫ ਲਗਾਉਣ ਤੋਂ ਬਾਅਦ ਵਪਾਰ ਸਮਝੌਤੇ ਲਈ ਗੱਲਬਾਤ ਮੁਲਤਵੀ ਕਰ ਦਿੱਤੀ ਗਈ ਸੀ।

# ਮੁੱਖ ਚੋਣ ਕਮਿਸ਼ਨਰ ‘ਵੋਟ ਚੋਰੀ’ ਲਈ ਕਰ ਰਿਹੈ ਮਦਦ- ਰਾਹੁਲ ਗਾਂਧੀ

ਨਵੀਂ ਦਿੱਲੀ- ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ’ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਉਹ ‘ਵੋਟ ਚੋਰੀ’ ਅਤੇ ‘ਲੋਕਤੰਤਰ ਦਾ ਘਾਣ’ ਕਰਨ ਵਾਲਿਆਂ ਨੂੰ ਬਚਾਅ ਰਹੇ ਹਨ। ਉਨ੍ਹਾਂ ਕਰਨਾਟਕ ਵਿਧਾਨ ਸਭਾ ਹਲਕੇ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਕਾਂਗਰਸ ਪੱਖੀ ਵੋਟਰਾਂ ਦੇ ਵੋਟ ਮਿੱਥ ਕੇ ਯੋਜਨਾਬੱਧ ਢੰਗ ਨਾਲ ਕੱਟੇ ਜਾ ਰਹੇ ਹਨ। ਇਥੇ ਕਾਂਗਰਸ ਦਫ਼ਤਰ ’ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ, ‘‘ਚੋਣ ਕਮਿਸ਼ਨ ਵੋਟ ਚੋਰਾਂ ਦਾ ਬਚਾਅ ਕਰਨਾ ਬੰਦ ਕਰੇ ਅਤੇ ਵੋਟਰਾਂ ਦੇ ਨਾਮ ਕੱਟੇ ਜਾਣ ਦੇ ਮਾਮਲੇ ਦੀ ਜਾਂਚ ਦੇ ਸਬੰਧ ’ਚ ਕਰਨਾਟਕ ਸੀਆਈਡੀ ਵੱਲੋਂ ਮੰਗੀ ਗਈ ਜਾਣਕਾਰੀ ਇਕ ਹਫ਼ਤੇ ਅੰਦਰ ਦਿੱਤੀ ਜਾਵੇ। ਜੇ ਜਾਣਕਾਰੀ ਨਹੀਂ ਦਿੱਤੀ ਜਾਂਦੀ ਹੈ ਤਾਂ ਇਹ ਸਮਝਿਆ ਜਾਵੇਗਾ ਕਿ ਸੰਵਿਧਾਨ ਦੀ ਹੱਤਿਆ ’ਚ ਉਹ ਵੀ ਭਾਈਵਾਲ ਹੈ।’’ ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸੰਵਿਧਾਨਕ ਅਦਾਰੇ ਆਪਣਾ ਕੰਮ ਸਹੀ ਢੰਗ ਨਾਲ ਨਹੀਂ ਕਰ ਰਹੇ ਹਨ ਅਤੇ ਕਾਨੂੰਨੀ ਢਾਂਚੇ ਸਮੇਤ ਦੇਸ਼ ਦੇ ਅਦਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਰਾਹੁਲ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਹ ਖ਼ੁਲਾਸਾ ਕੋਈ ‘ਹਾਈਡਰੋਜਨ ਬੰਬ’ ਨਹੀਂ ਹਨ ਜਿਸ ਬਾਰੇ ਉਨ੍ਹਾਂ ਵਾਅਦਾ ਕੀਤਾ ਸੀ ਅਤੇ ਛੇਤੀ ਹੀ ਉਹ ਹੋਰ ਵੇਰਵਿਆਂ ਦਾ ਖ਼ੁਲਾਸਾ ਕਰਨਗੇ। ਕਾਂਗਰਸ ਆਗੂ ਨੇ ਕਿਹਾ, ‘‘ਮੈਂ ਗਿਆਨੇਸ਼ ਕੁਮਾਰ ਬਾਰੇ ਗੰਭੀਰ ਦਾਅਵਾ ਕਰਨ ਜਾ ਰਿਹਾ ਹਾਂ।

### ਰਾਹੁਲ ਘੁਸਪੈਠੀਆਂ ਨੂੰ ਬਚਾਉਣ ਦੀ ਕਰ ਰਹੇ ਨੇ ਸਿਆਸਤ: ਭਾਜਪਾ

ਭਾਜਪਾ ਨੇ ਦਾਅਵਾ ਕੀਤਾ ਕਿ ਰਾਹੁਲ ਗਾਂਧੀ ਵੱਲੋਂ ਸੰਵਿਧਾਨਕ ਸੰਸਥਾਵਾਂ ਖ਼ਿਲਾਫ਼ ਵਾਰ ਵਾਰ ਲਗਾਏ ਜਾ ਰਹੇ ਦੋਸ਼ਾਂ ਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਦਾ ਅਤੇ ਕਾਂਗਰਸ ਦਾ ਭਾਰਤੀ ਸੰਵਿਧਾਨ ’ਤੇ ਕੋਈ ਭਰੋਸਾ ਨਹੀਂ ਹੈ। ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ‘ਘੁਸਪੈਠੀਆਂ ਨੂੰ ਬਚਾਉਣ ਦੀ ਸਿਆਸਤ’ ਕਾਂਗਰਸ ਦਾ ਇਕਲੌਤਾ ਏਜੰਡਾ ਪ੍ਰਤੀਤ ਹੁੰਦਾ ਹੈ। ਉਨ੍ਹਾਂ ਰਾਹੁਲ ਗਾਂਧੀ ਨੂੰ ਇਸ ਮੁੱਦੇ ’ਤੇ ਅਦਾਲਤ ਜਾਣ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਜੇ ਗ਼ੈਰਕਾਨੂੰਨੀ ਵੋਟਰਾਂ ਨੂੰ ਬਚਾਉਣ ਦੀ ਕਾਂਗਰਸ ਦੇ ਕਥਿਤ ਏਜੰਡੇ ਨੂੰ ਇਜਾਜ਼ਤ ਦਿੱਤੀ ਗਈ ਤਾਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੇ ਵਰਗਾਂ ਦੇ ਹਿੱਤਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਚੋਣ ਕਮਿਸ਼ਨਰ ਦਾ ਬਚਾਅ ਕਰਦਿਆਂ ਠਾਕੁਰ ਨੇ ਐੱਮ ਐੱਸ ਗਿੱਲ ਅਤੇ ਟੀ ਐੱਨ ਸ਼ੇਸ਼ਨ ਵਰਗੇ ਸਾਬਕਾ ਮੁੱਖ ਚੋਣ ਕਮਿਸ਼ਨਰਾਂ ਦੀ ਕਾਂਗਰਸ ਨਾਲ ਗੰਢ-ਤੁੱਪ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਗਿੱਲ ਨੂੰ ਯੂਪੀਏ ਸਰਕਾਰ ’ਚ ਮੰਤਰੀ ਬਣਾਇਆ ਗਿਆ ਸੀ ਜਦਕਿ ਸ਼ੇਸ਼ਨ ਨੇ ਕਾਂਗਰਸ ਦੇ ਟਿਕਟ ’ਤੇ ਲੋਕ ਸਭਾ ਚੋਣ ਲੜੀ ਸੀ। ਭਾਜਪਾ ਆਗੂ ਨੇ ਕਿਹਾ ਕਿ 2023 ’ਚ ਕਰਨਾਟਕ ਦੇ ਆਲੰਦ ਹਲਕੇ ਤੋਂ ਕਾਂਗਰਸ ਆਗੂ ਚੋਣ ਜਿੱਤਿਆ ਹੈ ਅਤੇ ਕੀ ਇਹ ਨਤੀਜਾ ਵੋਟ ਚੋਰੀ ਨਾਲ ਆਇਆ ਹੈ।

GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471
Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.
'Sara'- Saraswatee Consultant

Income Tax Preparation: Strategic individual and business tax filings, tax planning, IRS audit, sales & use tax, and new company formation.
Financial Accounting & Management: Strategic accounting & reporting services, which are scalable, tactical, and team-driven.
Immigration Consulting: Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
Live-Scan and Notary
GLOBAL ADVISORS, LLC
contact@globaladvisors.llc 408-613-3876 / 408-600-9471

Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਪੰਜਾਬ ਵਿਚ ਹੜ੍ਹ ਅਤੇ ਰਾਜਨੀਤੀ

ਪੰਜਾਬ ਦੇ ਤਿੰਨ ਜ਼ਿਲ੍ਹਿਆਂ ਵਿਚ ਆਏ ਭਿਆਨਕ ਹੜ੍ਹਾਂ ਦੇ ਕਾਰਨ ਕਰੀਬ 22 ਸੌ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਹਨ। 40 ਤੋਂ ਵੱਧ ਮੌਤਾਂ ਹੋ ਗਈਆਂ ਹਨ ਅਤੇ 1 ਲੱਖ ਦੇ ਕਰੀਬ ਪਸ਼ੂ ਵੀ ਮਾਰੇ ਗਏ ਜਾਂ ਗੁੰਮ ਹੋ ਗਏ। ਲੋਕਾਂ ਦੇ ਘਰਾਂ ਵਿਚ ਪਾਣੀ ਵੜ ਗਿਆ, ਖਾਣ ਲਈ ਅਨਾਜ ਅਤੇ ਹੋਰ ਸਮਾਨ ਵੀ ਖਰਾਬ ਹੋ ਗਿਆ, ਕੱਪੜੇ ਅਤੇ ਆਮ ਵਰਤੋਂ ਦਾ ਸਮਾਨ ਖਰਾਬ ਹੋ ਗਿਆ ਪਰ ਹਾਲਾਤ ਨੂੰ ਸੰਭਾਲਣ ਦੀ ਬਜਾਏ ਹੁਣ ਤੱਕ ਜੋ ਹੋ ਰਿਹਾ ਹੈ, ਉਹ ਰਾਜਨੀਤੀ ਤੋਂ ਵੱਧ ਕੁਝ ਨਜ਼ਰ ਨਹੀਂ ਆਉਂਦਾ। ਅਜਿਹਾ ਕਹਿਰ 1988 ਤੋਂ ਬਅਦ ਦੂਜੀ ਵਾਰ ਪੰਜਾਬੀਆਂ ਦੇ ਹਿੱਸੇ ਆਇਆ ਹੈ। ਕਰੀਬ 1655 ਪਿੰਡਾਂ ਦੇ 3.55 ਲੱਖ ਲੋਕ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਘੱਗਰ ਦਰਿਆ ਵਿਚ ਪਾਣੀ ਆਉਣ ਕਾਰਨ ਪਟਿਆਲੇ ਦੇ 21 ਪਿੰਡ ਅਤੇ ਰਾਜਪੁਰੇ ਦੇ 10 ਪਿੰਡਾਂ ਦੀ ਫਸਲ ਮਾਰੀ ਗਈ। ਹੁਣ ਤੱਕ ਸਾਹਮਣੇ ਆਏ ਅੰਕੜਿਆਂ ਮੁਤਾਬਕ 4.35 ਲੱਖ ਏਕੜ ਫਸਲ ਤਬਾਹ ਹੋ ਗਈ ਹੈ। ਪਰ ਸਵਾਲ ਤਾਂ ਇਹ ਹੈ ਕਿ ਅਜਿਹੇ ਨਾਜ਼ੁਕ ਮੌਕੇ ਲੋਕੀ ਕਿਸ ਤੋਂ ਆਸ ਰੱਖਣ? ਜਾਹਿਰ ਹੈ ਲੋਕ ਸਰਕਾਰ ਤੋਂ ਹੀ ਆਸ ਰੱਖਦੇ ਹਨ ਕਿ ਉਹਨਾਂ ਦੀ ਜ਼ਿੰਦਗੀ ਦੁਬਾਰਾ ਪਟੜੀ 'ਤੇ ਚੜ੍ਹਨ ਵਿਚ ਮਦਦ ਕੀਤੀ ਜਾਵੇ ਪਰ ਮਦਦ ਕਿੰਨੀ ਮਿਲੇਗੀ, ਕੀ ਮਿਲੇਗਾ, ਇਸ ਨੂੰ ਲੈ ਕੇ ਦੁਚਿੱਤੀ ਬਰਕਰਾਰ ਹੈ। ਸਰਕਾਰ ਜੋ ਕਹਿ ਰਹੀ ਹੈ, ਉਸ ਮੁਤਾਬਕ ਖਰਾ ਉਤਰਦੀ ਨਜ਼ਰ ਨਹੀਂ ਆ ਰਹੀ। ਪੰਜਾਬ ਸਰਕਾਰ ਕੇਂਦਰ ਨੂੰ ਕੋਸ ਕੇ ਵਕਤ ਲੰਘਾਉਣ ਦੀ ਤਾਕ ਵਿਚ ਨਜ਼ਰ ਆਉਂਦੀ ਹੈ ਜਦਕਿ ਕੇਂਦਰ ਨੇ 12 ਹਜ਼ਾਰ ਕਰੋੜ ਰੁਪਏ ਪਹਿਲਾਂ ਹੀ ਹੜ੍ਹਾਂ ਵਾਸਤੇ ਦੇਣ ਦਾ ਐਲਾਨ ਕਰਕੇ ਪੰਜਾਬ ਸਰਕਾਰ ਨੂੰ ਕਸੂਤੀ ਫਸਾ ਲਿਆ ਹੈ। ਸਰਕਾਰਾਂ ਤਾਂ ਇਕ ਦੂਜੇ ਤੇ ਇਲਜ਼ਾਮ ਲਗਾ ਕੇ ਆਪਣਾ ਵਕਤ ਲੰਘਾ ਲੈਣਗੀਆਂ ਪਰ ਆਮ ਲੋਕਾਂ ਦੀ ਬਣੇਗਾ, ਇਸ ਨੂੰ ਲੈ ਕੇ ਪੰਜਾਬ ਦੇ ਲੋਕੀ ਪ੍ਰੇਸ਼ਾਨ ਹਨ। ਹਾਲਾਂਕਿ ਪੰਜਾਬ ਦੇ ਲੋਕੀ ਹਿੰਮਤ ਕਰਨ ਵਿਚ ਘੱਟ ਨਹੀਂ ਅਤੇ ਹੋ ਸਕਦਾ ਹੈ ਕਿ ਆਪ ਮਿਹਨਤ ਕਰਕੇ ਆਪਣਾ ਜੀਵਨ ਦੁਬਾਰਾ ਪਟੜੀ 'ਤੇ ਲੈ ਆਉਣ, ਸ਼ਾਇਦ ਅਜਿਹਾ ਹੀ ਹੋਵੇਗਾ।

ਇੱਧਰ ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੀ ਜੰਗ ਖਤਰਨਾਕ ਮੋੜ 'ਤੇ ਆ ਗਈ ਨਜ਼ਰ ਆ ਰਹੀ ਹੈ। ਰੂਸ ਦੁਆਰਾ ਪੋਲੈਂਡ ਅਤੇ ਨਾਰਵੇ ਵੱਲ ਆਪਣੇ ਡ੍ਰੋਨ ਭੇਜਣ ਕਾਰਨ ਯੂਰਪੀ ਯੂਨੀਅਨ ਅਤੇ ਰੂਸ ਵਿਚਕਾਰ ਟਕਰਾਅ ਹੋਰ ਵੱਧ ਗਿਆ ਹੈ। ਯੂਰਪੀ ਯੂਨੀਅਨ ਦਾ ਕਹਿਣਾ ਹੈ ਕਿ ਰੂਸ ਨਾਟੋ ਐਗਰੀਮੈਂਟ ਦੀ ਉਲੰਘਣਾ ਕਰ ਰਿਹਾ ਹੈ, ਜਿਸ ਕਰਕੇ ਯੂਰਪੀ ਮੁਲਕਾਂ ਨੂੰ ਇਕੱਠੇ ਹੋ ਕੇ ਰੂਸ ਵਿਰੁੱਧ ਫੌਜੀ ਮੋਰਚਾ ਖੋਲ੍ਹ ਦੇਣਾ ਚਾਹੀਦਾ ਹੈ ਪਰ ਹਾਲੇ ਦੁਚਿੱਤੀ ਦਾ ਮਾਹੌਲ ਬਰਕਰਾਰ ਹੈ ਕਿਉਂਕਿ ਰੂਸ ਨੇ ਇਸ ਨੂੰ ਗਲਤੀ ਮੰਨਿਆ ਹੈ ਅਤੇ ਕਿਹਾ ਹੈ ਕਿ ਉਸ ਦਾ ਯੂਰਪੀ ਮੁਲਕਾਂ ਦੇ ਹਮਲਾ ਕਰਨ ਦਾ ਕੋਈ ਇਰਾਦਾ ਨਹੀਂ ਪਰ ਇਸ ਜੰਗ ਨੂੰ ਰੁਕਵਾਉਣ ਲਈ ਅਮਰੀਕਾ ਦੀਆਂ ਕੋਸ਼ਿਸ਼ਾਂ ਅਤੇ ਨਾਕਾਮੀ ਤਣਾਅ ਵਧਾ ਰਹੀ ਹੈ ਅਤੇ ਸਥਿਤੀ ਕਦੀ ਵੀ ਵਿਸਫੋਟਕ ਹੋ ਸਕਦੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਕੁਦਰਤੀ ਆਫ਼ਤਾਂ ਦੀ ਮਾਰ ਅਤੇ ਇੱਕਜੁੱਟਤਾ



ਗੁਰਬਚਨ ਜਗਤ

ਕੋਈ ਵੀ ਚੋਣ ਹੋਵੇ- ਸੰਸਦੀ, ਵਿਧਾਨ ਸਭਾ, ਨਗਰ ਨਿਗਮ ਜਾਂ ਪੰਚਾਇਤੀ- ਨੇਪਰੇ ਚੜ੍ਹਨ ਤੋਂ ਪਹਿਲਾਂ ਆਪਣੇ ਨਾਲ ਕਈ ਬੈਠਕਾਂ (ਸੰਸਦੀ ਕਮੇਟੀਆਂ, ਕਾਰਜਕਾਰੀ ਕਮੇਟੀਆਂ, ਚੋਣ ਕਮੇਟੀਆਂ ਆਦਿ) ਦਾ ਸਿਲਸਿਲਾ ਲੈ ਕੇ ਆਉਂਦੀ ਹੈ। ਨਿਗਰਾਨਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ ਅਤੇ ਬੂਥ ਪੱਧਰ ਤੱਕ ਚੋਣ ਪ੍ਰਬੰਧਕਾਂ ਨੂੰ ਨਾਲ ਲਿਆ ਜਾਂਦਾ ਹੈ; ਕੇਂਦਰੀ ਨੇਤਾ ਰਾਜਾਂ ਵਿੱਚ ਆਉਂਦੇ ਹਨ, ਰਾਜ ਦੇ ਸਿਆਸਤਦਾਨ ਜ਼ਿਲ੍ਹਿਆਂ 'ਚ ਤੇ ਜ਼ਿਲ੍ਹਾ ਪੱਧਰੀ ਨੇਤਾ ਪੰਚਾਇਤਾਂ ਵਿੱਚ ਪਹੁੰਚਦੇ ਹਨ। ਚੋਣਾਂ ਦਾ ਇਹ ਉਤਸਵ ਸ਼ਾਨਦਾਰ ਯੋਜਨਾਬੰਦੀ ਨਾਲ ਅੱਗੇ ਵਧਦਾ ਹੈ- ਵਾਰ ਰੂਮ ਬਣਦੇ ਹਨ, ਕਾਡਰ ਲਾਮਬੰਦ ਕੀਤਾ ਜਾਂਦਾ ਹੈ, ਹੈਰਾਨੀਜਨਕ ਕੰਪਿਊਟਿੰਗ ਸ਼ਕਤੀ ਅਤੇ ਅੰਕੜਿਆਂ ਨਾਲ ਲੈਸ ਚੋਣ ਵਿਸ਼ਲੇਸ਼ਕ ਸਰਗਰਮ ਕੀਤੇ ਜਾਂਦੇ ਹਨ। ਅੱਜ ਕੱਲ੍ਹ ਤਾਂ ਨੌਕਰਸ਼ਾਹੀ ਵੀ ਖੁੱਲ੍ਹੇਆਮ ਵਿੱਚ ਰਲ ਜਾਂਦੀ ਹੈ ਅਤੇ ਅਖ਼ੀਰ 'ਚ ਸਾਨੂੰ ਆਪਣੇ ਸਭ ਤੋਂ ਵਧੀਆ ਤੇ ਸਿਆਣੇ ਲੋਕਾਂ ਨੂੰ ਕੰਮ ਕਰਦਿਆਂ ਦੇਖਣ ਦਾ ਮੌਕਾ ਮਿਲਦਾ ਹੈ। ਬੇਸ਼ੱਕ, ਇਸ ਸਭ ਦੇ ਨਾਲ ਪੈਸੇ ਤੇ ਬੇਹੂਦਗੀ ਦਾ ਮੁਜ਼ਾਹਰਾ ਵੀ ਹੁੰਦਾ ਹੈ ਜਿਹੜਾ ਹਰ ਵਾਰ ਆਪਣੇ ਪਹਿਲੇ ਰਿਕਾਰਡ ਤੋੜ ਦਿੰਦਾ ਹੈ।

ਮੁੱਕਦੀ ਗੱਲ, ਸਾਰੀਆਂ ਪਾਰਟੀਆਂ ਦੀ ਲੀਡਰਸ਼ਿਪ ਪੂਰੀ ਸਰਗਰਮੀ ਨਾਲ ਵਿਚਰਦੀ ਨਜ਼ਰ ਆਉਂਦੀ ਹੈ। ਜੇ ਚੋਣਾਂ ਲਈ ਇਸ ਪੱਧਰ ਦਾ ਇੰਤਜ਼ਾਮ ਸੰਭਵ ਹੈ ਤੇ ਐਨੀ ਵੱਡੀ ਮਾਤਰਾ 'ਚ ਪੈਸਾ ਖ਼ਰਚਿਆ ਜਾ ਸਕਦਾ ਹੈ ਤਾਂ ਫਿਰ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ ਕਸ਼ਮੀਰ ਵਿੱਚ ਲਗਾਤਾਰ ਆ ਰਹੇ ਹੜ੍ਹਾਂ ਦੌਰਾਨ ਲੱਖਾਂ ਲੋਕ ਸੰਤਾਪ ਕਿਉਂ ਹੰਢਾ ਰਹੇ ਹਨ।



ਦਰਿਆ ਤੇ ਪਹਾੜੀ ਨਦੀਆਂ-ਨਾਲੇ ਕੰਢੇ ਤੋੜ ਰਹੇ ਹਨ, ਹਰ ਥਾਂ ਜ਼ਮੀਨ ਖਿਸਕ ਰਹੀ ਹੈ, ਸੜਕਾਂ ਰੁੜ੍ਹ ਗਈਆਂ ਹਨ, ਪੁਲ ਢਹਿ ਰਹੇ ਹਨ, ਡੈਮਾਂ ਤੇ ਨਹਿਰਾਂ ਦੀ ਬਦਇੰਤਜ਼ਾਮੀ ਦੇ ਦੋਸ਼ ਲੱਗ ਰਹੇ ਹਨ- ਸਾਰਾ ਬੁਨਿਆਦੀ ਜਨਤਕ ਢਾਂਚਾ ਖਸਤਾ ਹਾਲ ਹੈ। ਕੁਦਰਤ ਦਾ ਕਹਿਰ ਹਰ ਜਗ੍ਹਾ ਦਿਖਾਈ ਦੇ ਰਿਹਾ ਹੈ, ਪਰ ਸਿਵਲ ਪ੍ਰਸ਼ਾਸਨ ਦਾ ਮਦਦਗਾਰ ਹੱਥ ਬਸ ਬੁੜਬੁੜਾਉਣ ਤੱਕ ਸੀਮਤ ਹੈ।

ਹੜ੍ਹ ਚਿਤਾਵਨੀ ਤੋਂ ਬਿਨਾਂ ਨਹੀਂ ਆਉਂਦੇ; ਇਸ ਵਾਰ, ਖ਼ਾਸ ਤੌਰ 'ਤੇ ਭਾਰਤੀ ਮੌਸਮ ਵਿਭਾਗ ਬਿਲਕੁਲ ਸਹੀ ਸੀ। ਪੂਰੇ ਜੁਲਾਈ, ਅਗਸਤ, ਇੱਥੋਂ ਤੱਕ ਕਿ ਸਤੰਬਰ ਲਈ ਵੀ ਗੰਭੀਰ ਭਵਿੱਖਬਾਣੀ ਕੀਤੀ ਗਈ ਸੀ ਪਰ ਸਮੇਂ ਸਿਰ ਸੰਗਠਿਤ ਕਾਰਵਾਈ ਦੀ ਘਾਟ ਰਹੀ। ਸੂਬਾ ਸਰਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜਿਹੀਆਂ ਅਚਨਚੇਤੀ ਸਥਿਤੀਆਂ ਲਈ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ ਪਰ ਉਨ੍ਹਾਂ ਨੂੰ ਲਾਗੂ ਕਿਸ ਨੇ ਕਰਨਾ ਸੀ।

ਕੀ ਇਹ ਵਿਅਕਤੀਗਤ ਅਸਫਲਤਾ ਸੀ ਜਾਂ ਜਥੇਬੰਦਕ, ਜਾਂ ਇਨ੍ਹਾਂ ਸਾਰੇ ਰਾਜਾਂ ਵਿੱਚ ਸਰਕਾਰਾਂ ਦੀ ਸਮੂਹਿਕ ਨਾਕਾਮੀ? ਕੀ ਜਨਤਕ ਤੌਰ 'ਤੇ ਕੁਝ ਉਪਲਬਧ ਹੈ? ਸਾਨੂੰ ਦੱਸੋ ਕਿ ਕੋਈ ਤਿਆਰੀ ਕੀਤੀ ਗਈ ਸੀ? ਕਿਸੇ ਤਰ੍ਹਾਂ ਦੀ ਕਵਾਇਦ ਸੀ? ਆਫ਼ਤ ਦੇ ਖ਼ਤਰੇ ਵਾਲੇ ਇਲਾਕਿਆਂ ਦੀ ਸ਼ਨਾਖ਼ਤ ਹੋਈ ਸੀ? ਕੀ ਅਜਿਹੇ ਖੇਤਰਾਂ ਵਿੱਚ ਲੋੜੀਂਦੇ ਬੰਦੇ, ਸਮੱਗਰੀ ਅਤੇ ਹੋਰ ਸਰੋਤ ਉਪਲਬਧ ਸਨ? ਕੀ ਇਸ ਕੰਮ ਲਈ ਕੋਈ ਅਧਿਕਾਰੀ ਨਿਯੁਕਤ ਕੀਤੇ ਗਏ ਸਨ? ਕੀ ਕੋਈ ਜ਼ਿਲ੍ਹਾ ਅਤੇ ਸੂਬਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਪਰਖ ਕੇ ਦੇਖਿਆ ਗਿਆ ਸੀ? ਡੈਮਾਂ ਵਿੱਚੋਂ ਵਾਧੂ ਪਾਣੀ ਛੱਡਣ ਦੀ ਸੂਰਤ ਵਿੱਚ ਹੇਠਲੇ ਪਿੰਡਾਂ ਲਈ ਚਿਤਾਵਨੀ ਪ੍ਰਣਾਲੀਆਂ ਕੀ ਸਨ? ਮੈਨੂੰ ਯਕੀਨ ਹੈ ਕਿ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਨਾਂਹ ਵਿਚ ਹੋਣਗੇ ਜਾਂ ਸਪੱਸ਼ਟ ਨਹੀਂ ਹੋਣਗੇ।

ਇੱਕ ਵਾਰੀ ਜਦ ਹੜ੍ਹ ਆ ਗਏ ਤਾਂ ਪ੍ਰਤੀਕਿਰਿਆ ਕੀ ਸੀ? ਕੀ ਇਹ ਸੰਸਥਾਈ ਪ੍ਰਤੀਕਿਰਿਆ ਸੀ ਜਾਂ ਵਿਅਕਤੀਗਤ ਅਧਿਕਾਰੀਆਂ ਦਾ ਬੇਤਰਤੀਬ ਹੁੰਗਾਰਾ, ਜਿਨ੍ਹਾਂ 'ਚ ਕਾਰਵਾਈ ਦੀ ਸਿਆਣਪ ਅਤੇ ਇਖ਼ਲਾਕੀ ਇਮਾਨਦਾਰੀ ਸੀ? ਖ਼ਬਰਾਂ ਵੱਲ ਦੇਖੀਏ ਤਾਂ ਨਿਰਾਸ਼ਾ ਦੇ ਮਾਹੌਲ 'ਚ ਕੁਝ ਗੱਲਾਂ ਚੰਗੀਆਂ ਜਾਪਦੀਆਂ ਹਨ। ਮੈਂ ਜ਼ਿਆਦਾ ਬਚਾਅ-ਕਿਸ਼ਤੀਆਂ ਨੂੰ ਇੱਧਰ-ਉੱਧਰ ਜਾਂਦੇ ਹੋਏ ਨਹੀਂ ਸੁਣਿਆ ਤੇ ਆਸਮਾਨ ਵੀ ਕਿਸੇ ਤਰ੍ਹਾਂ ਦੀ ਹਲਚਲ ਤੋਂ ਸੱਖਣਾ ਜਾਪ ਰਿਹਾ ਸੀ, ਸਿਵਾਏ ਵਿਰਲੇ ਹੈਲੀਕਾਪਟਰ ਦੇ। ਕੇਂਦਰੀ ਬਲ, ਇੱਥੋਂ ਤੱਕ ਕਿ ਫ਼ੌਜ ਵੀ ਹਰ ਜਗ੍ਹਾ ਮੌਜੂਦ ਹੈ ਅਤੇ ਅਜਿਹੀਆਂ ਅਚਨਚੇਤੀ ਸਥਿਤੀਆਂ ਦੌਰਾਨ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਲਈ ਬੁਲਾਈ ਜਾ ਸਕਦੀ ਹੈ। ਅਸਲ ਵਿੱਚ, ਫ਼ੌਜ ਦੀਆਂ ਟੁਕੜੀਆਂ ਅਜਿਹੇ ਉਦੇਸ਼ਾਂ ਲਈ ਨਿਰਧਾਰਿਤ ਹੁੰਦੀਆਂ ਹਨ ਅਤੇ ਸਿਵਲ ਪ੍ਰਸ਼ਾਸਨ ਨੇ ਉਨ੍ਹਾਂ ਨਾਲ ਤਾਲਮੇਲ ਕਰਨਾ ਹੁੰਦਾ ਹੈ।

ਮਾਮਲੇ ਦਾ ਸਾਰ ਇਹ ਹੈ ਕਿ ਹਰ ਸਾਲ ਆਉਂਦੀਆਂ ਅਜਿਹੀਆਂ ਆਫ਼ਤਾਂ ਨਾਲ ਨਜਿੱਠਣ ਲਈ ਯੋਜਨਾਵਾਂ ਬਣਨੀਆਂ ਚਾਹੀਦੀਆਂ ਹਨ, ਖ਼ਾਸ ਕਰ ਕੇ ਜਦੋਂ ਮੌਸਮ ਵਿਭਾਗ ਦੀ ਭਵਿੱਖਬਾਣੀ ਇੰਨੀ ਸਹੀ ਹੋਵੇ। ਅਰਥਪੂਰਨ ਸਰਕਾਰੀ ਹੁੰਗਾਰੇ ਦੀ ਅਣਹੋਂਦ 'ਚ, ਇਹ ਕੰਮ ਨਾਗਰਿਕ ਸੰਗਠਨਾਂ 'ਤੇ ਛੱਡ ਦਿੱਤਾ ਗਿਆ ਕਿਉਂਕਿ ਲੋਕਾਂ ਦਾ ਜੀਵਨ ਤੇ ਰੋਜ਼ੀ-ਰੋਟੀ ਕੁਦਰਤ ਦੇ ਕਹਿਰ ਵਿਰੁੱਧ ਬਚਾਅ ਪ੍ਰਣਾਲੀ ਖੜ੍ਹਾ ਕਰਨ 'ਤੇ ਨਿਰਭਰ ਕਰਦੇ ਸਨ। ਪਿੰਡ ਵਾਸੀਆਂ ਨੇ ਫੌਰੀ ਸਮੱਸਿਆਵਾਂ ਨਾਲ ਲੜਨ ਲਈ ਆਪਣੇ ਆਪ ਨੂੰ ਸੰਗਠਿਤ ਕੀਤਾ। ਉਨ੍ਹਾਂ ਆਪਣੇ ਪਰਿਵਾਰਾਂ, ਘਰਾਂ, ਪਸ਼ੂਆਂ ਨੂੰ ਬਚਾਉਣਾ ਸੀ- ਉਨ੍ਹਾਂ ਨੂੰ ਨਿਹੱਥੇ, ਖ਼ਰਾਬ ਮੌਸਮ ਦਾ ਸਾਹਮਣਾ ਕਰਦਿਆਂ ਤੇ ਧਾਰਮਿਕ ਭਾਵਨਾਵਾਂ 'ਚ ਭਿੱਜੇ ਗੀਤ ਗਾਉਂਦਿਆਂ ਦੇਖਣਾ ਸੱਚਮੁੱਚ ਬਹੁਤ ਉਤਸ਼ਾਹਜਨਕ ਸੀ। ਇਹ ਉਹ ਬੰਦੇ ਹਨ, ਜਿਨ੍ਹਾਂ ਨੂੰ ਸਾਨੂੰ ਕੌਮੀ ਖਜ਼ਾਨੇ ਵਾਂਗੂ ਬਚਾਉਣਾ ਚਾਹੀਦਾ ਹੈ; ਅਜਿਹੇ ਮਾਨਵੀ ਸਰੋਤ ਸੌਖਿਆਂ ਨਹੀਂ ਲੱਭਦੇ।

ਕੀ ਇਹ ਹਮੇਸ਼ਾ ਹਲਕੀ ਰਾਜਨੀਤੀ ਤੇ ਫੋਟੋਆਂ ਖਿਚਵਾਉਣ ਜੋਗਾ ਹੀ ਰਹੇਗਾ? ਕੀ ਅਸੀਂ ਰਾਸ਼ਟਰ ਵਜੋਂ ਖੜ੍ਹੇ ਨਹੀਂ ਹੋ ਸਕਦੇ? ਜਦੋਂ ਸਟੇਟ/ਰਿਆਸਤ ਲਾਮਬੰਦ ਹੁੰਦੀ ਹੈ, ਬਹੁਤ ਵੱਡੇ ਸਰੋਤਾਂ ਦੀ ਕਮਾਨ ਰੱਖਦੀ ਹੈ ਅਤੇ ਬਹੁਤ ਵੱਡੇ ਕਾਰਨਾਮੇ ਕਰਨ ਦੇ ਸਮਰੱਥ ਹੁੰਦੀ ਹੈ। ਲੀਡਰਸ਼ਿਪ ਲੋਕਾਂ ਨੂੰ ਪ੍ਰੇਰਨ ਤੇ ਸਰੋਤਾਂ ਦੇ ਤਾਲਮੇਲ ਬਾਰੇ ਹੀ ਹੈ- 'ਜਦੋਂ ਮੁਸ਼ਕਿਲ ਸਮਾਂ ਆਉਂਦਾ ਹੈ, ਇਸ ਨਾਲ ਨਜਿੱਠਣ ਲਈ ਇਨਸਾਨ ਵੀ ਉੱਠਦਾ ਹੈ'। ਇੱਥੇ ਉਹ ਇਨਸਾਨ ਕਿੱਥੇ ਹੈ ਜੋ ਲੋਕਾਂ ਅਤੇ ਇਸ ਦੇਸ਼ ਦੀ ਵਿਸ਼ਾਲ ਦੌਲਤ ਨੂੰ ਤਰਤੀਬ 'ਚ ਕਰ ਸਕਦਾ ਹੈ? ਜਾਂ ਕੀ ਅਸੀਂ 'ਹਲਕੀ ਯੋਗਤਾ ਵਾਲੇ ਨੇਤਾਵਾਂ ਤੇ ਖੋਖ਼ਲੇ ਲੋਕਾਂ' ਦੇ ਮਗਰ ਲੱਗ-ਲੱਗ ਕੇ ਸਰਾਪੇ ਗਏ ਹਾਂ?

ਸਾਡੇ ਆਜ਼ਾਦੀ ਘੁਲਾਟੀਆਂ ਦਾ ਯੋਗਦਾਨ ਸਾਡੇ ਸਾਰਿਆਂ ਲਈ ਉਦਾਹਰਨ ਹੈ, ਸਭ ਨੂੰ ਦਿਸਦਾ ਹੈ ਕਿ ਅਸੀਂ ਅਜਿਹੇ ਆਜ਼ਾਦ ਭਾਰਤ ਦੀ ਸੰਤਾਨ ਹਾਂ ਜੋ ਜ਼ੁਲਮ ਦੇ ਦਮਨ ਤੋਂ ਮੁਕਤ ਹੈ। ਕੀ ਇਹ ਹੋਣਾ ਚਾਹੀਦਾ ਹੈ ਕਿ ਸਾਨੂੰ ਸਾਡੇ ਆਪਣੇ ਲੋਕ ਹੀ ਲੁੱਟਣ?

ਅੱਜ ਬਹੁਤ ਸਾਰੀਆਂ ਸ਼ਰਾਰਤਾਂ ਚੱਲ ਰਹੀਆਂ ਹਨ, ਅੰਦਰਖਾਤੇ ਵੀ ਤੇ ਸਾਡੀਆਂ ਦੁਸ਼ਮਣ ਤਾਕਤਾਂ ਵੱਲੋਂ ਵੀ- ਟੈਰਿਫ ਦੇ ਰੂਪ ਵਿੱਚ ਭੂ-ਰਾਜਨੀਤਕ ਚੁਣੌਤੀਆਂ ਤੋਂ ਲੈ ਕੇ ਪਾਕਿਸਤਾਨ ਦੇ ਪ੍ਰਤੱਖ ਖ਼ਤਰਿਆਂ ਅਤੇ ਇਸ ਦੁਆਰਾ ਫੈਲਾਏ ਅਤਿਵਾਦ ਤੇ ਸਾਡੇ ਬਾਕੀ ਗੁਆਂਢੀਆਂ ਦੇ ਨਿੱਜੀ ਹਿੱਤਾਂ ਤੱਕ। ਜਲਵਾਯੂ ਤਬਦੀਲੀ ਆਪਣੇ ਹਿਸਾਬ ਦੀ ਬਿਪਤਾ ਲਿਆਈ ਹੈ। ਅਜਿਹੇ ਸਮਿਆਂ ਵਿੱਚ ਇਹ ਮਹੱਤਵਪੂਰਨ ਹੈ ਕਿ ਅਸੀਂ ਇਕੱਠੇ ਹੋਈਏ। ਜੇ ਪੰਜਾਬ ਅਤੇ ਹਿਮਾਚਲ ਅੱਜ ਇਸ ਦਾ ਸਾਹਮਣਾ ਕਰ ਰਹੇ ਹਨ ਤਾਂ ਕੱਲ੍ਹ ਦੱਖਣ ਜਾਂ ਪੱਛਮ ਵਿੱਚ ਕੁਝ ਹੋਰ ਹੋ ਸਕਦਾ ਹੈ।

ਦੇਸ਼ ਨੂੰ ਇੱਕ ਹੋ ਕੇ ਜਵਾਬ ਦੇਣਾ ਸਿੱਖਣਾ ਚਾਹੀਦਾ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਜੰਗੀ ਪੱਧਰ 'ਤੇ ਮੁੜ ਵਸੇਬੇ ਦੀ ਲੋੜ ਹੋਵੇਗੀ। ਘਰ, ਖੇਤ, ਫਾਰਮ, ਪਸ਼ੂ, ਸਾਜ਼-ਸਮਾਨ ਤਬਾਹ ਹੋ ਗਏ ਹਨ ਅਤੇ ਇਸ ਦੇ ਨਾਲ ਰੋਜ਼ੀ-ਰੋਟੀ ਦੇ ਸਾਧਨ ਵੀ। ਸਰਕਾਰਾਂ ਅਤੇ ਨਾਗਰਿਕ ਸੰਗਠਨਾਂ ਨੂੰ ਤਬਾਹੀ ਦਾ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਤਾਲਮੇਲ ਨਾਲ ਜਵਾਬ ਦੇਣਾ ਚਾਹੀਦਾ ਹੈ।

ਅੱਜ ਦੇ ਸਮੇਂ, ਜ਼ਿਆਦਾਤਰ ਪੱਛਮੀ ਸੰਸਾਰ ਵਿੱਚ ਕੱਟੜ ਸੱਜੇ ਪੱਖੀ ਵਿਚਾਰਧਾਰਾ ਮੁੜ ਸਿਰ ਚੁੱਕ ਰਹੀ ਹੈ ਅਤੇ ਇਸ ਦੀਆਂ ਸਰਹੱਦਾਂ ਕਠੋਰ ਹੋ ਰਹੀਆਂ ਹਨ। ਜਿਨ੍ਹਾਂ ਨੌਜਵਾਨਾਂ ਨੇ ਪਰਵਾਸ 'ਤੇ ਆਪਣੀਆਂ ਉਮੀਦਾਂ ਲਾਈਆਂ ਸਨ, ਉਹ ਸ਼ਾਇਦ ਉਸ ਭਰਮ ਨੂੰ ਫਿੱਕਾ ਪੈਂਦਾ ਦੇਖਣਗੇ ਅਤੇ ਬਹੁਤ ਸਾਰੇ ਆਪਣੇ ਆਪ ਨੂੰ ਵਾਪਸੀ ਦੀ ਉਡਾਣ 'ਚ ਬੈਠੇ ਤੇ 'ਪੱਛਮ ਵੱਲ ਭੱਜਣ' ਦੇ ਮੌਕੇ ਤੋਂ ਖੁੰਝਿਆ ਹੋਇਆ ਪਾਉਣਗੇ। ਉਨ੍ਹਾਂ ਨੂੰ ਇੱਥੇ ਉਮੀਦ ਤੇ ਮੌਕਾ ਲੱਭਣਾ ਚਾਹੀਦਾ ਹੈ ਅਤੇ ਅਸਲੋਂ ਮਹਾਨ ਰਾਸ਼ਟਰ ਦੇ ਨਿਰਮਾਣ ਦਾ ਹਿੱਸਾ ਬਣਨਾ ਚਾਹੀਦਾ ਹੈ।

ਵਾਪਸ ਆਉਣ ਵਾਲੇ ਨੌਜਵਾਨਾਂ ਦੀ ਵੱਡੀ ਗਿਣਤੀ ਅਤੇ ਪਹਿਲਾਂ ਤੋਂ ਇੱਥੇ ਬੇਰੁਜ਼ਗਾਰ ਬੈਠੇ ਨੌਜਵਾਨਾਂ ਨੂੰ ਹੜ੍ਹਾਂ ਤੇ ਸਰਕਾਰੀ ਨਾਲਾਇਕੀ ਨਾਲ ਤਬਾਹ ਹੋਈ ਜ਼ਮੀਨ ਦਾ ਸਾਹਮਣਾ ਕਰਨਾ ਪਵੇਗਾ। ਮੈਂ ਅਜਿਹੇ ਲੁਟੇਰਿਆਂ ਨੂੰ ਇਨ੍ਹਾਂ ਨੌਜਵਾਨਾਂ ਦੀ ਉਡੀਕ 'ਚ ਬੈਠੇ ਦੇਖ ਸਕਦਾ ਹਾਂ ਜਿਹੜੇ ਇਨ੍ਹਾਂ ਨੂੰ ਆਪਣੇ ਅਪਰਾਧਕ ਗਰੋਹਾਂ, ਅਤਿਵਾਦੀ ਸੰਗਠਨਾਂ ਲਈ ਵਰਤਣਗੇ। ਸਰਕਾਰ ਨੂੰ ਮੁੜ ਵਸੇਬੇ ਦੇ ਵਿਆਪਕ ਕਾਰਜ ਦਾ ਸਾਹਮਣਾ ਕਰਨਾ ਪਵੇਗਾ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਇਸ ਵੱਡੇ ਸਮੂਹ ਨੂੰ ਜਜ਼ਬ ਕਰਨ ਲਈ ਯੋਜਨਾ ਤਿਆਰ ਕਰਨੀ ਪਵੇਗੀ। ਇਹ ਕੰਮ ਜਵਾਨ ਤੇ ਬੁੱਧੀਮਾਨ ਨੌਕਰਸ਼ਾਹਾਂ ਦੇ ਗਰੁੱਪ ਦੇ ਨਾਲ ਕਾਰਪੋਰੇਟ ਜਗਤ 'ਚੋਂ ਚੁਣੇ ਗਏ ਵਿਅਕਤੀਆਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸਿਆਸਤਦਾਨਾਂ ਨੂੰ ਇਸ ਕੋਸ਼ਿਸ਼ ਵਿੱਚ ਉਹੀ ਊਰਜਾ ਤੇ ਤਰਕੀਬ ਵਰਤਣੀ ਚਾਹੀਦੀ ਹੈ ਜੋ ਉਹ ਚੋਣਾਂ ਦੌਰਾਨ ਵਰਤਦੇ ਹਨ।

ਆਖ਼ਿਰੀ ਗੱਲ: ਜਲਵਾਯੂ ਤਬਦੀਲੀ ਸਿਰ 'ਤੇ ਹੈ, ਭਾਵੇਂ ਡੋਨਲਡ ਟਰੰਪ ਇਸ 'ਤੇ ਵਿਸ਼ਵਾਸ ਕਰਦਾ ਹੈ ਜਾਂ ਨਹੀਂ। ਵਿਗਿਆਨ ਬਿਨਾਂ ਸ਼ੱਕ ਇਸ ਪਾਸੇ ਸੰਕੇਤ ਕਰ ਰਿਹਾ ਹੈ ਤੇ ਅਸੀਂ ਜ਼ਮੀਨੀ ਪੱਧਰ 'ਤੇ ਇਸ ਤਬਦੀਲੀ ਦੇ ਸਿੱਟੇ ਦੇਖ ਰਹੇ ਹਾਂ ਤੇ ਸਾਹਮਣਾ ਕਰ ਰਹੇ ਹਾਂ। ਅਸੀਂ ਪਹਿਲਾਂ ਹੀ ਬਹੁਤ ਦੇਰ ਕਰ ਚੁੱਕੇ ਹਾਂ, ਪਰ ਅਜੇ ਵੀ ਬਹੁਤ ਕੁਝ ਬਚਾਇਆ ਜਾ ਸਕਦਾ ਹੈ। ਕੀ ਮਨੁੱਖਤਾ ਇੱਕ ਵਾਰ ਲਈ ਇੱਕਜੁੱਟ ਹੋ ਸਕਦੀ ਹੈ ਅਤੇ ਆਪਣੇ ਆਪ ਨੂੰ ਆਉਣ ਵਾਲੀ ਤਬਾਹੀ ਤੋਂ ਬਚਾ ਸਕਦੀ ਹੈ?

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ

# ਪਰਵਾਸੀ ਮਜ਼ਦੂਰਾਂ ਵਿਰੁੱਧ ਕਿਉਂ ਫੁੱਟਿਆ ਪੰਜਾਬੀਆਂ ਦਾ ਗੁੱਸਾ?

ਪਰਵਾਸੀ ਮਜ਼ਦੂਰ ਦਹਾਕਿਆਂ ਤੋਂ ਪੰਜਾਬ ਦੇ ਖੇਤੀ ਅਤੇ ਸਨਅਤੀ ਜਗਤ ਦਾ ਅਹਿਮ ਹਿੱਸਾ ਰਹੇ ਹਨ। ਪਰ ਬੀਤੇ ਕੁਝ ਮਹੀਨਿਆਂ ਦੌਰਾਨ ਕੁਝ ਅਜਿਹੀਆਂ ਅਣਸੁਖਾਵੀਆਂ ਘਟਨਾਵਾਂ ਹੋਈਆਂ ਕਿ ਪਰਵਾਸੀ ਮਜ਼ਦੂਰਾਂ ਨੂੰ ਲੈ ਕੇ ਪੰਜਾਬ ਦੇ ਕਈ ਪਿੰਡਾਂ ਵਿੱਚ ਮਾਹੌਲ ਤਣਾਅਪੂਰਨ ਬਣ ਗਿਆ ਤਾਜ਼ਾ ਘਟਨਾ 9 ਸਤੰਬਰ ਦੀ ਹੈ ਜਦੋਂ ਹੁਸ਼ਿਆਰਪੁਰ ਵਿਚ ਇੱਕ 5 ਸਾਲਾ ਬੱਚੇ ਦੇ ਕਥਿਤ ਕਤਲ ਦੇ ਮਾਮਲੇ ਵਿੱਚ ਇੱਕ ਪਰਵਾਸੀ ਮਜ਼ਦੂਰ ਦੀ ਗ੍ਰਿਫ਼ਤਾਰੀ ਹੋਈ। ਇਸ ਘਟਨਾ ਤੋਂ ਬਾਅਦ ਹੁਸ਼ਿਆਰਪੁਰ ਹੀ ਨਹੀਂ ਹੋਰ ਜ਼ਿਲ੍ਹਿਆਂ ਵਿੱਚ ਵੀ ਵੱਡੀ ਗਿਣਤੀ ਲੋਕਾਂ ਨੇ ਪਰਵਾਸੀ ਮਜ਼ਦੂਰਾਂ ਉੱਤੇ ਭਰੋਸਾ ਕਰਨ ਸਬੰਧੀ ਸਵਾਲ ਖੜੇ ਕੀਤੇ। ਕਈ ਪਿੰਡਾਂ ਦੀਆਂ ਪੰਚਾਇਤਾਂ ਨੇ ਉਨ੍ਹਾਂ ਖ਼ਿਲਾਫ਼ ਮਤੇ ਪਾਏ। ਇਨ੍ਹਾਂ ਮਤਿਆਂ ਵਿੱਚ ਪਰਵਾਸੀ ਮਜ਼ਦੂਰਾਂ ਨੂੰ ਪਿੰਡਾਂ ਦੇ ਅੰਦਰ ਰਿਹਾਇਸ਼ ਨਾ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਥਾਨਕ ਅਧਾਰ ਕਾਰਡ ਅਤੇ ਵੋਟਰ ਆਈਡੀ ਕਾਰਡ ਨਾ ਬਣਵਾਉਣ ਦੇਣ ਵਰਗੇ ਮੁੱਦੇ ਸ਼ਾਮਲ ਸਨ।

ਜਲੰਧਰ ਰੇਂਜ ਦੇ ਡੀਆਈਜੀ ਨਵੀਨ ਸਿੰਗਲਾ ਨੇ ਇਸ ਘਟਨਾਕ੍ਰਮ ਬਾਰੇ ਦੱਸਿਆ ਕਿ ਉਨ੍ਹਾਂ ਕੋਲ ਇੱਕ ਬੱਚੇ ਦੇ ਗੁੰਮ ਹੋ ਜਾਣ ਦਾ ਜਾਣ ਕਾਰੀ ਆਈ ਸੀ। ਇੱਕ 5 ਸਾਲ ਦਾ ਬੱਚਾ ਹੁਸ਼ਿਆਰਪੁਰ ਦੇ ਨਿਊ ਦੀਪ ਨਗਰ ਇਲਾਕੇ ਤੋਂ ਗੁੰਮ ਸੀ। "ਅਸੀਂ ਫ਼ੌਰਨ ਆਪਣੀ ਪੁਲਿਸ ਅਤੇ ਸੀਆਈਏ ਦੀ ਟੀਮ ਨੂੰ ਭਾਲ 'ਤੇ ਲਾਇਆ। ਸੀਸੀਟੀਵੀ ਫ਼ੁਟੇਜ਼ ਤੋਂ ਸਾਨੂੰ ਕੁਝ ਜਾਣਕਾਰੀ ਮਿਲੀ ਅਤੇ ਅਸੀਂ ਇੱਕ ਸ਼ੱਕੀ ਵਿਅਕਤੀ ਦੀ ਨਿਸ਼ਾਨਦੇਹੀ ਕਰ ਸਕੇ।" ਖੋਜਬੀਨ ਤੋਂ ਬਾਅਦ ਬੱਚੇ ਦੀ ਮ੍ਰਿਤਕ ਦੇਹ ਹੁਸ਼ਿਆਰਪੁਰ ਦੀ ਸਬਜ਼ੀ ਮੰਡੀ ਤੋਂ ਬਰਾਮਦ ਕੀਤੀ ਗਈ ਹੈ। ਪੁਲਿਸ ਦੀ ਐੱਫਆਈਆਰ ਮੁਤਾਬਕ ਸ਼ੱਕੀ ਵਿਅਕਤੀ ਉੱਤਰ ਪ੍ਰਦੇਸ਼ ਦੇ ਗੋਂਡਾ ਦਾ ਮੂਲ ਨਿਵਾਸੀ ਹੈ ਤੇ ਫਿਲਹਾਲ ਉਹ ਨਿਆਂਇਕ ਹਿਰਾਸਤ ਵਿੱਚ ਹੈ।

ਬੱਚੇ ਦੇ ਪਿਤਾ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਪਰਿਵਾਰ ਨਾਲ ਭਾਮੋਕੀ ਪਿੰਡ ਵਿੱਚ ਰਹਿੰਦੇ ਹਨ ਅਤੇ ਹੁਸ਼ਿਆਰਪੁਰ ਰੋਜ਼ੀ-ਰੋਟੀ ਦੇ ਸਿਲਸਿਲੇ ਵਿੱਚ ਗਏ ਸੀ। "ਅਸੀਂ ਤਾਂ ਉੱਥੇ ਕਮਾਈ ਲਈ ਗਏ ਸੀ ਪਰ ਵਾਪਸ ਆਪਣਾ ਸਾਰਾ ਕੁਝ ਗੁਆ ਕੇ ਆਏ ਹਾਂ।" "ਉਸ ਦਿਨ ਤਕਰੀਬਨ ਸਾਢੇ ਪੰਜ ਵਜੇ ਮੇਰੀ ਪਤਨੀ ਨੇ ਫ਼ੋਨ ਕੀਤਾ ਕਿ ਹਰਵੀਰ ਨਹੀਂ ਲੱਭ ਰਿਹਾ। ਮੈਂ ਕੰਮ ਤੋਂ ਵਾਪਸ ਆਕੇ ਭਾਲ ਸ਼ੁਰੂ ਕੀਤੀ। ਕਿਸੇ ਮਜ਼ਦੂਰ ਨੇ ਦੱਸਿਆ ਕਿ ਕੋਈ ਵਿਅਕਤੀ ਸਕੂਟਰੀ ਉੱਤੇ ਉਸ ਨੂੰ ਲੈਕੇ ਗਿਆ ਹੈ।"

"ਫ਼ਿਰ ਅਸੀਂ ਪੁਲਿਸ ਕੋਲ ਰਿਪੋਰਟ ਕੀਤਾ ਅਤੇ ਰਾਤ ਕਰੀਬ ਸਾਢੇ 9 ਵਜੇ ਪੁਲਿਸ ਨੇ ਦੱਸਿਆ ਕਿ ਬੱਚਾ ਮ੍ਰਿਤ ਹਾਲਤ ਵਿੱਚ ਮਿਲਿਆ ਹੈ। ਹਰਵੀਰ ਦੀ ਮਾਂ ਕੁਲਵਿੰਦਰ ਕੌਰ ਨੇ ਦੱਸਿਆ ਕਿ ਉਹ ਆਪਣੀ ਭੈਣ ਨਾਲ ਗੁਰਦੁਆਰੇ ਗਿਆ ਸੀ। ਪਰ ਵਾਪਸ ਨਹੀਂ ਆਇਆ।

ਇਸ ਘਟਨਾ ਤੋਂ ਬਾਅਦ ਕਈ ਪਿੰਡਾਂ ਵਿੱਚ ਪਰਵਾਸੀ ਮਜ਼ਦੂਰਾਂ ਦੇ ਵਿਰੁੱਧ ਮਤੇ ਪਾਏ ਗਏ ਸਨ। ਹੁਸ਼ਿਆਰਪੁਰ ਦੇ ਪਿੰਡ ਬਜੌੜਾ ਕਲਾਂ ਸਰਪੰਚ ਰਾਜੇਸ਼ ਕੁਮਾਰ ਨੇ ਕਿਹਾ, "9 ਸਤੰਬਰ ਦੀ ਘਟਨਾ ਤੋਂ ਬਾਅਦ ਸਾਡੀ ਪੰਚਾਇਤ ਨੇ ਮਤਾ ਪਾਸ ਕੀਤਾ ਕਿ ਜਿਸ ਤਹਿਤ ਵਿਅਕਤੀ ਕੋਲ ਸਾਡੇ ਪਿੰਡ ਬਜੌੜਾ ਕਲਾਂ, ਹੁਸ਼ਿਆਰਪੁਰ ਦੇ ਵਾਸੀ ਹੋਣ ਦੀ ਕਾਨੂੰਨੀ ਸ਼ਨਾਖ਼ਤ ਨਹੀਂ ਹੈ ਉਸ ਨੂੰ ਵਾਪਸ ਪਰਤਣ ਲਈ ਕਿਹਾ ਗਿਆ ਹੈ।" ਉਨ੍ਹਾਂ ਕਿਹਾ, "ਸਾਡੇ ਪਿੰਡ ਵਿੱਚ ਕਈ ਅਜਿਹੇ ਵੀ ਪਰਵਾਸੀ ਹਨ ਜੋ ਇੱਥੇ ਕਈ ਸਾਲਾਂ ਤੋਂ ਰਹਿ ਰਹੇ ਹਨ ਅਤੇ ਉਨ੍ਹਾਂ ਕੋਲ ਯੋਗ ਅਧਾਰ ਕਾਰਡ ਜਾਂ ਹੋਰ ਸ਼ਨਾਖ਼ਤੀ ਕਾਰਡ ਹਨ ਉਨ੍ਹਾਂ ਦੇ ਇੱਥੇ ਰਹਿਣ ਉੱਤੇ ਸਾਨੂੰ ਕੋਈ ਇਤਰਾਜ਼ ਨਹੀਂ ਹੈ।" ਬਜੌੜਾ ਕਲਾਂ ਦੀ ਪੰਚ ਸੰਤੋਸ਼ ਕੁਮਾਰੀ ਨੇ ਕਿਹਾ ਕਿ ਇਹ ਮਤਾ 10 ਸਤੰਬਰ ਨੂੰ ਪਾਇਆ ਗਿਆ ਸੀ ਅਤੇ ਆਮ ਲੋਕਾਂ ਵੱਲੋਂ ਇਜਲਾਸ ਸੱਦਣ ਤੋਂ ਬਾਅਦ ਲਿਖਤੀ ਮਤਾ ਪਾਇਆ ਗਿਆ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਗਹਿਰੀ ਦੇਵੀ ਨਗਰ (ਗਹਿਰੀ ਬਾਗੀ) ਦੇ ਗੁਰਦੁਆਰਾ ਸਾਹਿਬ ਤੋਂ ਪਿੰਡ ਵਾਸੀਆਂ ਨੂੰ ਇਕੱਠੇ ਹੋਣ ਲਈ ਅਨਾਉਂਸਮੈਂਟ ਕੀਤੀ ਗਈ। ਪਿੰਡ ਦੇ ਸਰਪੰਚ ਬਲਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਚਾਇਤ ਨੇ ਲਿਖਤੀ ਮਤਾ ਪਾਇਆ ਹੈ ਜਿਸ ਮੁਤਾਬਕ ਕਿਸੇ ਵੀ ਪਰਵਾਸੀ ਮਜ਼ਦੂਰ ਨੂੰ ਪਿੰਡ ਵਿੱਚ ਮਕਾਨ ਜਾਂ ਜ਼ਮੀਨ ਲੈਣ ਦੀ ਇਜ਼ਾਜਤ ਨਹੀਂ ਹੋਵੇਗੀ। ਉਹ ਇੱਥੇ ਵੋਟ ਨਹੀਂ ਬਣਵਾ ਸਕਣਗੇ। "ਜੋ ਵੀ ਪਰਵਾਸੀ ਮਜ਼ਦੂਰ ਪਿੰਡ ਵਿੱਚ ਕੰਮ ਲਈ ਆਉਂਦਾ ਹੈ ਉਹ ਪਿੰਡ ਤੋਂ ਬਾਹਰ ਬਣੀ ਮੋਟਰ ਜਾਂ ਹੋਰ ਥਾਂ ਉੱਤੇ ਹੀ ਰਹਿ ਸਕੇਗਾ।" "ਜੋ ਵੀ ਪਰਵਾਸੀ ਮਜ਼ਦੂਰ ਪਿੰਡ ਵਿੱਚ ਲੰਬੇ ਸਮੇਂ ਲਈ ਕੰਮ ਵਾਸਤੇ ਆਵੇਗਾ ਉਸ ਨੂੰ ਪੁਲਿਸ ਵੇਰੀਫ਼ੀਕੇਸ਼ਨ ਕਰਵਾਉਣੀ ਪਵੇਗੀ।" ਇਸ ਤਰ੍ਹਾਂ ਦੇ ਮਤੇ ਹੋਰ ਪਿੰਡਾਂ ਵਿੱਚ ਪਾਏ ਗਏ ਸਨ ਜਿਨ੍ਹਾਂ ਵਿੱਚ ਮੁੱਖ ਮੰਗ ਸ਼ਨਾਖ਼ਤ ਤੋਂ ਬਿਨ੍ਹਾਂ ਪਿੰਡ ਵਿੱਚ ਰਹਿਣ ਦੀ ਇਜ਼ਾਜਤ ਨਾ ਦੇਣ ਦੀ ਹੈ।

ਹੁਸ਼ਿਆਰਪੁਰ ਦੀ ਘਟਨਾ ਦੇ ਰੋਸ ਵੱਜੋਂ ਕੁਝ ਨੌਜਵਾਨਾਂ ਨੇ ਮੋਹਾਲੀ ਦੇ ਕੁਰਾਲੀ ਵਿੱਚ ਪਰਵਾਸੀਆਂ ਖ਼ਿਲਾਫ਼ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਵਿੱਚ ਹਿੱਸਾ ਲੈਣ ਪਹੁੰਚੇ ਵਿੱਚ ਹਿੱਸਾ ਲੈਣ ਪਹੁੰਚੇ ਪ੍ਰਦੀਪ ਸਿੰਘ ਨੇ ਕਿਹਾ ਕਿ ਪਰਵਾਸੀਆਂ ਨੂੰ ਲੈ ਕੇ ਉਨ੍ਹਾਂ ਦੀ ਮੰਗ ਹੈ ਕਿ ਉਹ ਇੱਥੇ ਆ ਕੇ ਕੰਮ ਕਰਨ ਪਰ ਜਮੀਨਾਂ ਨਾ ਖਰੀਦਣ ਅਤੇ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ, "ਸਾਨੂੰ ਕਾਮਿਆਂ ਦੀ ਲੋੜ ਹੈ ਪਰ ਇਸ ਦੀ ਕੋਈ ਪ੍ਰਕਿਰਿਆ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਸ਼ਨਾਖ਼ਤ ਦੀ ਕੋਈ ਤਸਦੀਕ ਹੋਣੀ ਚਾਹੀਦੀ ਹੈ।"

ਪ੍ਰੋਫ਼ੈਸਰ ਭੁਪਿੰਦਰ ਸਿੰਘ ਬਰਾੜ ਨੇ ਗੱਲਬਾਤ ਵਿੱਚ ਕਿਹਾ, "ਪਰਵਾਸੀ ਮਜ਼ਦੂਰਾਂ ਪ੍ਰਤੀ ਵਿਰੋਧੀ ਭਾਵਨਾ ਪੰਜਾਬ ਵਿੱਚ ਅੱਜ ਦੀ ਨਹੀਂ ਹੈ ਬਲਕਿ ਇਹ ਪਿਛਲੇ ਕੁਝ ਦਹਾਕਿਆਂ ਵਿੱਚ ਹੌਲੀ-ਹੌਲੀ ਵਧੀ ਹੈ।" "ਵਿਰੋਧ ਦਾ ਪ੍ਰਗਟਾਵਾ ਚਾਹੇ ਸਮਾਜਿਕ ਜਾਂ ਸਿਆਸੀ ਤੌਰ ਉੱਤੇ ਹੋ ਰਿਹਾ ਹੈ ਪਰ ਅਸਲ ਮੁਖ਼ਾਲਫ਼ਤ ਦਾ ਕਾਰਨ ਆਰਥਿਕ ਹੈ।" "ਪਰਵਾਸੀ ਮਜ਼ਦੂਰਾਂ ਦੀ ਪੰਜਾਬ ਵਿੱਚ ਆਮਦ ਵੀ ਹਰੀ ਕ੍ਰਾਂਤੀ ਦੇ ਦੌਰ ਵਿੱਚ ਹੋਈ। ਹਰੀ ਕ੍ਰਾਂਤੀ ਵਿੱਚ ਵਿੱਚ ਆਰਥਿਕ ਖ਼ੁਸ਼ਹਾਲੀ ਲੈ ਕੇ ਆਈ, ਮਜ਼ਦੂਰਾਂ ਦੀ ਕਮੀ ਅਤੇ ਪੰਜਾਬ ਦੇ ਕਿਸਾਨਾਂ ਨੇ ਹੋਰ ਸੂਬਿਆਂ ਤੋਂ ਆਉਣ ਵਾਲੇ ਖੇਤ ਮਜ਼ਦੂਰਾਂ ਦਾ ਖੁੱਲ੍ਹ ਕੇ ਸਵਾਗਤ ਕੀਤਾ।"


ਬਰਾੜ ਨੇ ਕਿਹਾ, "ਮੌਜੂਦਾ ਸਥਿਤੀ ਕੁਝ ਬਦਲ ਗਈ ਹੈ। ਹੁਣ ਪਰਵਾਸੀ ਮਜ਼ਦੂਰਾਂ ਨੂੰ ਇੱਥੇ ਰੱਖਣ ਦੇ ਆਰਥਿਕ ਕਾਰਨ ਨੇਂ ਨਹੀਂ ਰਹੇ ਹਨ। ਅਤੇ ਉਨ੍ਹਾਂ ਦੀ ਵੱਧਦੀ ਗਿਣਤੀ ਸਾਨੂੰ ਚੁਭਦੀ ਹੈ।" ਉਨ੍ਹਾਂ ਕਿਹਾ ਕਿ ਇਹ ਵਰਤਾਰਾ ਹਰ ਥਾਂ ਵਾਪਰਦਾ ਹੈ। ਉਨ੍ਹਾਂ ਕੈਨੇਡਾ, ਅਮਰੀਕਾ ਵਰਗੇ ਮੁਲਕਾਂ ਵਿੱਚ ਪਰਵਾਸ ਕਰਕੇ ਗਏ ਪੰਜਾਬੀਆਂ ਦਾ ਹਵਾਲਾ ਦਿੱਤਾ। "ਜਦੋਂ ਯੂਰਪੀਅਨ ਮੁਲਕਾਂ ਨੂੰ ਸਸਤੀ ਲੇਬਰ ਦੀ ਲੋੜ ਸੀ ਤਾਂ ਉਨ੍ਹਾਂ ਨੂੰ ਪੰਜਾਬੀ ਚੰਗੇ ਲੱਗਦੇ ਸੀ। ਉਨ੍ਹਾਂ ਨੂੰ ਸਹੂਲਤਾ ਦਿੱਤੀਆਂ ਗਈਆਂ ਪਰ ਹੁਣ ਆਰਥਿਕ ਕਾਰਨਾਂ ਕਰਕੇ ਹੀ ਇਹ ਮੁਲਕ ਪਰਵਾਸ ਪ੍ਰਤੀ ਸਖ਼ਤ ਰੁਖ਼ ਅਪਣਾ ਰਹੇ ਹਨ।" ਇਹ ਪੁੱਛੇ ਜਾਣ ਉੱਤੇ ਕਿ ਪੰਜਾਬ ਵਰਗੇ ਸੂਬੇ ਨੂੰ ਪਰਵਾਸੀ ਮਜ਼ਦੂਰਾਂ ਦੀ ਕਿੰਨੀ ਲੋੜ ਹੈ। ਪ੍ਰੋਫ਼ੈਸਰ ਬਰਾੜ ਨੇ ਕਿਹਾ,"ਹਾਲਾਤ ਤਾਂ ਇਹ ਹਨ ਕਿ ਜੇ ਪਰਵਾਸੀ ਮਜ਼ਦੂਰ ਨਾ ਹੋਣ ਤਾਂ ਸਾਡੀ ਆਰਥਿਕਤਾ ਠੱਪ ਹੋ ਜਾਵੇਗੀ।"

# ਪੰਜਾਬ 'ਚ ਪ੍ਰਵਾਸੀ ਮਜਦੂਰ ਦੀ ਕਰਤੂਤ

**ਡਾ. ਸੁਖਰਾਜ ਸਿੰਘ ਬਾਜਵਾ**

ਹਾਲ ਹੀ ਵਿਚ ਹੁਸ਼ਿਆਰਪੁਰ ਦੇ ਮੁਹੱਲਾ ਦੀਪ ਨਗਰ ਦੇ ਰਹਿਣ ਵਾਲੇ ਇਕ ਪੰਜ ਸਾਲ ਦੇ ਮਾਸੂਮ ਬੱਚੇ ਦੇ ਕਤਲ ਦੀ ਘਟਨਾ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਤਲ ਨੂੰ ਏਨੀ ਬੇਰਹਿਮੀ ਨਾਲ ਅੰਜਾਮ ਦਿੱਤਾ ਗਿਆ ਕਿ ਦੇਖ ਕੇ ਹਰ ਕਿਸੇ ਦੀ ਰੂਹ ਕੰਬ ਰਹੀ ਸੀ। ਇਸ ਘਟਨਾ ਨੇ ਦਿੱਲੀ ਵਿਚ ਹੋਏ ਨਿਰਭੈਆ ਕਾਂਡ ਦੀ ਯਾਦ ਦਿਵਾ ਦਿੱਤੀ ਹੈ। ਘਟਨਾ ਨੂੰ ਅੰਜਾਮ ਇੰਨੀ ਹੈਵਾਨੀਅਤ ਨਾਲ ਦਿੱਤਾ ਗਿਆ ਕਿ ਖ਼ੁਦ ਪੁਲਿਸ ਮੁਲਾਜ਼ਮ ਰੋਂਦੇ ਵੇਖੇ ਗਏ। ਕਾਤਲ, ਜਿਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਉਸ ਬਾਰੇ ਜਾਣਕਾਰੀ ਮਿਲੀ ਹੈ ਕਿ ਉਹ ਪਹਿਲਾਂ ਵੀ ਬਲਾਤਕਾਰ ਦੇ ਮਾਮਲੇ ਵਿਚ ਸਜ਼ਾ ਕੱਟ ਕੇ ਆਇਆ ਹੈ। ਕਾਤਲ ਪਰਵਾਸੀ ਸੀ ਜੋ ਪੰਜਾਬ ਵਿਚ ਆਉਣ ਤੋਂ ਪਹਿਲਾਂ ਕਈ ਅਪਰਾਧ ਕਰ ਚੁੱਕਾ ਸੀ। ਇਸ ਘਟਨਾ ਤੋਂ ਬਾਅਦ ਲੋਕਾਂ ਵਿਚ ਰੋਹ ਜਾਗਣਾ ਸੁਭਾਵਕ ਹੈ। ਉਹ ਪਰਵਾਸੀਆਂ ਖ਼ਿਲਾਫ਼ ਹੋ ਗਏ ਹਨ। ਇਸ ਸਭ ਵਿਚ ਕਈ ਧਿਰਾਂ ਕਸੂਰਵਾਰ ਹਨ ਪਰ ਸਭ ਤੋਂ ਵੱਡਾ ਦੋਸ਼ ਹੈ ਪੁਲਿਸ ਅਤੇ ਪ੍ਰਸ਼ਾਸਨ ਦਾ। ਹੋਰ ਸੂਬਿਆਂ ਦੇ ਬਹੁਤ ਸਾਰੇ ਜ਼ਰਾਇਮ ਪੇਸ਼ਾ ਲੋਕਾਂ ਲਈ ਪੰਜਾਬ ਇਕ ਸੁਰੱਖਿਅਤ ਰਹਿਣ ਦੀ ਜਗ੍ਹਾ ਬਣ ਗਿਆ ਹੈ। ਇੱਥੇ ਜਿੰਨੇ ਵੀ ਪਰਵਾਸੀ ਰਹਿੰਦੇ ਹਨ, ਕਦੇ ਵੀ ਪੁਲਿਸ ਜਾਂ ਪ੍ਰਸ਼ਾਸਨ ਨੇ ਉਨ੍ਹਾਂ ਦੇ ਪਿਛੋਕੜ ਬਾਰੇ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿਚ ਹੋ ਰਹੀਆਂ ਚੋਰੀਆਂ, ਲੁੱਟਾਂ-ਖੋਹਾਂ, ਕਤਲਾਂ ਅਤੇ ਨਸ਼ਾਖੋਰੀ ਪਿੱਛੇ ਕਿਸ ਦਾ ਵੱਡਾ ਹੱਥ ਹੈ, ਇਹ ਕਦੇ ਵੀ ਪਤਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਬਹੁਤੀ ਵਾਰ ਇਹ ਪਰਵਾਸੀ ਆਪਣੇ ਰਾਜ ਵਿਚ ਅਪਰਾਧ ਕਰ ਕੇ ਪੰਜਾਬ ਵਿਚ ਆ ਕੇ ਰਹਿਣ ਲੱਗ ਜਾਂਦੇ ਹਨ ਅਤੇ ਇੱਥੇ ਆਪਣੇ ਨਵੇਂ ਪਛਾਣ ਪੱਤਰ ਬਣਵਾ ਲੈਂਦੇ ਹਨ। ਜ਼ਿਆਦਾ ਕਰਕੇ ਉਹ ਦੋ-ਦੋ ਪਛਾਣ ਪੱਤਰ ਲਈ ਫਿਰਦੇ ਹਨ ਅਤੇ ਇਸ ਮਾਮਲੇ ਵਿਚ ਪ੍ਰਸ਼ਾਸਨ ਨੇ ਕਦੇ ਵੀ ਜਾਂਚ-ਪੜਤਾਲ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਹੁਣ ਜਦ ਪੰਜਾਬ ਵਿਚ ਇਨ੍ਹਾਂ ਖ਼ਿਲਾਫ਼ ਆਵਾਜ਼ ਉੱਠਣ ਲੱਗੀ ਹੈ ਤਾਂ ਪੁਲਿਸ ਅਤੇ ਪ੍ਰਸ਼ਾਸਨ ਸਥਾਨਕ ਲੋਕਾਂ ਨੂੰ ਦਬਾਉਣ ਲੱਗੇ ਹਨ ਅਤੇ ਲੀਡਰਾਂ ਦੀ ਸ਼ਹਿ 'ਤੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦੇਣ ਲੱਗ ਪਏ ਹਨ। ਸਾਨੂੰ ਹਾਲੇ ਵੀ ਸਮਝ ਤੋਂ ਕੰਮ ਲੈਂਦੇ ਹੋਏ ਆਪਣੇ ਪੰਜਾਬ ਨੂੰ ਸੰਭਾਲਣ ਦੀ ਲੋੜ ਹੈ।

ਨਵੀਂ ਪੀੜ੍ਹੀ ਨੂੰ ਵਿਦੇਸ਼ ਦਾ ਮੋਹ ਤਿਆਗਣਾ ਚਾਹੀਦਾ ਹੈ। ਆ ! ਆਪਣਾ ਪੰਜਾਬੀ ਸੂਬਾ ਸੰਭਾਲ ਲਈਏ, ਪੰਜਾਬੀਅਤ ਨੂੰ ਜਿਉਂਦਾ ਰੱਖ ਲਈਏ। ਉਸ ਬੱਚੇ ਨੂੰ ਤਾਂ ਅਸੀਂ ਵਾਪਸ ਨਹੀਂ ਲਿਆ ਸਕਦੇ ਪਰ ਹੋਰ ਕਿਸੇ ਦੀ ਕੁੱਖ ਇਸ ਤਰ੍ਹਾਂ ਨਾ ਉੱਜੜੇ, ਇਸ ਲਈ ਸਾਨੂੰ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਪੰਜਾਬ ਦੀ ਹੋਂਦ ਬਚਾਉਣੀ ਪੈਣੀ ਹੈ। ਸਾਨੂੰ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਵਾਰਿਸ ਬਣਨਾ ਪੈਣਾ ਹੈ।


'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

## ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Biochemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

## ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ: 510-434-4263

## ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

## ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

## ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

## ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

## ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)


# ਰਾਹੁਲ ਗਾਂਧੀ ਨੇ ਹੜ੍ਹਾਂ ਦੇ ਝੰਬੇ ਪੰਜਾਬ ਲਈ 20,000 ਕਰੋੜ ਦੀ ਰਾਹਤ ਮੰਗੀ

ਅੰਮ੍ਰਿਤਸਰ- ਕਾਂਗਰਸੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਕੇਂਦਰ ਦੇ 1,600 ਕਰੋੜ ਰੁਪਏ ਦੇ ਰਾਹਤ ਪੈਕੇਜ ਨੂੰ 'ਬਹੁਤ ਵੱਡਾ ਅਨਿਆਂ' ਦੱਸਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਵਿਚ ਪੰਜਾਬ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਮੰਗੀ ਹੈ। ਗਾਂਧੀ ਨੇ ਸਖ਼ਤ ਸ਼ਬਦਾਂ ਵਾਲੇ ਪੱਤਰ ਵਿੱਚ ਆਪਣੀ ਹਾਲੀਆ ਪੰਜਾਬ ਫੇਰੀ ਦੌਰਾਨ ਦੇਖੀ ਗਈ ਤਬਾਹੀ ਨੂੰ 'ਹੈਰਾਨ ਕਰਨ ਵਾਲੀ' ਦੱਸਿਆ। ਪੱਤਰ ਵਿਚ ਚਾਰ ਲੱਖ ਏਕੜ ਤੋਂ ਵੱਧ ਝੋਨੇ ਦੀ ਫਸਲ ਦੇ ਨੁਕਸਾਨ, 10 ਲੱਖ ਤੋਂ ਵੱਧ ਜਾਨਵਰਾਂ ਦੀ ਮੌਤ ਅਤੇ



ਲੱਖਾਂ ਪਰਿਵਾਰਾਂ ਦੇ ਉਜਾੜੇ ਦਾ ਹਵਾਲਾ ਦਿੱਤਾ ਗਿਆ ਹੈ। ਗਾਂਧੀ ਨੇ ਕਿਹਾ ਕਿ ਇਨ੍ਹਾਂ ਵਿਚੋਂ ਬਹੁਤੇ ਲੋਕ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੇ ਸਨ। ਉਨ੍ਹਾਂ ਕਿਹਾ ਕਿ ਤਬਾਹੀ ਇੰਨੇ ਵੱਡੇ ਪੈਮਾਨੇ 'ਤੇ ਹੋਈ ਹੈ ਕਿ ਪਿੰਡਾਂ ਦੇ ਪਿੰਡ ਇਕ ਦੂਜੇ ਨਾਲੋਂ ਕੱਟੇ ਗਏ ਹਨ ਅਤੇ ਖੇਤੀਬਾੜੀ ਜ਼ਮੀਨ ਖੇਤੀਯੋਗ ਨਹੀਂ ਰਹੀ। ਉਨ੍ਹਾਂ ਕਿਹਾ ਕਿ ਇਸ ਦੁਖਾਂਤ ਲਈ ਕੇਂਦਰ ਸਰਕਾਰ ਤੋਂ ਬਹੁਤ ਦਲੇਰਾਨਾ ਪ੍ਰਤੀਕਿਰਿਆ ਦੀ ਲੋੜ ਹੈ। ਗਾਂਧੀ ਨੇ ਲਿਖਿਆ, "ਹੜ੍ਹ ਨੇ ਨੇੜ ਭਵਿੱਖ ਵਿੱਚ ਜ਼ਮੀਨ ਦੇ ਵੱਡੇ ਹਿੱਸੇ ਨੂੰ ਖੇਤੀਯੋਗ ਨਹੀਂ ਰਹਿਣ ਦਿੱਤਾ ਹੈ। ਅਜੇ ਵੀ ਹਜ਼ਾਰਾਂ ਏਕੜ ਜ਼ਮੀਨ ਪਾਣੀ ਵਿੱਚ ਡੁੱਬੀ ਹੋਈ ਹੈ ਤੇ ਪਿੰਡਾਂ ਦੇ ਇਕ ਦੂਜੇ ਨਾਲੋਂ ਸੰਪਰਕ ਕੱਟੇ ਹੋਏ ਹਨ।"

ਗਾਂਧੀ ਨੇ ਪੱਤਰ ਵਿਚ ਪੰਜਾਬ ਦੇ ਲੋਕਾਂ ਦੇ ਵੱਡੇ ਦਿਲ ਤੇ ਹੌਸਲੇ ਦਾ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਕਿਸ ਤਰ੍ਹਾਂ ਭਾਈਚਾਰਿਆਂ ਨੇ 'ਆਪਣੇ ਘਰ ਅਜਨਬੀਆਂ ਲਈ ਖੋਲ੍ਹ ਦਿੱਤੇ ਅਤੇ ਜੋ ਕੁਝ ਵੀ ਉਨ੍ਹਾਂ ਕੋਲ ਸੀ ਉਸ ਨੂੰ ਸਾਂਝਾ ਕੀਤਾ।" ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਇਹ ਦਰਿਆਦਿਲੀ ਅਕਸਰ 'ਬਹੁਤ ਵੱਡਾ ਨਿੱਜੀ ਜੋਖਮ' ਪਿੰਡੇ 'ਤੇ ਹੰਢਾਉਣ ਮਗਰੋਂ ਸਾਹਮਣੇ ਆਉਂਦਾ ਹੈ ਤੇ ਤਰਾਸਦੀ ਵਿਚ ਮਨੁੱਖਤਾ ਦੇ ਸਭ ਤੋਂ ਵਧੀਆ ਰੂਪ ਨੂੰ ਦਰਸਾਉਂਦੀ ਹੈ।

### ਹਾਲੇ ਟਲਿਆ ਨਹੀਂ ਪਾਣੀ ਦਾ ਖਤਰਾ

ਭਾਰਤ ਦੇ ਪੱਛਮੀ ਹਿੱਸੇ ਤੋਂ ਮੌਨਸੂਨ ਦੀ ਵਾਪਸੀ ਆਰੰਭ ਤਾਂ ਹੋ ਗਈ ਹੈ ਪਰ ਚੱਕਰਵਾਤੀ ਸਰਗਰਮੀਆਂ ਦੇ ਚੱਲਦੇ ਇਸ ਦੇ ਪਰਤਣ ਦੀ ਰਫ਼ਤਾਰ ਰੁਕ ਗਈ ਹੈ। ਰਾਜਸਥਾਨ ਤੇ ਗੁਜਰਾਤ ਦੇ ਕੁਝ ਜ਼ਿਲ੍ਹਿਆਂ ਵਿਚ ਮੌਨਸੂਨੀ ਬਾਰਿਸ਼ ਰੁਕਣ ਤੋਂ ਬਾਅਦ ਭਾਰਤੀ ਮੌਸਮ ਵਿਭਾਗ ਨੇ ਸਮੇਂ ਸਿਰ ਵਾਪਸੀ ਦਾ ਐਲਾਨ ਵੀ ਕਰ ਦਿੱਤਾ ਸੀ ਪਰ ਇਸ ਦੇ ਬਾਵਜੂਦ ਬੰਗਾਲ ਦੀ ਖਾੜੀ ਅਤੇ ਮੱਧ ਭਾਰਤ ਵਿਚ ਬਣੇ ਘੱਟ ਦਬਾਅ ਤੇ ਚੱਕਰਵਾਤੀ ਤੰਤਰ ਨੇ ਮੌਨਸੂਨ ਨੂੰ ਰੋਕ ਕੇ ਰੱਖਿਆ ਹੈ। ਪੱਛਮੀ ਹਵਾਵਾਂ ਹੌਲੀ-ਹੌਲੀ ਇਸ ਨੂੰ ਕਮਜ਼ੋਰ ਕਰ ਰਹੀਆਂ ਹਨ, ਜਿਸ ਨਾਲ ਉੱਤਰ-ਪੱਛਮੀ ਸੂਬਿਆਂ ਵਿਚ ਹਲਕੀ ਬਾਰਿਸ਼ ਦਾ ਦੌਰ ਜਾਰੀ ਰਹਿ ਸਕਦਾ ਹੈ ਜਦਕਿ ਪੂਰਬੀ ਅਤੇ ਉੱਤਰ ਪੂਰਬੀ ਹਿੱਸਿਆਂ ਵਿਚ ਮੌਨਸੂਨ ਹਾਲੇ ਵੀ ਪੂਰੀ ਤਾਕਤ ਨਾਲ ਸਰਗਰਮ ਹੈ। ਹਾਲਾਂਕਿ 20 ਸਤੰਬਰ ਤੋਂ ਬਾਅਦ ਮੌਨਸੂਨ ਦੀ ਵਾਪਸੀ ਤੇਜ਼ੀ ਨਾਲ ਅੱਗੇ ਵਧੇਗੀ ਅਤੇ ਅਗਲੇ ਤਿੰਨ ਤੋਂ ਚਾਰ ਹਫ਼ਤਿਆਂ ਵਿਚ ਇਹ ਪੂਰੇ ਦੇਸ਼ ਤੋਂ ਵਿਦਾ ਹੋ ਜਾਵੇਗਾ।

# ਹੜ੍ਹਾਂ ਵੇਲੇ ਚਰਚਾ 'ਚ ਕਿਉਂ ਆਇਆ ਰਾਵੀ ਦਰਿਆ



ਹੜ੍ਹ ਵੇਲੇ ਚਰਚਾ 'ਚ ਕਿਉਂ ਆਇਆ ਪੰਜਾਂ ਆਬਾਂ 'ਚੋਂ ਇੱਕ 'ਆਬ' ਰਾਵੀ, ਲਹਿੰਦੇ ਅਤੇ ਚੜ੍ਹਦੇ ਪੰਜਾਬ ਲਈ ਕੀ ਹੈ 'ਰਾਵੀ ਦੀ ਕਹਾਣੀ'

ਜੇ ਇੱਥੋਂ ਕਦੇ ਰਾਵੀ ਲੰਘ ਜਾਵੇ
ਹਯਾਤੀ ਪੰਜ-ਆਬੀ ਬਣ ਜਾਵੇ
ਮੈਂ ਬੇੜੀਆਂ ਹਜ਼ਾਰ ਤੋੜ ਲਾਂ
ਮੈਂ ਪਾਣੀ ਵਿੱਚੋਂ ਸਾਹ ਨਿਚੋੜ ਲਾਂ
ਜੇ ਰਾਵੀ ਵਿੱਚ ਪਾਣੀ ਕੋਈ ਨਈਂ
ਤਾਂ ਆਪਣੀ ਕਹਾਣੀ ਕੋਈ ਨਈਂ
ਜੇ ਸੰਗ ਬੇਲੀ ਯਾਰ ਕੋਈ ਨਾ
ਤੇ ਕਿਸੇ ਨੂੰ ਸੁਣਾਣੀ ਕੋਈ ਨਈਂ

ਪਾਕਿਸਤਾਨੀ ਗਾਇਕ ਸੱਜਾਦ ਅਲੀ ਦਾ ਇਹ ਗਾਣਾ ਸ਼ਾਇਦ ਹੀ ਕਿਸੇ ਨੇ ਨਾ ਸੁਣਿਆ ਹੋਵੇ। ਸਿਰਫ਼ ਪਾਕਿਸਤਾਨ ਵਿੱਚ ਹੀ ਨਹੀਂ ਬਲਕਿ ਭਾਰਤ ਵਿੱਚ ਵੀ ਇਹ ਗਾਣਾ ਬੇਹੱਦ ਮਕਬੂਲ ਹੋਇਆ। ਸੋਸ਼ਲ ਮੀਡੀਆ 'ਤੇ ਇਸ ਗਾਣੇ ਦੀਆਂ ਹਜ਼ਾਰਾਂ ਰੀਲਜ਼ ਹੋਣਗੀਆਂ ਜਿਸ ਨੂੰ ਸਰਹੱਦ ਦੇ ਦੋਹੇਂ ਪਾਸੇ ਦੇ ਪੰਜਾਬ ਦੇ ਲੋਕਾਂ ਵੱਲੋਂ ਬਣਾਇਆ ਗਿਆ ਹੈ। ਪਰ ਦਹਾਕਿਆਂ ਬਾਅਦ ਇਹ ਗਾਣਾ ਫਿਰ ਤੋਂ ਚਰਚਾ ਵਿੱਚ ਆ ਰਿਹਾ ਹੈ ਜਦੋਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਹੜ੍ਹ ਆਏ ਹਨ।

ਇਹ ਤਬਾਹੀਕੁੰਨ ਹੜ੍ਹ ਲੋਕਾਂ ਨੂੰ ਕਾਫੀ ਨਿਰਾਸ਼ ਤਾਂ ਕਰਕੇ ਗਏ ਪਰ ਨਾਲ ਹੀ ਇਨ੍ਹਾਂ ਦੀ ਚਰਚਾ ਸੋਸ਼ਲ ਮੀਡੀਆ ਉੱਤੇ ਵੀ ਹੋਈ ਹੈ। ਕਿਸੇ ਨੇ ਤੰਜ ਨਾਲ, ਕਿਸੇ ਨੇ ਕਾਮੇਡੀ ਨਾਲ ਤਾਂ ਕਿਸੇ ਨੇ ਪਿਆਰ ਨਾਲ ਵੀ ਇਸ ਉੱਤੇ ਚਰਚਾ ਕੀਤੀ।

ਹੁਣ ਜ਼ਰਾਂ ਇਹ ਪੜ੍ਹੋ...
ਇਹ ਰਾਵੀ ਵਿੱਚ ਪਾਣੀ ਬਹੁਤ ਹੈ
ਤੇ ਇਹਦੇ ਕੋਲ ਜਾਣਾ ਮੌਤ ਹੈ
ਜੇ ਯਾਰਾਂ ਪਿੱਛੇ ਲੱਗ ਜਾ   ਗੇ
ਤੇ ਰਾਵੀ ਵਿੱਚ ਵੱਗ ਜਾ   ਗੇ
ਮੈਂ ਬੈਠਾ ਇਹ ਹੀ ਸੋਚਦਾ ਵਾਂ
ਕਿ ਗੱਡੀ ਸੱਜੇ ਹੱਥ ਮੋੜ ਲਵਾਂ...

ਅਲੀ ਹਸਨ ਸੋਨੂੰ ਨਾਮ ਦੇ ਸੋਸ਼ਲ ਮੀਡੀਆ ਯੂਜ਼ਰ ਦਾ ਇਹ ਗਾਣਾ ਕਾਫੀ ਵਾਇਰਲ ਹੋ ਰਿਹਾ ਹੈ। ਦਰਅਸਲ ਅਜਿਹੇ ਕਈ ਗਾਣੇ ਪਾਕਿਸਤਾਨ ਦੇ ਸੋਸ਼ਲ ਮੀਡੀਆ ਇਨਫ਼ਲੂਐਂਸਰਜ਼ ਵੱਲੋਂ ਬਣਾਏ ਗਏ ਹਨ ਜਿਸ ਵਿੱਚ ਰਾਵੀ ਦੇ ਪਾਣੀ ਦੇ ਸੈਲਾਬ ਵਿੱਚ ਬਦਲ ਜਾਣ ਉੱਤੇ ਤੰਜ ਕਸੇ ਗਏ ਹਨ। ਰਾਵੀ ਵਿੱਚ ਪਾਣੀ ਇੰਨਾ ਚੜ੍ਹਿਆ ਹੋਇਆ ਹੈ ਕਿ ਇਸ ਕੋਲ ਜਾਣਾ ਖ਼ਤਰੇ ਤੋਂ ਘੱਟ ਨਹੀਂ ਹੈ ਪਰ ਫਿਰ ਵੀ ਕੁਝ ਲੋਕ ਪਾਣੀ ਨਾਲ ਭਰੇ ਰਾਵੀ ਦਰਿਆ ਦੀ ਇੱਕ ਝਲਕ ਵੇਖਣ ਨੂੰ ਜਾ ਰਹੇ ਹਨ। ਪਰ ਇਸ ਤਬਾਹੀ ਵਿਚਕਾਰ ਹੀ ਇਸ ਨੂੰ ਪਿਆਰ ਅਤੇ ਮਿਲਾਪ ਨਾਲ ਵੀ ਜੋੜਿਆ ਜਾ ਰਿਹਾ ਹੈ।

ਤਹਿਸੀਨ ਮਾਇਨਾ ਨਾਮ ਦੀ ਯੂਜ਼ਰ ਵੱਲੋਂ ਰਾਵੀ ਰਾਹੀਂ ਅਧੂਰੇ ਪ੍ਰੇਮ ਦੀ ਕਹਾਣੀ ਨੂੰ ਪੂਰਾ ਕਰਨ ਦੀ ਗੱਲ ਆਖੀ ਗਈ ...

ਇਹ ਰਾਵੀ ਪਾਣੀ-ਪਾਣੀ ਹੋ ਗਈ
ਤੇ ਪੂਰੀ ਇਹ ਕਹਾਣੀ ਹੋ ਗਈ
ਤੂੰ ਆ ਕੇ ਗਲੇ ਲਾ ਸੋਹਣਿਆ
ਜੁਦਾਈ ਵੀ ਪੁਰਾਣੀ ਹੋ ਗਈ
ਅੱਖਾਂ 'ਚ ਦਰਿਆ ਘੋਲ ਕੇ
ਮੈਂ ਬੈਠੀ ਤੇਰੀ ਰਾਹ ਖੋਲ੍ਹ ਕੇ...

ਗੀਤਾਂ-ਬੋਲੀਆਂ ਦਾ ਹਿੱਸਾ ਬਣੇ ਇਸੇ ਰਾਵੀ ਦੀ ਹੀ ਅੱਜ ਅਸੀਂ ਗੱਲ ਕਰਨ ਜਾ ਰਹੇ ਹਾਂ। ਪੰਜਾਬ ਦੇ 5 ਦਰਿਆਵਾਂ ਵਿੱਚੋਂ ਇੱਕ ਰਾਵੀ ਦਰਿਆ ਜੋ ਕਾਫੀ ਥਾਵਾਂ 'ਤੇ ਸੁੱਕ ਗਿਆ ਸੀ, ਹਾਲ ਹੀ ਵਿੱਚ ਆਏ ਭਾਰੀ ਮੀਂਹ ਕਾਰਨ ਇਸ ਦਾ ਪਾਣੀ ਚੜ੍ਹ ਆਇਆ ਹੈ। ਜਿੱਥੇ ਇੱਕ ਪਾਸੇ ਲੋਕ ਤਬਾਹੀ ਤੋਂ ਪਰੇਸ਼ਾਨ ਹਨ, ਉੱਥੇ ਦੂਜੇ ਪਾਸੇ ਲੋਕ ਵਗਦੀ ਰਾਵੀ ਦੇਖਣ ਆ ਰਹੇ ਹਨ।

### ਪੰਜਾਬ ਦੇ ਦਰਿਆ

ਪੰਜਾਬ ਯਾਨੀ ਪੰਜ-ਆਬ। ਆਬ ਯਾਨੀ ਪਾਣੀ। ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਕਿਹਾ ਜਾਂਦਾ ਸੀ। ਜੇਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ ਅਣਵੰਡੇ ਪੰਜਾਬ ਦੇ ਪੰਜ ਦਰਿਆ ਸਨ। ਵੰਡ ਤੋਂ ਬਾਅਦ 5 ਵਿੱਚੋਂ 2 ਦਰਿਆ ਜੇਹਲਮ ਅਤੇ ਚਿਨਾਬ ਪਾਕਿਸਤਾਨ ਦੇ ਹਿੱਸੇ ਆਏ ਅਤੇ ਤਿੰਨ ਦਰਿਆ ਰਾਵੀ, ਬਿਆਸ ਅਤੇ ਸਤਲੁਜ ਭਾਰਤ ਵਿਚਲੇ ਪੰਜਾਬ ਦਾ ਹਿੱਸਾ ਬਣੇ। ਪੰਜਾਬ ਦੇ ਇਹ ਦਰਿਆ ਪੰਜਾਬ ਦੀ ਸੱਭਿਆਚਾਰਕ ਅਤੇ ਆਰਥਿਕ ਪਛਾਣ ਦਾ ਅਹਿਮ ਹਿੱਸਾ ਹੈ।

ਰਾਵੀ ਦਰਿਆ ਦਾ ਮੁੱਢ ਬੱਝਦਾ ਹੈ ਹਿਮਾਚਲ ਪ੍ਰਦੇਸ਼ ਤੋਂ। ਹਿਮਾਚਲ ਤੋਂ ਜੰਮੂ, ਫਿਰ ਪੰਜਾਬ ਦੇ ਸਰਹੱਦੀ ਇਲਾਕਿਆਂ ਤੋਂ ਹੁੰਦੀ ਹੋਈ ਰਾਵੀ ਪਾਕਿਸਤਾਨ ਪੰਜਾਬ ਦੇ ਚਿਨਾਬ ਦਰਿਆ ਵਿੱਚ ਮਿਲ ਜਾਂਦੀ ਹੈ। ਰਾਵੀ ਨਾਲ ਸਰਹੱਦ ਦੇ ਦੋਵੇਂ ਪਾਸਿਆਂ ਦੇ ਪੰਜਾਬ ਦੇ ਕਿਸਾਨ ਸਿੰਜਾਈ ਕਰਦੇ ਹਨ। ਰਾਧਾਕੰਤ ਭਾਰਤੀ ਵੱਲੋਂ ਲਿਖੀ ਗਈ ਕਿਤਾਬ 'ਰਿਵਰਜ਼ ਆਫ਼ ਇੰਡੀਆ' ਦੇ ਮੁਤਾਬਕ ਰਾਵੀ ਦੀ ਸ਼ੁਰੂਆਤ ਹੁੰਦੀ ਹੈ ਕੁੱਲੂ ਤੋਂ ਅਤੇ ਫਿਰ ਤ੍ਰਿਕੋਣ ਬਣਾਉਂਦਿਆਂ ਹੋਇਆ ਪੀਰ ਪੰਜਾਲ, ਧੌਲਾਧਰ ਰੇਜੇਂਜ਼ ਤੋਂ ਹੁੰਦੀ ਹੋਈ ਮਾਧੋਪੁਰ ਰਾਹੀਂ ਪੰਜਾਬ ਵਿੱਚ ਦਾਖ਼ਲ ਹੁੰਦੀ ਹੈ। ਆਪਣੇ ਮੁੱਢ ਤੋਂ 376 ਕਿਮੀ ਦਾ ਸਫ਼ਰ ਤੈਅ ਕਰਦਿਆਂ ਅਤੇ ਅੰਮ੍ਰਿਤਸਰ ਤੋਂ 26 ਕਿਮੀ ਦੂਰ ਇਹ ਲਾਹੌਰ ਨੇੜੇ ਪਾਕਿਸਤਾਨ ਵਿੱਚ ਦਾਖ਼ਲ ਹੁੰਦੀ ਹੈ।

### ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਰਾਵੀ

ਰਾਵੀ ਜੋ ਪੰਜਾਬ ਦੇ ਪੰਜ ਆਬਾਂ 'ਚੋਂ ਇਕ ਆਬ ਹੈ, ਲੋਕਾਂ ਦੀ ਜ਼ਿੰਦਗੀ ਨੂੰ ਚਿਰਾਂ ਤੋਂ ਬਦਲ ਰਹੀ ਹੈ। ਕਈ ਸੱਭਿਆਤਾਵਾਂ ਇਸ ਦੇ ਕੰਢੇ ਆ ਕੇ ਵਸੀਆਂ ਹਨ। ਪਾਕਿਸਤਾਨ ਵਿੱਚ 'ਰਾਵੀ ਬਚਾ  ' ਨਾਮ ਦੀ ਇੱਕ ਮੁਹਿੰਮ ਚਲਾਈ ਜਾ ਰਹੀ ਹੈ। ਮੁਹਿੰਮ ਵਿੱਚ ਹਿੱਸਾ ਲੈਣ ਵਾਲਿਆਂ ਦਾ ਕਹਿਣਾ ਹੈ ਕਿ ਇੱਕ ਪਾਸੇ ਬੰਨਾਂ ਦੇ ਕਾਰਨ ਰਾਵੀ ਕਈ ਥਾਵਾਂ ਤੋਂ ਸੁੱਕ ਗਈ ਹੈ ਅਤੇ ਦੂਜੇ ਪਾਸੇ ਵਿਕਾਸ ਦੇ ਨਾਮ ਉੱਤੇ ਕੀਤੀ ਜਾ ਰਹੀ ਉਸਾਰੀ ਰਾਵੀ ਦਾ ਸਾਹ ਘੁੱਟ ਰਹੀ ਹੈ।

ਰ ਾ ਵ ੀ ਬਚਾ ਕਮੇਟੀ ਦੇ ਮੈਂਬਰ ਅਬਾਜ਼ੂਰ ਮਾਧੋ ਕਹਿੰਦੇ ਹਨ ਕਿ ਲੋਕ ਭਾਵੇਂ ਚੜ੍ਹਦੇ ਪੰਜਾਬ ਦੇ ਹੋਣ ਜਾਂ ਲਹਿੰਦੇ ਪੰਜਾਬ ਦੇ ਰਾਵੀ ਨੂੰ ਵੱਸਦਿਆਂ ਹਰ ਕੋਈ ਦੇਖਣਾ ਚਾਹੁੰਦਾ ਹੈ। ਉਹ ਕਹਿੰਦੇ ਹਨ, "ਸਾਡਾ ਜੀਵਨ ਹੀ ਰਾਵੀ ਨਾਲ ਜੁੜਿਆ ਹੋਇਆ ਹੈ। ਅਸੀਂ ਰਾਵੀ ਨੂੰ ਮਹਿਜ਼ ਦਰਿਆ ਨਹੀਂ, ਇੱਕ ਜਿਉਂਦੀ ਜਾਗਦੀ ਹਸਤੀ ਮੰਨਦੇ ਹਾਂ। ਬਾਬਾ ਨਾਨਕ ਨੇ ਰਾਵੀ ਕੰਢੇ ਆਪਣ ਜੀਵਨ ਬਸਰ ਕੀਤਾ। ਪੀਰਾ-ਫਕੀਰਾਂ ਦਾ ਰਿਸ਼ਤਾ ਹੈ ਇਸ ਰਾਵੀ ਨਾਲ।" "ਕਾਨੂੰਨਗਿਰੀ ਅਤੇ ਪੰਜਾਬ ਦੀ ਵੰਡ ਨੇ ਦਰਿਆਵਾਂ ਨੂੰ ਵੰਡਿਆ, ਉਨ੍ਹਾਂ ਨਾਲ ਜ਼ੁਲਮ ਕੀਤਾ। ਪਰ ਕੁਦਰਤ ਉੱਤੇ ਪਹਿਰੇ ਨਹੀਂ ਲਗਾਏ ਜਾ ਸਕਦੇ। ਦਰਿਆ ਵੱਗਦੇ ਹੀ ਚੰਗੇ ਲੱਗਦੇ ਹਨ। ਉਨ੍ਹਾਂ ਨੂੰ ਰੋਕ ਕੇ ਅਸੀਂ ਪੂਰੀ ਵੱਸੋਂ ਨੂੰ ਬਰਬਾਦ ਕਰਦੇ ਹਾਂ।" ਉਨ੍ਹਾਂ ਦੱਸਿਆ ਕਿ ਲਾਹੌਰ ਨੇੜੇ ਰਾਵੀ ਦਰਿਆ ਲਈ ਇੱਕ ਮੇਲਾ ਹਰ ਸਾਲ ਲੱਗਦਾ ਹੈ। ਰਾਵੀ ਲਈ ਦੁਆਵਾਂ ਕੀਤੀਆਂ ਜਾਂਦੀਆਂ ਹਨ ਅਤੇ ਦੀਵੇ ਬਾਲੇ ਜਾਂਦੇ ਹਨ। ਦਰਿਆ ਦੇ ਆਜ਼ਾਦ ਹੋਣ ਦੀ ਆਸ ਕੀਤੀ ਜਾਂਦੀ ਹੈ।

ਦੂਜੇ ਪਾਸੇ, ਵਾਟਰ ਵਾਰੀਅਰ ਪੰਜਾਬ ਦੇ ਫਾਊਂਡਰ ਡਾਕਟਰ ਮਨਜੀਤ ਸਿੰਘ ਵੀ ਰਾਵੀ ਨੂੰ ਲੈ ਕੇ ਭਾਵੁਕ ਨਜ਼ਰ ਆਉਂਦੇ ਹਨ। ਉਹ ਕਹਿੰਦੇ ਹਨ, "ਹੜਾਂ ਕਾਰਨ ਹੋਈ ਤਬਾਹੀ ਨੂੰ ਦੇਖ ਕੇ ਮਨ ਤਾਂ ਪਰੇਸ਼ਾਨ ਹੁੰਦਾ ਹੈ ਪਰ ਵਾਤਾਵਰਨ ਪ੍ਰੇਮੀ ਦੇ ਤੌਰ ਉਹ ਰਾਵੀ ਨੂੰ ਮੁੜ ਵਗਦਾ ਦੇਖਣਾ ਚਾਹੁੰਦੇ ਹਨ।" ਉਹ ਕਹਿੰਦੇ ਹਨ ਕਿ ਰਾਵੀ ਦੇ ਰਾਹ ਵਿੱਚ ਅਸੀਂ ਆਏ ਹਾਂ ਅਤੇ ਕੁਦਰਤ ਦੀ ਰਾਹ ਵਿੱਚ ਨਹੀਂ ਆਇਆ ਜਾਂਦਾ। ਉਨ੍ਹਾਂ ਕਿਹਾ, "ਡਿਜ਼ਾਸਟਰ (ਤਬਾਹੀ) ਅਤੇ ਡੈਮ ਇੱਕ ਦੂਜੇ ਦੇ ਪੂਰਕ ਹਨ। ਸਰਕਾਰਾਂ ਦੀ ਸਿਆਸਤ ਦਰਮਿਆਨ ਕੁਦਰਤ ਫ਼ਸ ਗਈ ਹੈ।" ਉਹ ਕਹਿੰਦੇ ਹਨ ਕਿ ਸਾਰੇ ਦਰਿਆ ਮੁੜ ਸੁਰਜੀਤ ਹੋਣੇ ਚਾਹੀਦੇ ਹਨ।

ਪੀਏਯੂ ਦੇ ਰਿਟਾਇਰਡ ਪ੍ਰੋਫੈਸਰ ਡਾਕਟਰ ਗੁਰਦੇਵ ਸਿੰਘ ਹੀਰਾ, ਜੋ ਪਾਣੀ ਦੇ ਮੁੱਦਿਆਂ ਉੱਤੇ ਸੰਘਰਸ਼ ਵੀ ਕਰ ਰਹੇ ਹਨ, ਨੇ ਦੱਸਿਆ ਕਿ ਇਸ ਵਾਰ ਜਿਨ੍ਹਾਂ ਪਾਣੀ ਰਾਵੀ ਦਰਿਆ ਵਿੱਚ ਚੜ੍ਹਿਆ ਹੈ, ਉਨ੍ਹਾਂ ਪਿਛਲੇ ਕਰੀਬ 100 ਸਾਲਾਂ ਵਿੱਚ ਵੀ ਨਹੀਂ ਆਇਆ ਹੋਵੇਗਾ। "ਸਾਲ 1988 ਦੌਰਾਨ ਆਏ ਹੜ੍ਹਾਂ ਵਿੱਚ ਵੀ ਅਜਿਹੇ ਹਾਲਾਤ ਨਹੀਂ ਸੀ। ਪਰ ਇਸ ਵਾਰ ਤਾਂ ਰਾਵੀ ਜਲਥਲ ਹੋਈ ਹੈ।" ਉਨ੍ਹਾਂ ਦੱਸਿਆ ਕਿ ਰਾਵੀ ਮੀਂਹ ਦੇ ਪਾਣੀ ਉੱਤੇ ਨਿਰਭਰ ਹੈ। ਮੀਂਹ ਦੇ ਪਾਣੀ ਦੀ ਕਮੀ ਹੋਵੇ ਤਾਂ ਰਾਵੀ ਕਈ ਥਾਵਾਂ ਉੱਤੇ ਕਰੀਬ ਸੁੱਕ ਜਾਂਦੀ ਹੈ। ਪਰ ਚੰਗੇ ਮੀਂਹ ਦੀ ਆਮਦ ਨਾਲ ਰਾਵੀ ਦੀ ਰੌਣਕ ਮੁੜ ਆਉਂਦੀ ਹੈ। ਉਨ੍ਹਾਂ ਕਿਹਾ, "ਪਰ ਇਸ ਵਾਰ ਤਾਂ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਰਾਵੀ ਦਾ ਪਾਣੀ ਚੜ੍ਹ ਆਇਆ ਹੈ। ਪਰ ਰਾਵੀ ਦੀ ਰੌਣਕ ਕਿੰਨੀਂ ਦੇਰ ਰਹੇਗੀ, ਇਹ ਹਾਲੇ ਕਹਿਣਾ ਔਖਾ ਹੈ।"

### ਰਾਵੀ ਦੇ ਇਤਿਹਾਸਕ ਪੰਨ੍ਹੇ

"ਰਾਵੀ ਦਾ ਪੁਰਾਣਾ ਨਾਮ ਹੀਰਾਵਤੀ ਹੈ। ਪੰਜਾਬ ਦੀ ਛੋਟੀ ਨਦੀ ਹੈ। ਇਸ ਦੇ ਕਿਨਾਰੇ ਪੰਜਾਬ ਦੇ ਕਦੀਮ ਸ਼ਹਿਰ ਆਬਾਦ ਹੋਏ। ਹੜਪਾ, ਤੁਲੰਬਾ, ਮੁਲਤਾਨ ਤੇ ਲਾਹੌਰ।" "ਰਾਵੀ ਸੋਨਾ ਤੇ ਚਨਾਬ ਚਾਂਦੀ।। ਯਾਨੀ ਇਸ ਦਾ ਪਾਣੀ ਸੋਨੇ ਵਰਗਾ ਜ਼ਰਖੇਜ਼ ਹੈ। ਬਾਬਾ ਨਾਨਕ ਨੇ ਰਾਵੀ ਨੇੜੇ ਹੀ ਆਪਣਾ ਆਖ਼ਰੀ ਵੇਲਾ ਗੁਜ਼ਾਰਿਆ।" "ਮੁਗਲਾਂ ਨੇ ਜਦੋਂ ਲਾਹੌਰ ਵਿੱਚ ਆਪਣੀ ਰਾਜਧਾਨੀ ਬਣਾਈ, ਫਿਰ ਰਾਵੀ ਦੇ ਨਾਲ-ਨਾਲ ਉਨ੍ਹਾਂ ਨੇ ਆਪਣੇ ਰੰਗ-ਮਹਿਲ, ਬਾਗ ਅਤੇ ਮਕਬਰੇ ਵੀ ਬਣਵਾਏ।" ਪਰ ਹੁਣ ਰਾਵੀ ਦੇ ਜੋ ਹਾਲਾਤ ਹਨ ਉਸ ਨੂੰ ਸ਼ਾਇਰ ਅਤੇ ਲੇਖਕ ਆਪੋ-ਆਪਣੇ ਤਰੀਕੇ ਨਾਲ ਬਿਆਨ ਕਰਦੇ ਹਨ। ਪਾਕਿਸਤਾਨੀ ਸ਼ਾਇਰ ਅਫ਼ਜ਼ਲ ਸਾਹਿਰ ਰਾਵੀ ਬਾਰੇ ਇ  ਂ ਬਿਆਨਦੇ ਹਨ

ਇੱਕ ਵੇਲਾ ਸੀ ਮੇਰਾ ਖੁੱਲ੍ਹ ਖਲਾਰਾ ਸੀ ਮੀਲਾਂ ਤਾਈਂ
ਇੱਕ ਇਹ ਵੇਲਾ ਸੁੰਗੜ ਕੇ ਮੈਂ ਕੁੰਝ ਲਈਆਂ ਨੇ ਬਾਈਂ
ਮੈਂ ਇੱਕ ਵਾਰੀ ਵੇਚ-ਵਟਕ ਤੇ ਵੰਡ ਦਾ ਜ਼ਹਿਰ ਵੀ ਫੱਕਿਆ
ਮੈਂ ਇੱਕ ਵਾਰੀ ਆਪਣੇ ਪਾਣੀ ਦਾ ਲਹੂ ਬਣਿਆ ਵੀ ਤੱਕਿਆ
ਮੈਂ ਹਾਂ ਜੀਵਨ ਦੇਵਨ ਹਾਰਾ ਸਪਤ ਸਿੰਧ ਕਾ ਹਾਨੀ
ਮੈਨੂੰ ਤਿੱਬਤ ਕਾਂਗੜਿਆਂ ਦੀ ਜੂਹ 'ਚੋਂ ਮਿਲਿਆ ਪਾਣੀ
ਮੇਰੇ ਮਨ 'ਤੇ ਬੈਠ ਫਕੀਰਾਂ ਲਿਖੀ ਪ੍ਰੇਮ ਕਹਾਣੀ
ਮੈਂ ਸਮਿਆਂ ਨੂੰ ਸਾਰਾਂ ਵੰਡੀਆਂ ਕੀਤੇ ਚਿੱਤ ਅਗਾਹ
ਵੇ ਲੋਕੋਂ ਮੈਂ ਰਾਵੀ ਦਰਿਆ...

# ਹੜ੍ਹ ਤੋਂ ਬਾਅਦ ਪ੍ਰਭਾਵਿਤ ਇਲਾਕਿਆਂ ਦੀਆਂ ਤਕਲੀਫਾਂ ਹੋਰ ਵਧਣਗੀਆਂ

ਹਰਪ੍ਰੀਤ ਕੌਰ ਸੰਧੂ

ਪੰਜਾਬ ਵਿਚ ਹੜ੍ਹਾਂ ਨੇ ਬਹੁਤ ਬਰਬਾਦੀ ਕੀਤੀ ਹੈ। ਹਰ ਪਾਸੇ ਹਾਲਾਤ ਬਹੁਤ ਬੁਰੇ ਹਨ। ਲੋਕਾਂ ਦੀ ਸਾਰੀ ਜ਼ਿੰਦਗੀ ਦੀ ਕਮਾਈ ਘਰ ਹੜ੍ਹਾਂ ਦੀ ਮਾਰ ਕਾਰਨ ਆਪਣੀ ਮਜ਼ਬੂਤੀ ਗੁਆ ਚੁੱਕੇ ਹਨ। ਨਵੇਂ ਸਿਰ ਤੋਂ ਘਰ ਬਣਾਉਣਾ ਕੋਈ ਸੌਖਾ ਕੰਮ ਨਹੀਂ। ਫ਼ਸਲ ਬਰਬਾਦ ਹੋ ਗਈ ਹੈ। ਅਗਲੀ ਫ਼ਸਲ ਬੀਜੀ ਜਾਵੇਗੀ ਜਾਂ ਨਹੀਂ, ਇਸ ਦਾ ਵੀ ਕੁਝ ਪਤਾ ਨਹੀਂ। ਜ਼ਮੀਨ ’ਤੇ ਕਈ-ਕਈ ਫੁੱਟ ਰੇਤ ਚੜ੍ਹ ਗਈ ਹੈ। ਇਸ ਨੂੰ ਮੁੜ ਵਾਹੀਯੋਗ ਕਰਨਾ ਸੌਖਾ ਕੰਮ ਨਹੀਂ।

ਬਿਨਾਂ ਸ਼ੱਕ ਪਰੇਸ਼ਾਨੀਆਂ ਬਹੁਤ ਹਨ। ਪੰਜਾਬ ਗੁਰਾਂ ਦੇ ਨਾਂ ’ਤੇ ਜਿਉਂਦਾ ਹੈ। ਪੰਜਾਬੀਆਂ ਦੀ ਫ਼ਿਤਰਤ ਹੈ ਕਿ ਉਹ ਕਦੇ ਢੇਰੀ ਨਹੀਂ ਢਾਹੁੰਦੇ। ਵਾਰ-ਵਾਰ ਉੱਜੜ ਕੇ ਵਸਣਾ ਪੰਜਾਬ ਦੀ ਹੋਣੀ ਹੈ। ਇਸ ਨੇ ਮੁੱਢ ਕਦੀਮ ਤੋਂ ਇਹੀ ਦੇਖਿਆ ਹੈ ਪਰ ਸਮਾਂ ਬਦਲਣ ਨਾਲ ਬਹੁਤ ਕੁਝ ਬਦਲ ਵੀ ਜਾਂਦਾ ਹੈ। ਇਹ ਲੋਕ ਅੱਜ ਜਦੋਂ ਜੈਕਾਰੇ ਲਾਉਂਦੇ ਹੋਏ ਦਰਿਆਵਾਂ ਨੂੰ ਵੀ ਬੰਨ੍ਹਦੇ ਹਨ ਤਾਂ ਇੰਜ ਲੱਗਦਾ ਹੈ ਕਿ ਇਨ੍ਹਾਂ ਨੂੰ ਕੋਈ ਫ਼ਿਕਰ, ਕੋਈ ਪਰਵਾਹ ਨਹੀਂ ਹੈ। ਅਜਿਹਾ ਨਹੀਂ ਹੈ। ਇਨ੍ਹਾਂ ਸਾਹਮਣੇ ਬਹੁਤ ਪਰੇਸ਼ਾਨੀਆਂ ਹਨ ਤੇ ਉਹ ਲੰਬਾ ਚਿਰ ਰਹਿਣਗੀਆਂ। ਫ਼ਸਲ ਬਰਬਾਦ ਹੋਣ ਦਾ ਮਤਲਬ ਹੈ ਛੇ ਮਹੀਨਿਆਂ ਦਾ ਰੋਟੀ-ਪਾਣੀ ਖੁੱਸ ਜਾਣਾ। ਜ਼ਿਮੀਂਦਾਰ ਨੇ ਫ਼ਸਲ ’ਤੇ ਹੀ ਗੁਜ਼ਾਰਾ ਕਰਨਾ ਹੁੰਦਾ ਹੈ।

ਉਸੇ ਫ਼ਸਲ ਤੋਂ ਉਸ ਨੇ ਆਪਣੇ ਸੀਰੀ, ਸਾਂਝੀ ਦੇ ਪੈਸੇ ਦੇਣੇ ਹਨ। ਉਸੇ ਤੋਂ ਉਸ ਨੇ ਕੱਪੜੇ-ਲੀੜੇ ਦੀ ਖ਼ਰੀਦਦਾਰੀ ਕਰਨੀ ਹੈ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਖ਼ਰਚੇ ਕਰਨੇ ਹਨ। ਸਾਡੀ ਆਰਥਿਕਤਾ ਦਾ ਮੁੱਢ ਖੇਤੀ ਹੀ ਹੈ। ਇਸ ਲਈ ਕਿਸਾਨ ਨੂੰ ਇਸ ਸਮੇਂ ਮਾਨਸਿਕ ਪਰੇਸ਼ਾਨੀ ਹੋਣੀ ਹੀ ਹੈ। ਉਸ ਦਾ ਸਭ ਕੁਝ ਅਸਤ-ਵਿਅਸਤ ਹੋ ਗਿਆ ਹੈ। ਉਸ ਦਾ ਸਾਂਭ ਕੇ ਰੱਖਿਆ ਅਨਾਜ ਵੀ ਖ਼ਰਾਬ ਹੋ ਗਿਆ ਹੈ ਤੇ ਖੇਤਾਂ ਵਿਚ ਖੜ੍ਹੀ ਫ਼ਸਲ ਵੀ। ਅਜਿਹੇ ਵਿਚ ਔਰਤਾਂ ਦੀ ਸਥਿਤੀ ਹੋਰ ਵੀ ਨਾਜ਼ੁਕ ਹੋ ਜਾਂਦੀ ਹੈ। ਉਨ੍ਹਾਂ ਨੇ ਆਪਣੇ ਘਰਦਿਆਂ ਨੂੰ ਵੀ ਚੜ੍ਹਦੀ ਕਲਾ ਵਿਚ ਰੱਖਣਾ ਹੈ ਤੇ ਆਪ ਵੀ ਮਜ਼ਬੂਤ ਰਹਿਣਾ ਹੈ। ਇਹ ਸਭ ਕੁਝ ਕਹਿਣਾ ਬਹੁਤ ਸੌਖਾ ਹੈ ਪਰ ਕਰਨਾ ਇੰਨਾ ਆਸਾਨ ਨਹੀਂ।

ਇਸ ਫ਼ਸਲ ਤੋਂ ਕਿਸੇ ਨੇ ਆਪਣੇ ਬੱਚੇ ਦਾ ਵਿਆਹ ਕਰਨਾ ਸੀ ਤੇ ਕਿਸੇ ਨੇ ਆਪਣੇ ਬੱਚੇ ਨੂੰ ਫੀਸ ਭੇਜਣੀ ਸੀ। ਸਾਰਾ ਪਰਿਵਾਰ ਹੀ



ਇਕ ਤਰ੍ਹਾਂ ਨਾਲ ਮਾਨਸਿਕ ਤੌਰ ’ਤੇ ਪਰੇਸ਼ਾਨੀ ਦੇ ਆਲਮ ਵਿਚ ਹੋਵੇਗਾ। ਘਰ ਦੀ ਕੋਈ ਇਕ ਚੀਜ਼ ਖ਼ਰਾਬ ਹੋ ਜਾਵੇ ਤਾਂ ਸਾਡੇ ਲਈ ਬਹੁਤ ਮੁਸ਼ਕਲ ਹੋ ਜਾਂਦੀ ਹੈ। ਹੁਣ ਜਦੋਂ ਘਰ ਦੀ ਹਰੇਕ ਚੀਜ਼ ਖ਼ਰਾਬ ਹੋ ਚੁੱਕੀ ਹੈ ਤਾਂ ਪਰੇਸ਼ਾਨੀ ਹੋਣੀ ਹੀ ਹੈ। ਇਸ ਸਮੇਂ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਮਦਦ ਕੇਵਲ ਰਾਸ਼ਨ-ਪਾਣੀ ਤੱਕ ਸੀਮਤ ਨਾ ਰੱਖੀਏ। ਸਾਡੇ ਪੰਜਾਬੀਆਂ ਦੇ ਸੁਭਾਅ ਵਿਚ ਕਾਹਲੀ ਬਹੁਤ ਹੈ।

ਹੁਣ ਅਸੀਂ ਸਾਰੇ ਹੀ ਬਹੁਤ ਕਾਹਲੇ ਹੋਏ ਹਾਂ ਉਨ੍ਹਾਂ ਨੂੰ ਰਾਸ਼ਨ ਤੇ ਪਸ਼ੂਆਂ ਨੂੰ ਚਾਰਾ ਦੇਣ ਲਈ ਪਰ ਇਸ ਦੀ ਜ਼ਰੂਰਤ ਅਜੇ ਛੇ ਮਹੀਨੇ ਪੈਣੀ ਹੈ। ਉਸ ਸਮੇਂ ਤੱਕ ਜਦ ਤੱਕ ਕਿਸਾਨੀ ਮੁੜ ਪੈਰਾਂ ਸਿਰ ਨਹੀਂ ਹੋ ਜਾਂਦੀ। ਲੋਕਾਂ ਨੇ ਹੁਣ 10 ਦਿਨ ਧੜਾਧੜ ਸਾਮਾਨ ਵੰਡਣਾ ਹੈ ਤੇ ਉਸ ਤੋਂ ਬਾਅਦ ਚੁੱਪ ਕਰ ਕੇ ਆਪਣੇ ਘਰ ’ਚ ਬਹਿ ਜਾਣਾ ਹੈ। ਇਹ ਜ਼ਮੀਨ ਜੋ ਹੜ੍ਹ ਦੀ ਮਾਰ ਹੇਠ ਆਈ ਹੈ, ਇਸ ਨੂੰ ਮੁੜ ਤੋਂ ਵਾਹੀਯੋਗ ਬਣਾਉਣ ਲਈ ਬਹੁਤ ਖ਼ਰਚਾ ਵੀ ਆਉਣਾ ਹੈ ਤੇ ਸਮਾਂ ਵੀ ਲੱਗਣਾ ਹੈ। ਖੇਤਾਂ ਨੂੰ ਵਾਹੀਯੋਗ ਬਣਾਉਣ ਲਈ ਸਾਨੂੰ ਵੱਡੀ ਮਾਤਰਾ ’ਚ ਡੀਜ਼ਲ ਤੇ ਟਰੈਕਟਰਾਂ ਦੀ ਲੋੜ ਹੈ।

ਸਾਨੂੰ ਮਦਦ ਯੋਜਨਾਬੱਧ ਤਰੀਕੇ ਨਾਲ ਕਰਨ ਦੀ ਲੋੜ ਹੈ।

ਪਤਾ ਹੀ ਨਹੀਂ ਕਿੰਨੀਆਂ ਐਨਜੀ   ਹਨ ਜੋ ਪੰਜਾਬ ’ਚ ਇਸ ਵੇਲੇ ਕੰਮ ਕਰ ਰਹੀਆਂ ਹਨ। ਇਨ੍ਹਾਂ ਸਾਰੀਆਂ ਨੂੰ ਇਕੱਠਿਆਂ ਬੈਠ ਕੇ ਸਲਾਹ ਕਰਨੀ ਚਾਹੀਦੀ ਹੈ ਤੇ ਕੰਮ ਵੰਡ ਲੈਣੇ ਚਾਹੀਦੇ ਹਨ। ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਹੜੀ ਐਨਜੀ   ਨੇ ਕੀ ਕੰਮ ਕੀਤਾ। ਐਨਆਰਆਈ ਆਪਣੇ ਖ਼ਜ਼ਾਨਿਆਂ ਦੇ ਉਦੋਂ ਮੂੰਹ ਖੋਲ੍ਹ ਦਿੰਦੇ ਹਨ ਜਦੋਂ ਪੰਜਾਬ ’ਤੇ ਕੋਈ ਮੁਸੀਬਤ ਆਉਂਦੀ ਹੈ ਪਰ ਸਾਡਾ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਮਦਦ ਸਹੀ ਹੱਥਾਂ ਤੱਕ ਪਹੁੰਚੇ। ਪੰਜਾਬੀਆਂ ਦਾ ਮੁੱਖ ਮਕਸਦ ਪੰਜਾਬ ਨੂੰ ਮੁੜ ਪੈਰੀਂ ਕਰਨਾ ਹੈ।

ਅਸੀਂ ਇਹ ਸਾਬਿਤ ਕਰ ਚੁੱਕੇ ਹਾਂ ਕਿ ਅਸੀਂ ਆਪਣੀ ਮਦਦ ਆਪ ਕਰਦੇ ਹਾਂ। ਸਾਨੂੰ ਇਹ ਸਾਬਿਤ ਕਰਨ ਦੀ ਲੋੜ ਹੈ ਕਿ ਅਸੀਂ ਆਪਣੀ ਮਦਦ ਸਮਝਦਾਰੀ ਨਾਲ ਕਰਦੇ ਹਾਂ। ਮਦਦ ਦੇ ਰੂਪ ’ਚ ਦਿੱਤੇ ਗਏ ਪੈਸੇ ਨੂੰ ਸਹੀ ਢੰਗ ਨਾਲ ਵਰਤਣਾ ਬਹੁਤ ਜ਼ਰੂਰੀ ਹੈ। ਪਾਣੀ ਉਤਰਨ ਤੋਂ ਕੁਝ ਦਿਨਾਂ ਬਾਅਦ ਸਾਨੂੰ ਦਵਾਈਆਂ ਤੇ ਡਾਕਟਰਾਂ ਦੀ ਬਹੁਤ ਲੋੜ ਪੈਣੀ ਹੈ। ਜਿਨ੍ਹਾਂ ਦੇ ਘਰਾਂ ’ਚ ਸੱਤ-ਸੱਤ ਫੁੱਟ ਪਾਣੀ ਖੜ੍ਹਾ ਹੈ ਉਨ੍ਹਾਂ ਦਾ ਸਭ ਕੁਝ ਤਬਾਹ ਹੋ ਚੁੱਕਾ ਹੈ।

ਉੱਥੋਂ ਦੇ ਬੱਚਿਆਂ ਦੀ ਪੜ੍ਹਾਈ ਲਈ ਵੀ ਸਾਨੂੰ ਮਦਦ ਕਰਨ ਦੀ ਲੋੜ ਹੈ। ਇਸ ਸਭ ਲਈ ਯੋਜਨਾਬੰਦੀ ਬਹੁਤ ਜ਼ਰੂਰੀ ਹੈ। ਜਿਹੜੇ ਕਿਸਾਨਾਂ ਨੇ ਕਰਜ਼ਾ ਲਿਆ ਹੋਇਆ ਹੈ ਜਾਂ ਠੇਕੇ ’ਤੇ ਪੈਲੀ ਲੈ ਕੇ ਖੇਤੀ ਕਰਦੇ ਹਨ, ਉਨ੍ਹਾਂ ਦਾ ਹੌਸਲਾ ਵਧਾਉਣ ਦੀ ਲੋੜ ਹੈ। ਹੁਣ ਅਸੀਂ ਪਹਿਲ ਇਸ ਗੱਲ ਨੂੰ ਦੇਣੀ ਹੈ ਕਿ ਸਾਡੇ ਨੌਜਵਾਨ ਨਿਰਾਸ਼ ਨਾ ਹੋਣ। ਸਾਡੇ ਬੱਚੇ ਆਪਣੀ ਪੜ੍ਹਾਈ ਵੱਲ ਦੁਬਾਰਾ ਧਿਆਨ ਦੇ ਸਕਣ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਸਾਨੂੰ ਪੰਜਾਬ ਨੂੰ ਮੁੜ ਪੈਰਾਂ ’ਤੇ ਖੜ੍ਹਾ ਕਰਨ ਦੇ ਸਾਰਥਕ ਉਪਰਾਲੇ ਕਰਨੇ ਹੋਣਗੇ।

# ਕੇਂਦਰ ਦੁਆਰਾ ਪੰਜਾਬ ਨੂੰ ਪਹਿਲਾਂ ਦਿੱਤਾ ਹੋਇਆ 12,000 ਕਰੋੜ ਦਾ ਫੰਡ ਕੀ ਹੈ

9 ਸਤੰਬਰ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਪਾਸੇ ਸੂਬੇ ਨੂੰ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਦੂਜੇ ਪਾਸੇ ਪੰਜਾਬ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਆਪਣੇ ਐਲਾਨ ਦੌਰਾਨ ਪ੍ਰਧਾਨ ਮੰਤਰੀ ਨੇ ਖਾਸ ਤੌਰ ਉੱਤੇ ਜ਼ਿਕਰ ਕੀਤਾ ਕਿ ਪੰਜਾਬ 1600 ਕਰੋੜ ਦੀ ਵਿੱਤੀ ਸਹਾਇਤਾ ਤੋਂ ਇਲਾਵਾ ਹੜ੍ਹ ਪੀੜਤਾਂ ਦੀ ਮਦਦ, ਪੰਜਾਬ ਕੇਂਦਰ ਵੱਲੋਂ ਦਿੱਤੇ ਗਏ 12,000 ਕਰੋੜ ਰੁਪਏ ਨਾਲ ਕਰ ਲਵੇ ਜੋ ਪਹਿਲਾਂ ਹੀ ਪੰਜਾਬ ਦੇ ਖਾਤੇ ਵਿੱਚ ਮੌਜੂਦ ਹਨ। ਇੱਕ ਪਾਸੇ ਪੰਜਾਬ ਸਰਕਾਰ ਆਪਣੀ ਉਮੀਦ ਤੋਂ ਘੱਟ ਦਿੱਤੇ ਰਾਹਤ ਪੈਕਜ ਨੂੰ ਮੁੱਦਾ ਬਣਾ ਕੇ ਪ੍ਰਧਾਨ ਮੰਤਰੀ ਮੋਦੀ ਨੂੰ ਘੇਰ ਰਹੀ ਸੀ ਦੂਜੇ ਪਾਸੇ ਭਾਜਪਾ ਨੇ ਪੰਜਾਬ ਦੇ ਖਾਤੇ ਵਿੱਚ ਪਏ 12,000 ਕਰੋੜ ਨੂੰ ਮੁੱਦਾ ਬਣਾ ਕੇ ਪੰਜਾਬ ਸਰਕਾਰ ਨੂੰ ਘੇਰ ਲਿਆ। ਇਹ ਮਾਮਲਾ ਇੰਨਾ ਵੱਧ ਗਿਆ ਕਿ ਪੰਜਾਬ ਭਾਜਪਾ ਅਤੇ ਵਿਰੋਧੀ ਧਿਰਾਂ ਨੇ ਪੰਜਾਬ ਸਰਕਾਰ ਉੱਤੇ ਐੱਸਡੀਆਰਐੱਫ ਦਾ ਪੈਸਾ ਬੇਲੋੜੀਆਂ ਥਾਵਾਂ ਉੱਤੇ ਖਰਚ ਕਰਨ ਦੇ ਇਲਜ਼ਾਮ ਲਗਾ ਦਿੱਤੇ।

**ਭਾਜਪਾ ਆਗੂਆਂ ਦਾ ਕੀ ਤਰਕ ਹੈ?**

9 ਸਤੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਮਦਦ ਦੇਣ ਲਈ ਪੰਜਾਬ ਸਰਕਾਰ ਕੋਲ 12,000 ਕਰੋੜ ਰੁਪਏ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਪਹਿਲਾਂ ਹੀ ਪਿਆ ਹੈ ਅਤੇ 400 ਕਰੋੜ ਰੁਪਏ ਦੀ ਇੱਕ ਹੋਰ ਕਿਸ਼ਤ ਜੋ ਅਕਤੂਬਰ ਮਹੀਨੇ ਵਿੱਚ ਦਿੱਤੀ ਜਾਣੀ ਸੀ ਉਸਨੂੰ ਸਤੰਬਰ ਵਿੱਚ ਹੀ ਭੇਜਿਆ ਜਾ ਰਿਹਾ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ 'ਆਪ' ਸਰਕਾਰ 'ਤੇ ਕੇਂਦਰ ਤੋਂ ਪ੍ਰਾਪਤ ਆਫ਼ਤ ਫੰਡ ਨੂੰ ਪਾਰਟੀ ਦੇ ਨਿੱਜੀ ਪ੍ਰਚਾਰ ਅਤੇ ਹੋਰ ਵਾਧੂ ਮਕਸਦਾਂ 'ਤੇ ਖ਼ਰਚ ਕਰਨ ਦਾ ਇਲਜ਼ਾਮ ਲਗਾਇਆ। ਜਿਸਦੇ ਜਵਾਬ ਵਿੱਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਸੂਬੇ ਕੋਲ 12 ਹਜ਼ਾਰ ਕਰੋੜ ਰੁਪਏ ਦਾ ਕੋਈ ਅਜਿਹਾ ਫੰਡ ਨਹੀਂ ਹੈ। ਇਸ ਮਾਮਲੇ ਵਿੱਚ ਸੱਤਾ ਧਿਰ ਅਤੇ ਵਿਰੋਧੀ ਪਾਰਟੀਆਂ ਦੇ ਇੱਕ-ਦੂਜੇ ਉੱਤੇ ਕੀ ਇਲਜ਼ਾਮ ਲਗਾਏ ਇਹ ਜਾਣਨ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਆਖਰ ਇਹ ਮਸਲਾ ਕਿਹੜੇ ਪੈਸਿਆਂ ਦਾ ਹੈ ਅਤੇ ਇਹ ਪੈਸੇ ਕਿੱਥੋਂ ਆਉਂਦੇ ਹਨ?

**ਕੇਂਦਰ ਵੱਲੋਂ ਪੰਜਾਬ ਨੂੰ ਪਹਿਲਾਂ ਦਿੱਤੇ 12,000 ਕਰੋੜ ਕਿਹੜੇ ਹਨ?**

ਗ੍ਰਹਿ ਮੰਤਰਾਲੇ ਦੇ ਆਫ਼ਤ ਪ੍ਰਬੰਧਨ ਵਿਭਾਗ ਮੁਤਾਬਕ ਕਿਸੇ ਵੀ ਸੂਬੇ ਵਿੱਚ ਆਈ ਆਫ਼ਤ ਤੋਂ ਬਾਅਦ ਭਾਰਤ ਸਰਕਾਰ ਦੋ ਤਰੀਕਿਆਂ ਨਾਲ ਸੂਬੇ ਨੂੰ ਤੁਰੰਤ ਰਾਹਤ ਸਹਾਇਤਾ ਪ੍ਰਦਾਨ ਕਰਦੀ ਹੈ। ਇੱਕ ਰਾਜ ਆਫ਼ਤ ਪ੍ਰਤੀਕਿਰਿਆ ਫੰਡ (ਐੱਸਡੀਆਰਐੱਫ) ਅਤੇ ਦੂਜਾ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਫੰਡ (ਐੱਨਡੀਆਰਐੱਫ)। ਐੱਸਡੀਆਰਐੱਫ ਅਤੇ ਐੱਨਡੀਆਰਐੱਫ ਅਧੀਨ ਫੰਡਾਂ ਦੀ ਵੰਡ ਲਗਾਤਾਰ ਵਿੱਤੀ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਦੇ ਅਧਾਰ ਉੱਤੇ ਕੀਤੀ ਜਾਂਦੀ ਹੈ। ਐੱਸਡੀਆਰਐੱਫ ਲਈ, ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਮਿਲ ਕੇ ਫੰਡ ਇਕੱਠਾ ਕਰਦੀਆਂ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਉੱਤਰ-ਪੂਰਬੀ ਅਤੇ ਹਿਮਾਲੀਅਨ ਸੂਬਿਆਂ ਨੂੰ ਛੱਡ ਕੇ ਬਾਕੀ ਸਾਰੇ ਸੂਬਿਆਂ ਨੂੰ 75:25 ਦੇ ਅਨੁਪਾਤ ਵਿੱਚ ਫੰਡ ਵਿੱਚ ਯੋਗਦਾਨ ਪਾਇਆ ਜਾਂਦਾ ਹੈ, ਜਦਕਿ ਉੱਤਰ-ਪੂਰਬੀ ਅਤੇ ਹਿਮਾਲੀਅਨ ਸੂਬਿਆਂ ਲਈ ਇਹ ਯੋਗਦਾਨ 90:10 ਦੇ ਅਨੁਪਾਤ ਨਾਲ ਪਾਇਆ ਜਾਂਦਾ ਹੈ। ਜਦੋਂ ਕਿ ਐੱਨ ਡੀ ਆਰ ਐੱਫ ਫੰਡ ਵਿੱਚ ਪੂਰਾ ਯੋਗਦਾਨ ਕੇਂਦਰ ਸਰਕਾਰ ਪਾਉਂਦੀ ਹੈ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਗਏ ਐਲਾਨ ਮੁਤਾਬਕ ਪੰਜਾਬ ਸਰਕਾਰ ਨੂੰ ਪਹਿਲਾਂ ਦਿੱਤੇ ਗਏ 12,000 ਕਰੋੜ ਰੁਪਏ ਐੱਸਡੀਆਰਐੱਫ ਯਾਨੀ ਰਾਜ ਆਫ਼ਤ ਪ੍ਰਤੀਕਿਰਿਆ ਫੰਡ ਤਹਿਤ ਦਿੱਤੇ ਗਏ ਸਨ।

ਵਿੱਤ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਸਾਲਾਨਾ ਕੇਂਦਰੀ ਯੋਗਦਾਨ ਦੋ ਬਰਾਬਰ ਕਿਸ਼ਤਾਂ ਵਿੱਚ ਜਾਰੀ ਕੀਤਾ ਜਾਂਦਾ ਹੈ। ਐੱਸਡੀਆਰਐੱਫ ਦੀ ਵਰਤੋਂ ਸਿਰਫ਼ ਪੀੜਤਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਹੁੰਦੇ ਖਰਚਿਆਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ। ਐੱਸਡੀਆਰਐੱਫ ਅਧੀਨ ਆਉਣ ਵਾਲੀਆਂ ਆਫ਼ਤਾਂ ਵਿੱਚ ਚੱਕਰਵਾਤ, ਸੋਕਾ, ਭੂਚਾਲ, ਅੱਗ, ਹੜ੍ਹ, ਸੁਨਾਮੀ, ਗੜੇਮਾਰੀ, ਜ਼ਮੀਨ ਖਿਸਕਣਾ, ਬਰਫ਼ਬਾਰੀ, ਬੱਦਲ ਫਟਣਾ, ਕੀਟ ਦਾ ਹਮਲਾ, ਠੰਡ ਅਤੇ ਠੰਢੀਆਂ ਲਹਿਰਾਂ ਸ਼ਾਮਲ ਹਨ। ਗ੍ਰਹਿ ਮੰਤਰਾਲੇ ਦੇ ਆਫ਼ਤ ਪ੍ਰਬੰਧਨ ਵਿਭਾਗ ਅਨੁਸਾਰ ਸੂਬਾ ਸਰਕਾਰ ਆਪਣੇ ਵੱਲੋਂ



ਐਲਾਨੀ ਗਈ ਆਫ਼ਤ ਵਿੱਚ ਲੋਕਾਂ ਨੂੰ ਰਾਹਤ ਦੇਣ ਲਈ ਵੀ ਐੱਸਡੀਆਰਐੱਫ ਦੀ ਵਰਤੋਂ ਕਰ ਸਕਦੀ ਹੈ। ਇੱਕ ਸੂਬਾ ਸਰਕਾਰ ਐੱਸਡੀਆਰਐੱਫ ਅਧੀਨ ਉਪਲੱਬਧ ਫੰਡਾਂ ਦਾ 10 ਫੀਸਦੀ ਕੁਦਰਤੀ ਆਫ਼ਤਾਂ ਦੇ ਪੀੜਤਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਵਰਤ ਸਕਦੀ ਹੈ।

**ਕੇਂਦਰ ਸਰਕਾਰ ਨੇ ਪੰਜਾਬ ਨੂੰ ਹਰ ਸਾਲ ਕਿੰਨਾ ਫ਼ੰਡ ਦਿੱਤਾ?**

ਗ੍ਰਹਿ ਮੰਤਰਾਲੇ ਦੇ ਆਫ਼ਤ ਪ੍ਰਬੰਧਨ ਵਿਭਾਗ ਮੁਤਾਬਕ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਹਰ ਸਾਲ ਐੱਸਡੀਆਰਐੱਫ ਫੰਡ ਇਕੱਠਾ ਕਰਦੇ ਹਨ। ਵਿਭਾਗ ਵੱਲੋਂ 31 ਮਾਰਚ 2024 ਨੂੰ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ 2021 – 2024 ਤੱਕ ਕ੍ਰਮਵਾਰ 528 ਕਰੋੜ, 554 ਕਰੋੜ, 582 ਕਰੋੜ, 611 ਕਰੋੜ ਐੱਸਡੀਆਰਐੱਫ ਇਕੱਠਾ ਕਰ ਚੁੱਕੇ ਹਨ। ਜਦਕਿ 2025-26 ਵਿੱਚ ਕੇਂਦਰ ਸਰਕਾਰ ਦਾ ਟੀਚਾ ਪੰਜਾਬ ਨੂੰ 642 ਕਰੋੜ ਐੱਸਡੀਆਰਐੱਫ ਜਾਰੀ ਕਰਨ ਦਾ ਹੈ। ਅੰਕੜਿਆਂ ਮੁਤਾਬਕ ਕੇਂਦਰ ਸਰਕਾਰ 2021 ਤੋਂ ਲੈ ਕੇ 2026 ਤੱਕ ਪੰਜਾਬ ਨੂੰ ਕੁੱਲ 2918.40 ਕਰੋੜ ਦਾ ਐੱਸ ਡੀ ਆਰ ਐੱਫ ਜਾਰੀ ਕਰ ਦੇਵੇਗੀ। ਇਸ ਸਾਲ ਜਾਰੀ ਹੋਣ ਵਾਲੇ ਫੰਡ ਦੀ ਜਾਣਕਾਰੀ ਕੇਂਦਰੀ ਗ੍ਰਹਿ ਮੰਤਰਾਲੇ ਦੇ ਆਫ਼ਤ ਪ੍ਰਬੰਧਨ ਵਿਭਾਗ ਵੱਲੋਂ 31 ਅਗਸਤ 2025 ਨੂੰ ਸਾਂਝੀ ਕੀਤੀ ਗਈ। ਜਿਸਦੇ ਵਿੱਚ ਦੱਸਿਆ ਗਿਆ ਕਿ ਸਾਲ 2025-26 ਵਿੱਚ ਪੰਜਾਬ ਨੂੰ ਜਾਰੀ ਹੋਣ ਵਾਲੇ ਕੁੱਲ 642.4 ਕਰੋੜ ਵਿੱਚੋਂ 481.60 ਕਰੋੜ ਕੇਂਦਰ ਸਰਕਾਰ ਅਤੇ 160.80 ਕਰੋੜ ਸੂਬਾ ਸਰਕਾਰ ਪ੍ਰਦਾਨ ਕਰੇਗੀ। ਕੇਂਦਰ ਸਰਕਾਰ ਪੰਜਾਬ ਨੂੰ ਦਿੱਤੇ ਜਾਣ ਵਾਲੇ ਫੰਡ ਦੀ ਪਹਿਲੀ ਕਿਸ਼ਤ 240.80 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ। ਕੇਂਦਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਦਾ ਹਵਾਲਾ ਦੇ ਕੇ ਪੰਜਾਬ ਭਾਜਪਾ ਅਤੇ ਵਿਰੋਧੀ ਧਿਰ ਦੇ ਆਗੂ ਲਗਾਤਾਰ ਪੰਜਾਬ ਸਰਕਾਰ ਨੂੰ ਘੇਰ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਪੰਜਾਬ ਸਰਕਾਰ ਨੇ ਐੱਸਡੀਆਰਐੱਫ ਦਾ ਸਾਰਾ ਪੈਸਾ ਬੇਲੋੜੇ ਖਰਚਿਆਂ ਉੱਤੇ ਲਾਇਆ ਹੈ।

**ਪੰਜਾਬ ਸਰਕਾਰ ਨੇ ਦਿੱਤਾ ਸਪੱਸ਼ਟੀਕਰਨ**

ਦੂਜੇ ਪਾਸੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਅਤੇ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਲਾਏ ਜਾ ਰਹੇ ਇਲਜ਼ਾਮਾਂ ਦਾ ਜਵਾਬ ਦਿੱਤਾ। ਹਰਪਾਲ ਚੀਮਾ ਨੇ ਕਿਹਾ ਕਿ ਸੂਬੇ ਕੋਲ 12 ਹਜ਼ਾਰ ਕਰੋੜ ਰੁਪਏ ਦਾ ਕੋਈ ਅਜਿਹਾ ਫੰਡ ਨਹੀਂ ਹੈ। "ਕੇਂਦਰ ਸਰਕਾਰ ਸਾਨੂੰ ਐੱਸਡੀਆਰਐੱਫ ਵਿੱਚ ਜੋ ਰਕਮ ਦਿੰਦੀ ਹੈ ਉਹ ਸਾਡੇ ਰਿਜ਼ਰਵ ਫੰਡ ਵਿਚ ਜਮ੍ਹਾ ਹੁੰਦੀ ਹੈ ਅਤੇ ਕੇਂਦਰ ਸਰਕਾਰ ਇਸਨੂੰ ਸਾਡੀ ਕਰਜ਼ਾ ਸੀਮਾ ਵਿੱਚੋਂ ਕੱਟਦੀ ਹੈ।" "ਉਨ੍ਹਾਂ ਕਿਹਾ ਕਿ ਜੇਕਰ ਅਸੀਂ ਐੱਸਡੀਆਰਐੱਫ ਦਾ ਵਾਧੂ ਪੈਸਾ ਕਰਜ਼ੇ ਵਜੋਂ ਲੈਂਦੇ ਹਾਂ, ਤਾਂ ਇਹ ਸਾਡੇ ਵਿੱਤੀ ਬਜਟ ਪ੍ਰਬੰਧਨ ਦੀ ਸੀਮਾ ਤੋਂ ਬਾਹਰ ਹੋ ਜਾਂਦਾ ਹੈ।" ਉਨ੍ਹਾਂ ਉਦਾਹਰਣ ਦਿੰਦਿਆਂ ਕਿਹਾ, "ਜੇਕਰ ਸਾਨੂੰ 1000 ਕਰੋੜ ਰੁਪਏ ਦੇ ਕਰਜ਼ੇ ਦੀ ਲੋੜ ਹੈ, ਤਾਂ ਸਾਡੇ ਕੋਲ ਪਈ ਐੱਸ ਡੀ ਆਰ ਐੱਫ ਰਿਜ਼ਰਵ ਫੰਡ ਦੀ ਰਕਮ ਕੱਟ ਕੇ ਸਾਨੂੰ ਪੈਸੇ ਦੇ ਦਿੱਤੇ ਜਾਂਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਤੁਹਾਡੇ ਕੋਲ ਪਹਿਲਾਂ ਹੀ ਐੱਸਡੀਆਰਐੱਫ ਦੇ ਪੈਸੇ ਹਨ।"

"ਯਾਨੀ, ਇਹ ਪੈਸਾ ਕਾਗਜ਼ਾਂ ਵਿੱਚ ਸਾਡੇ ਖਾਤੇ ਵਿੱਚ ਹੈ ਪਰ ਅਸਲ ਵਿੱਚ ਇਹ ਨਹੀਂ ਹੈ। ਜਿਵੇਂ ਹੀ ਸਾਨੂੰ ਇਸ ਖਾਤੇ ਵਿੱਚੋਂ ਕੁਝ ਖਰਚ ਕਰਨਾ ਪੈਂਦਾ ਹੈ, ਅਸੀਂ ਰਿਜ਼ਰਵ ਫੰਡ ਵਿੱਚੋਂ ਨੀ ਰਕਮ ਕੱਟ ਲੈਂਦੇ ਹਾਂ, ਜਿਸ ਨਾਲ ਸਾਡੇ ਕਰਜ਼ੇ ਦੀ ਸੀਮਾ ਵੱਧ ਜਾਂਦੀ ਹੈ।" ਪੰਜਾਬ ਸਰਕਾਰ ਵੱਲੋਂ ਅੰਕੜੇ ਜਾਰੀ ਕਰਕੇ ਕਿਹਾ ਹੈ ਕਿ ਪੰਜਾਬ ਨੂੰ ਅਪ੍ਰੈਲ 2022 ਤੋਂ ਕੇਂਦਰ ਤੋਂ ਸਿਰਫ਼ 1582 ਕਰੋੜ ਰੁਪਏ ਹੀ ਮਿਲੇ ਅਤੇ ਇਸ ਸਮੇਂ ਦੌਰਾਨ ਆਫ਼ਤ ਰਾਹਤ 'ਤੇ 649 ਕਰੋੜ ਖਰਚ ਕੀਤੇ। ਮੰਤਰੀ ਹਰਪਾਲ ਚੀਮਾ ਨੇ ਇਲਜ਼ਾਮ ਲਾਇਆ ਕਿ ਬੀਜੇਪੀ ਜਾਣਬੁਝ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਹਰਪਾਲ ਚੀਮਾ ਨੇ ਭਾਜਪਾ ਆਗੂਆਂ ਨੂੰ 'ਧ੍ਰਾਂ ਵਿੱਚ ਕੇਂਦਰ ਸਰਕਾਰ ਦੇ ਸਾਲਾਨਾ ਯੋਗਦਾਨ ਨੂੰ ਜਨਤਕ ਕਰਨ ਦੀ ਵੀ ਚੁਣੌਤੀ ਦਿੱਤੀ ਹੈ। ਹਾਲਾਂਕਿ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪੰਜਾਬ ਕੋਲ 12,000 ਕਰੋੜ ਦੇ ਫ਼ੰਡ ਨਾ ਹੋਣ ਦੀ ਗੱਲ ਦਾ ਜਵਾਬ ਗੋਲ-ਮੋਲ ਤਰੀਕੇ ਨਾਲ ਦਿੱਤਾ। ਅਮਨ ਅਰੋੜਾ ਨੇ ਕਿਹਾ ਹੈ ਕਿ ਜੇਕਰ 12,000 ਕਰੋੜ ਰੁਪਏ ਦਾ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਕੇਂਦਰ ਸਰਕਾਰ ਦੇ ਸਖ਼ਤ ਨਿਯਮਾਂ ਕਾਰਨ ਖਰਚ ਨਹੀਂ ਕੀਤਾ ਜਾ ਸਕਦਾ, ਤਾਂ ਇਸ ਦਾ ਪਏ ਰਹਿਣ ਦਾ ਕੀ ਫਾਇਦਾ? ਉਨ੍ਹਾਂ ਕਿਹਾ, "ਅਸੀਂ ਕੇਂਦਰ ਸਰਕਾਰ ਨੂੰ ਐੱਸਡੀਆਰਐੱਫ ਦੇ ਨਿਯਮਾਂ ਵਿੱਚ ਢਿੱਲ ਦੇਣ ਲਈ ਕਿਹਾ ਸੀ ਤਾਂ ਜੋ ਇਹ ਪੈਸਾ ਖਰਚ ਕੀਤਾ ਜਾ ਸਕੇ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਹੁਣ ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਸਾਡੇ ਕੋਲ 12,000 ਕਰੋੜ ਰੁਪਏ ਦਾ ਫੰਡ ਪਿਆ ਹੈ, ਇਹ ਸਹੀ ਨਹੀਂ ਹੈ।"

ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਇੱਕ ਦੂਜੇ ਉੱਤੇ ਕੀਤੀ ਜਾ ਰਹੀ ਦੂਸ਼ਣਬਾਜ਼ੀ ਵਿਚਾਲੇ ਹਰ ਕਿਸੇ ਦੇ ਮਨ ਵਿੱਚ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਆਖਰ ਕੇਂਦਰ ਵੱਲੋਂ ਜਾਰੀ ਕੀਤਾ ਗਿਆ ਪੈਸੇ ਗਿਆ ਕਿੱਥੇ? ਇਸਦਾ ਜਵਾਬ ਲੈਣ ਲਈ ਅਸੀਂ ਜੀਜੀਡੀਐੱਸਡੀ ਕਾਲਜ ਸੈਕਟਰ 32 ਚੰਡੀਗੜ੍ਹ ਵਿੱਚ ਅਰਥ ਸ਼ਾਸਤਰ ਦੇ ਐਸੋਸੀਏਟ ਪ੍ਰੋਫੈਸਰ ਡਾਕਟਰ ਮਧੁਰ ਮਹਾਜਨ ਨਾਲ ਕੀਤੀ। ਡਾਕਟਰ ਮਧੁਰ ਕੇਂਦਰ ਅਤੇ ਪੰਜਾਬ ਸਰਕਾਰ ਵਿਚਾਲੇ ਛਿੜੇ ਇਸ ਵਿਵਾਦ ਨੂੰ ਪੰਜਾਬ ਸਰਕਾਰ ਦੀਆਂ ਗਲਤੀਆਂ ਵਿੱਚੋਂ ਉਪਜੀ ਵਿੱਤੀ ਚੁਣੌਤੀ ਦੱਸਦੇ ਹਨ। ਉਹ ਕਹਿੰਦੇ ਹਨ, "ਐੱਸਡੀਆਰਐੱਫ ਦੇ ਫ਼ੰਡ ਨੂੰ ਕਿਸੇ ਵੀ ਸੂਬੇ ਵੱਲੋਂ ਵਰਤਣਾ ਕੇਂਦਰ ਸਰਕਾਰ ਤੋਂ ਉਧਾਰ ਲੈਣ ਬਰਾਬਰ ਹੈ ਅਤੇ ਫੇਰ ਇਸ ਉਧਾਰ ਨੂੰ ਵਿਆਜ ਸਮੇਤ ਮੋੜਨਾ ਵੀ ਪੈਂਦਾ ਹੈ।" "ਹਰ ਸੂਬੇ ਨੂੰ ਲੱਗਦਾ ਹੈ ਕਿ ਜੇਕਰ ਮੈਂ ਐੱਸਡੀਆਰਐੱਫ ਤਹਿਤ ਵੱਧ ਪੈਸੇ ਉਧਾਰ ਲੈ ਲਏ ਤਾਂ ਉਨ੍ਹਾਂ ਕੋਲ ਕੇਂਦਰ ਤੋਂ ਹੋਰ ਕਰਜ਼ਾ ਲੈਣ ਦੀ ਸਮਰਥਾ ਘੱਟ ਜਾਵੇਗੀ।" ਡਾਕਟਰ ਮਧੁਰ ਕਹਿੰਦੇ ਹਨ, "ਹੁਣ ਪੰਜਾਬ ਸਰਕਾਰ ਮੁਫ਼ਤ ਸਕੀਮਾਂ ਕਰਕੇ ਕਰਜ਼ੇ ਦੇ ਬੋਝ ਹੇਠ ਇੰਨੀ ਦੱਬ ਗਈ ਹੈ ਕਿ ਉਹ ਸੋਚਦੇ ਹਨ ਕਿ ਜੇਕਰ ਪੰਜਾਬ ਐੱਸਡੀਆਰਐੱਫ ਦੇ ਪੈਸੇ ਨੂੰ ਵਰਤੇਗਾ ਤਾਂ ਕੇਂਦਰ ਸਰਕਾਰ ਤੋਂ ਹੋਰ ਕਰਜ਼ਾ ਲੈਣ ਦੀ ਸਮਰਥਾ ਘੱਟ ਜਾਵੇਗੀ।" "ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਫ਼ੰਡਾਂ ਦੀ ਗਲਤ ਵਰਤੋਂ ਇਸ ਵੇਲੇ ਪੰਜਾਬ ਸਰਕਾਰ ਨੂੰ ਐੱਸਡੀਆਰਐੱਫ ਦਾ ਪੈਸੇ ਵਰਤਨ ਦੇ ਸਮਰਥ ਨਹੀਂ ਬਣਾ ਰਹੀ।"

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਸਰਕਾਰ ਉੱਤੇ ਖੜ੍ਹੇ ਕੀਤੇ ਗਏ ਸਵਾਲਾਂ ਨੂੰ ਪੰਜਾਬ ਵਿੱਚ ਵਿਰੋਧੀ ਧਿਰਾਂ ਨੇ ਵੀ ਚੰਗੇ ਮੌਕੇ ਦੀ ਤਰ੍ਹਾਂ ਵਰਤਿਆ ਅਤੇ ਪੰਜਾਬ ਸਰਕਾਰ ਉੱਤੇ ਗੰਭੀਰ ਇਲਜ਼ਾਮ ਲਾਏ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 'ਆਪ' ਸਰਕਾਰ 'ਤੇ ਇਹ 12,000 ਕਰੋੜ ਰੁਪਏ ਤਨਖਾਹਾਂ ਅਤੇ ਹੋਰ ਵਾਧੂ ਖਰਚਿਆਂ 'ਤੇ ਖ਼ਰਚ ਕਰਨ ਦਾ ਇਲਜ਼ਾਮ ਲਗਾਇਆ। ਵੜਿੰਗ ਨੇ ਆਫ਼ਤ ਰਾਹਤ ਦੀ ਗਲਤ ਵਰਤੋਂ ਕਰਨ ਲਈ ਸੂਬਾ ਸਰਕਾਰ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਨ ਦੀ ਮੰਗ ਵੀ ਕੀਤੀ। ਹਾਲਾਂਕਿ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵਾਂ 'ਤੇ ਹੀ ਸਵਾਲ ਕੀਤੇ ਹਨ।

ਉਨ੍ਹਾਂ ਨੇ ਐਕਸ ਉੱਤੇ ਲਿਖਿਆ, "ਐੱਸ ਡੀ ਆਰ ਐੱਫ ਅਧੀਨ 12,000 ਕਰੋੜ ਰੁਪਏ ਵਿੱਚੋਂ ਪੰਜਾਬ ਸਰਕਾਰ ਨੇ ਅਸਲ ਵਿੱਚ ਕਿੰਨਾ ਖਰਚ ਕੀਤਾ ਹੈ, ਜੇਕਰ ਫੰਡ ਉਪਲੱਬਧ ਹਨ, ਤਾਂ ਵਿੱਤ ਮੰਤਰੀ ਕਿਉਂ ਕਹਿ ਰਹੇ ਹਨ ਕਿ ਖਜ਼ਾਨੇ ਵਿੱਚ "ਪੈਸਾ ਨਹੀਂ" ਹੈ?" "ਕੇਂਦਰ ਸਰਕਾਰ ਸੂਬਿਆਂ ਨੂੰ ਰਾਹਤ ਪ੍ਰਦਾਨ ਕਰਨ ਲਈ ਐੱਸ ਡੀਆਰ ਐੱਫ ਦਿਸ਼ਾ-ਨਿਰਦੇਸ਼ਾਂ ਵਿੱਚ ਬੇਲੋੜੀਆਂ ਪਾਬੰਦੀਆਂ ਕਿਉਂ ਨਹੀਂ ਹਟਾ ਰਹੀ?" ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਸਿਮਰਤ ਕੌਰ ਬਾਦਲ ਅਤੇ ਦਲਜੀਤ ਸਿੰਘ ਚੀਮਾ ਨੇ ਆਫ਼ਤ ਫੰਡ ਦੀ ਵਰਤੋਂ ਵਿੱਚ ਗੜਬੜੀ ਨੂੰ "ਅਪਰਾਧਿਕ ਲਾਪਰਵਾਹੀ" ਦੱਸਿਆ ਅਤੇ ਇਸਦੀ ਕੇਂਦਰੀ ਜਾਂਚ ਕਰਵਾਉਣ ਦੀ ਮੰਗ ਕੀਤੀ। ਦੋਵਾਂ ਆਗੂਆਂ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦਿੱਤੇ ਗਏ 12,000 ਕਰੋੜ ਰੁਪਏ ਕਿੱਥੇ ਹਨ ਪੰਜਾਬ ਸਰਕਾਰ ਇਸਦਾ ਜਵਾਬ ਦੇਵੇ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਵੀ ਸੂਬਾ ਸਰਕਾਰ ਨੂੰ ਐੱਸਡੀਆਰਐੱਫ ਦੀ ਵਰਤੋਂ ਨਾ ਕਰਨ 'ਤੇ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕੀਤਾ।

# ਪਾਕਿਸਤਾਨ ਵਿਚ ਲੋਕਾਂ ਦੀਆਂ ਮੱਝਾਂ-ਗਾਵਾਂ ਦੀ ਪਛਾਣ ਹੋਈ ਮੁਸ਼ਕਿਲ

ਹੜ੍ਹ ਵਿੱਚ ਡੁੱਬਦੀਆਂ ਬਸਤੀਆਂ ਵੇਖ ਲਈਆਂ ਨੇ, ਪੌਸ਼ ਕਲੋਨੀਆਂ ਵਿੱਚ ਬਣੇ ਸੋਹਣੇ ਘਰਾਂ ਦੇ ਡ੍ਰਾਇੰਗ ਰੂਮਾਂ ਵਿੱਚ ਚਿੱਕੜ, ਪਾਣੀ ਤੇ ਗਾਰਾ ਵੇਖ ਲਿਆ ਹੈ। ਪਿੰਡਾਂ ਦੇ ਪਿੰਡ ਡੁੱਬ ਗਏ ਨੇ, ਚੰਗੇ-ਭਲੇ ਖਾਂਦੇ-ਪੀਂਦੇ ਸਫੈਦਪੋਸ਼ ਲੋਕ ਰਾਤੋਂ-ਰਾਤੀਂ ਸੜਕਾਂ ਦੇ ਕੰਢੇ ਕੈਂਪਾਂ ਵਿੱਚ ਆ ਵੱਸੇ ਨੇ। ਤੇ ਹੁਣ... ਮੱਝਾਂ ਵੇਖੋ ਤੇ ਗਾਵਾਂ ਵੇਖੋ। ਗਿਣਤੀ ਅਜੇ ਤੱਕ ਕਿਸੇ ਕੋਲ ਨਹੀਂ। ਪਰ ਪਤਾ ਨਹੀਂ ਕਿੰਨੇ ਹਜ਼ਾਰ ਆਪਣੇ ਕਿੱਲਿਆਂ 'ਤੇ ਬੰਨ੍ਹੀਆਂ ਪਾਣੀ ਵਿੱਚ ਡੁੱਬ ਗਈਆਂ ਨੇ ਤੇ ਕਿੰਨੇ ਲੱਖ ਹੜ੍ਹ ਵਿੱਚ ਵਹਿ ਕੇ ਘਰੋਂ ਬੇਘਰ ਹੋਈਆਂ ਨੇ। ਹੁਣ ਸਰਕਾਰ ਨੇ ਬੰਨ੍ਹ ਲਈਆਂ ਨੇ ਤੇ ਸਰਕਾਰ ਕਹਿੰਦੀ ਪਈ ਹੈ ਕਿ ਇਨ੍ਹਾਂ ਨੂੰ ਵਾਪਸ ਕਰਨ ਲਈ ਅਸੀਂ ਅਜੇ ਕੋਈ ਪ੍ਰੋਸੀਜ਼ਰ ਨਹੀਂ ਬਣਾਇਆ। ਇਹ ਪ੍ਰੋਸੀਜ਼ਰ ਜ਼ਾਹਿਰ ਹੈ ਸ਼ਹਿਰਾਂ 'ਚ ਹੀ ਬਣੇਗਾ ਤੇ ਸ਼ਹਿਰ ਦੇ ਬਾਬੂ ਹੀ ਬਣਾਉਣਗੇ। ਹੁਣ ਪਤਾ ਨਹੀਂ ਉਨ੍ਹਾਂ ਸ਼ਹਿਰੀ ਬਾਬੂਆਂ ਨੂੰ ਪਤਾ ਵੀ ਹੈ ਕਿ ਨਹੀਂ ਕਿ ਮੱਝ ਸਿਰਫ਼ ਮੱਝ ਨਹੀਂ ਹੁੰਦੀ, ਉਹ ਇੱਕ ਗਰੀਬ ਦੀ ਕੁੱਲ ਮਨਕੂਲਾ ਤੇ ਗੈਰ ਮਨਕੂਲਾ ਜਇਦਾਦ ਵੀ ਹੁੰਦੀ ਹੈ।

ਮੱਝ।।ਕਿੱਲੇ 'ਤੇ ਬੱਝਾ, ਉਗਾਲੀ ਕਰਦਾ, ਦੁੱਧ ਦਿੰਦਾ ਸਿਰਫ਼ ਪਸ਼ੂ ਨਹੀਂ ਹੈ। ਮੱਝ ਲੋਕਾਂ ਦੀ ਨੌਕਰੀ ਹੈ, ਲੋਕਾਂ ਦਾ ਬਿਜ਼ਨੇਸ ਹੈ, ਉਨ੍ਹਾਂ ਦੀ ਲਾਈਫ ਇਸ਼ਿ ਰੈਂਸ ਹੈ ਤੇ ਇਹ ਮੱਝ ਹੀ ਉਨ੍ਹਾਂ ਦੀ ਪੈਨਸ਼ਨ ਹੈ। ਸ਼ਹਿਰ ਵਿੱਚ ਬੈਠਾ ਮੇਰੇ, ਤੁਹਾਡੇ ਵਰਗਾ ਡੱਬੇ ਦਾ ਦੁੱਧ ਪੀਣ ਵਾਲਾ ਬੰਦਾ ਸਮਝ ਹੀ ਨਹੀਂ ਸਕਦਾ ਕਿ ਮੱਝ ਕਈ ਲੋਕਾਂ ਦਾ ਜੀਵਨ-ਮਰਨ ਹੈ। ਜਿਹਦੀਆਂ ਫਸਲਾਂ ਉਜੜੀਆਂ ਨੇ, ਬੜਾ ਨੁਕਸਾਨ ਹੋਇਆ ਹੈ ਲੇਕਿਨ ਰੱਬ ਕਰੇਗਾ ਤਾਂ ਫਿਰ ਉੱਗ ਆਉਣਗੀਆਂ ਤੇ ਚੰਗੀਆਂ ਉਗਣਗੀਆਂ। ਜਿਨ੍ਹਾਂ ਦੇ ਘਰ ਦਰਿਆ ਬੁਰਧ ਹੋਏ ਨੇ, ਉਹ ਔਖੇ-ਸੌਖੇ ਹੋ ਕੇ ਸਿਰ 'ਤੇ



ਛੱਤ ਜਾਂ ਛੱਪਰ ਪਾ ਲੈਣਗੇ। ਹੁਕੂਮਤ ਵੀ ਵਾਅਦੇ ਕਰਦੀ ਪਈ ਹੈ, ਭਾਵੇਂ ਝੂਠੇ ਹੀ ਹੋਣ ਲੇਕਿਨ ਇੱਕ ਆਸਰਾ ਤਾਂ ਹੈ। ਪਰ ਜਿਸ ਵਿਚਾਰੇ ਦੀ ਮੱਝ ਰੁੜ੍ਹ ਗਈ ਹੈ, ਉਸ ਦਾ ਕਿਸੇ ਨੇ ਨਹੀਂ ਸੋਚਿਆ। ਜਿਨ੍ਹਾਂ ਨੇ ਰੁੜ੍ਹੀਆਂ ਆਪਣੀਆਂ ਲੱਭ ਲਈਆਂ ਨੇ ਉਹ ਸਰਕਾਰ ਅੱਗੇ ਰੋਂਦੇ ਪਏ ਨੇ ਕਿ ਸਾਨੂੰ ਹੋਰ ਕੁਝ ਨਹੀਂ ਦੇ ਸਕਦੇ, ਸਾਡੀ ਮੱਝ ਤਾਂ ਵਾਪਸ ਕਰ ਦਿ । ਆਹ ਵੇਖੋ, ਆਹ ਬੈਠੀ ਹੈ, ਮੇਰੀ ਆਵਾਜ਼ ਵੀ ਸਿਆਣਦੀ ਹੈ, ਮੇਰੇ ਵੱਲ ਤੁਰ ਕੇ ਵੀ ਆਉਂਦੀ ਹੈ। ਸਰਕਾਰ ਕਹਿੰਦੀ ਹੈ ਪਹਿਲਾਂ ਕਮੇਟੀਆਂ ਬਣਨਗੀਆਂ, ਪਹਿਲਾਂ ਪ੍ਰੋਸੀਜ਼ਰ ਹੋਵੇਗਾ ਤੇ ਫਿਰ ਤੁਹਾਨੂੰ ਮੱਝ ਵਾਪਸ ਮਿਲੇਗੀ। ਪਾਲਸੀਆਂ ਲਾਹੌਰ ਤੇ ਇਸਲਾਮਾਬਾਦ ਵਿੱਚ ਹੀ ਬਣਨਗੀਆਂ, ਜਿੱਥੇ ਮੱਝ ਸਿਰਫ਼ ਦੁੱਧ ਦੇ ਇਸ਼ਤਿਹਾਰ ਵਿੱਚ ਹੀ ਨਜ਼ਰ ਆਉਂਦੀ ਹੈ। ਪੰਜਾਬ ਦੇ ਲਾਈਵ ਸਟੌਕ ਦੇ ਵਜ਼ੀਰ ਕੋਲੋਂ ਪੁੱਛਿਆ ਗਿਆ ਤੇ ਖਿਆਲ ਸੀ ਕਿ ਇਹ ਲਾਈਵ ਸਟੌਕ ਦੇ ਵਜ਼ੀਰ ਹਨ, ਇਨ੍ਹਾਂ ਨੂੰ ਮੱਝਾਂ ਦਾ ਪਤਾ ਹੀ ਹੋਵੇਗਾ। ਇਹ ਵੀ ਪਤਾ ਹੋਵੇਗਾ ਕਿ ਪਿੰਡ ਦੀ ਇਕੋਨਮੀ ਵਿੱਚ ਮੱਝ ਦਾ ਕਿੰਨਾ ਵੱਡਾ ਹਿੱਸਾ ਹੈ। ਉਨ੍ਹਾਂ ਫਰਮਾਇਆ ਕਿ ਹੜ੍ਹ ਵਿੱਚ ਜਾਨਵਰਾਂ ਨਾਲ ਜੋ ਬੀਤੀ ਹੈ ਉਸ ਬਾਰੇ ਅਸੀਂ ਅਜੇ ਕੋਈ ਪਾਲਿਸੀ ਨਹੀਂ ਬਣਾਈ, ਇਹ ਮਾਮਲਾ ਡਿਸਟ੍ਰਿਕਟ ਲੈਵਲ 'ਤੇ ਛੱਡ ਦਿੱਤਾ ਹੈ। ਡਿਸਟ੍ਰਿਕਟ ਲੈਵਲ ਵਾਲੇ ਇਹ ਕਹਿੰਦੇ ਨੇ ਬਈ ਸਾਨੂੰ ਹੋਰ ਬੜੇ ਕੰਮ ਨੇ। ਅਸੀਂ ਬੰਦੇ ਬਚਾਈਏ ਕਿ ਤੁਹਾਡੀਆਂ ਮੱਝਾਂ ਵਾਪਸ ਕਰੀਏ। ਪਹਿਲਾਂ ਅਸੀਂ ਕਮੇਟੀਆਂ ਬਣਾਵਾਂਗੇ, ਮੱਝਾਂ ਦੀ ਸ਼ਿਨਾਖਤ ਹੋਵੇਗੀ, ਫਿਰ ਤੁਹਾਨੂੰ ਵਾਪਸ ਕਰਾਂਗੇ। ਜਦੋਂ ਤੱਕ ਇਹ ਕਮੇਟੀਆਂ ਬਣਨਗੀਆਂ ਮੱਝਾਂ ਦੀਆਂ ਭੁੱਖ ਨਾਲ ਪਸਲੀਆਂ ਨਿੱਕਲ ਆਉਣੀਆਂ ਨੇ। ਮੱਝ ਵੈਸੇ ਤਾਂ ਬੜਾ ਹੀ ਸਬਰ ਵਾਲਾ ਜਾਨਵਰ ਹੈ। ਦਿਨ ਵਿੱਚ ਇੱਕ ਵਾਰ ਪੱਠੇ ਤੇ ਵੰਡਾ ਪਾ ਦਿ , ਕਿਸੇ ਗਾਰੇ ਵਾਲੇ ਤਲਾਅ 'ਚ ਛੱਡ ਦਿ ਤਾਂ ਸਾਰਾ ਦਿਨ ਖਾਮੋਸ਼ ਰਹਿੰਦੀ ਹੈ। ਪੂਰਾ ਖਾਨਦਾਨ ਪਾਲਦੀ ਹੈ, ਕੋਈ ਨਖਰਾ ਵੀ ਨਹੀਂ ਕਰਦੀ। ਅੱਜ ਵੀ ਸਾਡੇ ਹੁਕਮਰਾਨ ਭਾਵੇਂ ਆਪਣੀਆਂ ਫੋਟੋਆਂ ਲਾ ਕੇ ਮੱਝਾਂ ਨੂੰ ਖਲ-ਵੰਡਾ ਭੇਜ ਦੇਣ, ਉਨ੍ਹਾਂ ਨੇ ਕੋਈ ਇਤਰਾਜ਼ ਨਹੀਂ ਕਰਨਾ। ਇਸ ਮੁਸੀਬਤ ਦੇ ਵੇਲੇ ਜੇ ਅਸੀਂ ਆਪਣੇ ਪਾਲਣ ਵਾਲੇ ਜਾਨਵਰ ਨੂੰ ਨਹੀਂ ਪਾਲ ਸਕਦੇ ਤਾਂ ਫਿਰ ਫਿੱਟੇ-ਮੂੰਹ ਹੈ ਸਾਡਾ। ਮੱਝ ਸਾਰਾ ਸਾਲ ਸਾਡੇ ਬੱਚਿਆਂ ਨੂੰ ਦੁੱਧ ਪਿਲਾ ਕੇ ਪਾਲਦੀ ਹੈ। ਹੁਣ ਉਸ 'ਤੇ ਬੁਰਾ ਵਕਤ ਆਇਆ ਹੈ ਤਾਂ ਉਸ ਦੀ ਵੀ ਸੋਚੋ। ਖਲਕਤ ਨੇ ਜੋ ਕਹਿਣਾ ਹੈ ਕਹਿੰਦੇ ਰਹੇਗੀ ਪਰ ਇਸ ਬੇਜ਼ੁਬਾਨ ਦੀ ਬਦ-ਦੁਆ ਤਾਂ ਨਾ ਲਵੋ।

# ਮੋਦੀ ਸਰਕਾਰ ਵੱਲੋਂ ਟੈਕਸ ਢਾਂਚੇ ਵਿਚ ਤਬਦੀਲੀ ਦੇ ਆਰਥਿਕ ਤੇ ਸਿਆਸੀ ਪਹਿਲੂ



ਡਾ. ਰਾਜੀਵ ਖੋਸਲਾ

15 ਅਗਸਤ 2025 ਨੂੰ ਆਜ਼ਾਦੀ ਦਿਵਸ ਦੇ ਮੌਕੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਦੀਵਾਲੀ ਤੱਕ ਜੀਐੱਸਟੀ ਵਿੱਚ ਵੱਡੇ ਸੁਧਾਰਾਂ ਦਾ ਐਲਾਨ ਕੀਤਾ। ਉਨ੍ਹਾਂ ਜੀਐੱਸਟੀ ਨੂੰ ਸਰਲ ਬਣਾ ਕੇ ਆਮ ਜਨਤਾ ’ਤੇ ਬੋਝ ਘਟਾਉਣ ’ਤੇ ਜ਼ੋਰ ਦਿੱਤਾ। ਇਸ ਐਲਾਨ ਤੋਂ ਬਾਅਦ ਜੀਐੱਸਟੀ ਕੌਂਸਲ ਨੇ 3 ਅਤੇ 4 ਸਤੰਬਰ 2025 ਵਾਲੀ ਮੀਟਿੰਗ ਵਿੱਚ ਜੀਐੱਸਟੀ ਦਰਾਂ ਅਤੇ ਸਲੈਬਾਂ ਵਿੱਚ ਕਟੌਤੀ ਦਾ ਫੈਸਲਾ ਕੀਤਾ। ਕੌਂਸਲ ਨੇ ਜੀਐੱਸਟੀ ਸਲੈਬਾਂ ਨੂੰ 2017 ਤੋਂ ਚੱਲ ਰਹੀਆਂ ਪੰਜ ਦਰਾਂ (0, 5, 12, 18 ਤੇ 28%) ਤੋਂ ਘਟਾ ਕੇ ਮੁੱਖ ਤੌਰ ’ਤੇ ਤਿੰਨ (0, 5 ਤੇ 18) ਕਰਨ ਦਾ ਐਲਾਨ ਕੀਤਾ ਪਰ ਹਕੀਕਤ ਵਿੱਚ ਹੁਣ ਵੀ ਪੰਜ ਸਲੈਬਾਂ ਮੌਜੂਦ ਰਹਿਣਗੀਆਂ; ਪਹਿਲਾਂ ਵਾਂਗ ਹੀ 3% ਦੀ ਸਲੈਬ (ਸੋਨੇ ਲਈ) ਅਤੇ 40% ਦੀ ਨਵੀਂ ਸਲੈਬ (ਲਗਜ਼ਰੀ ਅਤੇ ਸਿਹਤ ਤੇ ਸਮਾਜ ਲਈ ਨੁਕਸਾਨਦੇਹ ਵਸਤਾਂ (ਸਿਨ ਗੌਦਸ) ਜਿਵੇਂ ਤੰਬਾਕੂ ਤੇ ਪਾਨ ਮਸਾਲੇ) ਵੀ ਇਸ ਢਾਂਚੇ ਦਾ ਹਿੱਸਾ ਹੋਣ-ਗੀਆਂ; ਭਾਵ, ਸਲੈਬਾਂ ਵਿੱਚ ਕੋਈ ਖਾਸ ਫ਼ਰਕ ਨਹੀਂ ਪਿਆ।

ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਜਿਵੇਂ ਸਾਬਣ, ਸ਼ੈਂਪੂ, ਟੂਥਪੇਸਟ, ਨਮਕੀਨ, ਚਾਕਲੇਟ ਅਤੇ ਦੁੱਧ ਉਤਪਾਦਾਂ ’ਤੇ ਜੀਐੱਸਟੀ 12% ਜਾਂ 18% ਤੋਂ ਘਟਾ ਕੇ 5% ਜਾਂ 0% ਕੀਤਾ ਹੈ। ਦਵਾਈਆਂ, ਮੈਡੀਕਲ ਸਾਜ਼ੋ-ਸਮਾਨ, ਆਟੋਮੋਬੀਲ ਖੇਤਰ, ਸਿਹਤ ਤੇ ਜੀਵਨ ਬੀਮਾ ਪਾਲਿਸੀਆਂ ’ਤੇ ਵੀ ਜੀਐੱਸਟੀ ਘਟਾਇਆ ਗਿਆ ਹੈ, ਜਾਂ ਇਹ ਖੇਤਰ ਜੀ ਐੱਸ ਟੀ ਮੁਕਤ ਹੋ ਗਏ ਹਨ। ਇਹ ਤਬ-ਦੀਲੀ 22 ਸਤੰਬਰ 2025 ਤੋਂ ਲਾਗੂ ਹੋਵ-ੇਗੀ। ਸਰਕਾਰ ਦੇ ਨੁਮਾਇੰਦੇ ਅਤੇ ਸਮਰਥਕ ਅਰਥ ਸ਼ਾਸਤਰੀ ਇਸ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤੀ ਦਰਾਮਦਾਂ ’ਤੇ ਲਗਾਏ 50% ਟੈਰਿਫ ਦੇ ਜਵਾਬ ਵਜੋਂ ਦੇਖ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਅਮਰੀਕੀ ਟੈਰਿਫ ਭਾਰਤ ਦੀ ਜੀਡੀਪੀ ਨੂੰ 0.6 ਤੋਂ 1% ਤੱਕ ਘਟਾ ਸਕਦੇ; ਹੁਣ ਜੀਐੱਸਟੀ ਦਰਾਂ ’ਚ ਕਟੌਤੀ ਨਾਲ ਲਗਭਗ ਇੰਨੀ ਹੀ ਘਰੇਲੂ ਮੰਗ ਨਾਲ ਜੀਡੀਪੀ ਵਧਣ ਦੀ ਉਮੀਦ ਹੈ; ਇਉਂ ਜੀਡੀਪੀ ਨੂੰ ਹੋਣ ਵਾਲੇ ਨੁਕਸਾਨ ਨੂੰ ਸੰਤੁਲਿਤ ਕੀਤਾ ਜਾ ਸਕਦਾ ਹੈ।

ਸਵਾਲ ਹੈ: ਜੀਐੱਸਟੀ, ਜੋ ਸਰਕਾਰ ਦੀ ਕਮਾਈ ਦਾ ਮੁੱਖ ਸਰੋਤ ਹੈ, ਉਸ ਵਿੱਚ ਤਬਦੀਲੀ ਦੀ ਕਿਉਂ ਲੋੜ ਪਈ? ਕੇਂਦਰੀ ਬਜਟ-2025 ਦੇ ਦਸਤਾਵੇਜ਼ਾਂ ਅਨੁਸਾਰ 2024-25 ਅਤੇ 2025-26 ਦੌਰਾਨ ਕੇਂਦਰ ਸਰਕਾਰ ਦੇ ਕੁੱਲ ਕਰ ਮਾਲੀਏ ਦਾ 27.5% ਭਾਗ ਜੀਐੱਸਟੀ ਤੋਂ ਆਇਆ/ਆਉਣ ਦਾ ਅਨੁਮਾਨ ਹੈ। ਜਿੱਥੇ 2024-25 ਵਿੱਚ ਸਰਕਾਰ ਨੂੰ ਜੀਐੱਸਟੀ ਤੋਂ 10.61 ਲੱਖ ਕਰੋੜ ਰੁਪਏ ਮਿਲੇ, ਉੱਥੇ 2025-26 ਵਿੱਚ 11.78 ਲੱਖ ਕਰੋੜ ਰੁਪਏ ਆਉਣ ਦੀ ਉਮੀਦ ਹੈ।

### ਜੀਐੱਸਟੀ ਕਟੌਤੀ ਦੇ ਆਰਥਿਕ ਕਾਰਨ

ਆਰਥਿਕ ਮੋਰਚੇ ’ਤੇ ਭਾਰਤ ਸਰਕਾਰ ਲਈ ਜੀਐੱਸਟੀ ਵਿੱਚ ਕਟੌਤੀ ਮਜਬੂਰੀ ਬਣ ਗਿਆ ਸੀ ਤਾਂ ਜੋ ਬਾਜ਼ਾਰ ਵਿੱਚ ਮੰਗ ਵਧਾਈ ਜਾ ਸਕੇ। ਭਾਰਤ ਦੀ ਜੀਡੀਪੀ (ਘਰੇਲੂ ਪੈਦਾਵਾਰ) ਦਾ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਇਸ ਦੇ ਚਾਰ ਮੁੱਖ ਹਿੱਸੇ ਜਾਂ ਇੰਜਣ ਹਨ: ਆਮ ਲੋਕਾਂ ਦੁਆਰਾ ਕੀਤੀ ਜਾ ਰਹੀ ਖਪਤ (ਨਿੱਜੀ ਖਪਤ), ਸਰਕਾਰ ਦੁਆਰਾ ਲੋਕਾਂ ਉੱਤੇ ਕੀਤਾ ਜਾ ਰਿਹਾ ਖਰਚਾ (ਸਰਕਾਰੀ ਖਪਤ ਖਰਚ), ਪੂੰਜੀ ਨਿਰਮਾਣ ਜਾਂ ਨਿਵੇਸ਼ (ਜਿਸ ਵਿੱਚ ਮੁੱਖ ਤੌਰ ’ਤੇ ਨਿੱਜੀ ਨਿਵੇਸ਼ ਆਉਂਦਾ ਹੈ, ਭਾਵੇਂ ਸਰਕਾਰੀ ਨਿਵੇਸ਼ ਵੀ ਇਸ ਵਿੱਚ ਸ਼ਾਮਿਲ ਹੈ) ਅਤੇ ਕੁਲ ਬਰਾਮਦ। ਮਈ 2025 ਦੇ ਸਰਕਾਰੀ ਜੀਡੀਪੀ ਅੰਕੜਿਆਂ ਅਨੁਸਾਰ, 2024-25 ਵਿੱਚ ਨਿੱਜੀ ਖਪਤ ਦਾ ਹਿੱਸਾ 56.5% ਸੀ, ਜੋ 2008-09 ਵਿੱਚ (ਸੰਸਾਰ ਵਿੱਤੀ ਸੰਕਟ ਤੋਂ ਬਾਅਦ) ਲਗਭਗ 59.5% ਸੀ। ਇਹ ਦਰਸਾਉਂਦਾ ਹੈ ਕਿ ਨਿੱਜੀ ਖਪਤ ਵਾਲਾ ਇੰਜਣ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ। ਪਿਛਲੇ ਕੁਝ ਸਮੇਂ ਤੋਂ ਸਰਕਾਰੀ ਖਪਤ ਖਰਚ ਅਤੇ ਨਿੱਜੀ ਨਿਵੇਸ਼ ਵੀ ਢਿੱਲੇ ਹਨ, ਜਿਸ ਕਾਰਨ ਸਿਰਫ ਸਰਕਾਰੀ ਨਿਵੇਸ਼ ਉੱਤੇ ਹੀ ਅਰਥਚਾਰੇ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਹੈ। ਆਮ ਲੋਕਾਂ ਦੀ ਘੱਟ ਖਪਤ ਅਤੇ ਘੱਟ ਨਿੱਜੀ ਨਿਵੇਸ਼ ਵਿਚਕਾਰ ਸਬੰਧ ਵੀ ਵਿਕਸਤ ਹੁੰਦਾ ਹੈ। ਦਰਅਸਲ, ਜਿੱਥੇ ਨੋਟਬੰਦੀ (2016), ਵੱਡੀਆਂ ਕੰਪਨੀਆਂ ਦੇ ਹੱਕ ਵਿੱਚ ਲਾਗੂ ਜੀਐੱਸਟੀ (2017) ਅਤੇ ਕਰੋਨਾ ਵੇਲੇ ਲਾਗੂ ਕੀਤੇ ਸਖ਼ਤ ਲੌਕਡਾਊਨ (2020) ਨੇ ਖੇਤੀਬਾੜੀ, ਸੂਖਮ, ਛੋਟੇ ਤੇ ਦਰਮਿਆਨੇ ਉੱਦਮਾਂ ਅਤੇ ਹਾਸ਼ੀਏ ’ਤੇ ਧੱਕੇ ਕਾਮਿਆਂ ਨੂੰ ਨਕਾਰਾਤਮਕ ਤੌਰ ’ਤੇ ਪ੍ਰਭਾਵਿਤ ਕੀਤਾ, ਉੱਥੇ ਰੂਸ-ਯੂਕਰੇਨ ਜੰਗ ਤੋਂ ਬਾਅਦ ਆਈ ਬੇਤਹਾਸ਼ਾ ਮਹਿੰਗਾਈ (2022) ਨੇ ਆਮ ਲੋਕਾਂ ਦੀ ਖਰੀਦ ਸ਼ਕਤੀ ਖੋਹ ਲਈ। ਇਹ ਖਰੀਦ ਸ਼ਕਤੀ ਘਟੀ ਤਾਂ ਕਾਰਪੋਰੇਟਾਂ ਵਾਲਾ ਨਿੱਜੀ ਨਿਵੇਸ਼ ਵੀ ਘਟ ਗਿਆ। ਭਾਰਤੀ ਕਾਰਪੋਰੇਟਾਂ (ਖਾਸ ਕਰ ਆਟੋਮੋਬੀਲ, ਮੋਬਾਈਲ ਤੇ ਵਾਸ਼ਿੰਗ ਮਸ਼ੀਨ, ਟੀਵੀ, ਕੂਲਰ, ਫਰਿੱਜ ਆਦਿ ਵਾਲੀਆਂ ਕੰਪਨੀਆਂ) ਦੀਆਂ ਬੈਲੈਂਸ ਸ਼ੀਟਾਂ ਦਰਸਾਉਂਦੀਆਂ ਹਨ ਕਿ ਉਹ ਆਮ ਜਨਤਾ ਲਈ ਉਤਪਾਦਨ ਦੀ ਬਜਾਏ ਹੁਣ ਕੇਵਲ ਕੀਮਤਾਂ ਵਧਾ ਕੇ ਜਾਂ ਪ੍ਰੀਮੀਅਮ ਵਰਗ ਦੀਆਂ ਵਸਤੂਆਂ ਬਣਾ ਕੇ ਬਾਜ਼ਾਰ ਵਿੱਚ ਟਿਕੇ ਹੋਏ ਹਨ। ਸਰਕਾਰ ਨੇ ਪਿਛਲੇ ਕੁਝ ਬਜਟਾਂ ਵਿੱਚ ਲੋਕਾਂ ’ਤੇ ਖਪਤ ਖਰਚ ਅਤੇ ਪੂੰਜੀਗਤ ਖਰਚ ਵਧਾ ਕੇ ਮੰਗ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕੀਤੀ, ਪਰ ਇਸ ਦਾ ਕੋਈ ਖਾਸ ਲਾਭ ਨਹੀਂ ਮਿਲਿਆ। ਇਸ ਕਾਰਨ ਹੁਣ ਮੰਗ ਸੁਰਜੀਤ ਕਰ ਕੇ ਨਿੱਜੀ ਖੇਤਰ ਨੂੰ ਮੁੜ ਖੜ੍ਹਾ ਕਰਨ ਲਈ ਜੀਐੱਸਟੀ ਵਿੱਚ ਕਟੌਤੀ ਜ਼ਰੂਰੀ ਹੋ ਗਈ ਸੀ।

ਇਸ ਤੋਂ ਪਹਿਲਾਂ ਵੀ ਸਰਕਾਰ ਨੇ ਬਾਜ਼ਾਰ ਵਿੱਚ ਘਟਦੀ ਮੰਗ ਵਧਾਉਣ ਲਈ ਕਈ ਉਪਾਅ ਕੀਤੇ ਹਨ। 2019 ਵਿੱਚ ਪੀਐੱਮ ਕਿਸਾਨ ਯੋਜਨਾ ਸ਼ੁਰੂ ਕੀਤੀ ਜੋ ਕਿਸਾਨਾਂ ਨੂੰ ਸਿੱਧੀ ਵਿੱਤੀ ਸਹਾਇਤਾ ਦਿੰਦੀ ਹੈ। ਇਸੇ ਸਾਲ ਕਾਰਪੋਰੇਟ ਟੈਕਸ 30% ਤੋਂ ਘਟਾ ਕੇ 22% ਕੀਤਾ ਤਾਂ ਜੋ ਨਿੱਜੀ ਨਿਵੇਸ਼ ਵਧ ਸਕੇ। 2020 ਵਿੱਚ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ 80 ਕਰੋੜ (ਹੁਣ ਕੌਮੀ ਭੋਜਨ ਸੁਰੱਖਿਆ ਐਕਟ ਹੇਠ 81|5 ਕਰੋੜ) ਲੋਕਾਂ ਨੂੰ ਮੁਫਤ ਅਨਾਜ ਵੰਡਣ ਦੀ ਸ਼ੁਰੂਆਤ ਹੋਈ। 2023-24 ਦੇ ਬਜਟ ਵਿੱਚ ਸਰਕਾਰ ਨੇ ਆਪਣੇ ਪੂੰਜੀਗਤ ਖਰਚੇ 37.4% ਵਧਾ ਕੇ 10 ਲੱਖ ਕਰੋੜ ਰੁਪਏ ਕਰ ਦਿੱਤੇ। ਇਹ ਰੁਝਾਨ ਜਾਰੀ ਰੱਖਦਿਆਂ 2024-25 ਦੇ ਬਜਟ ਵਿੱਚ ਇਸ ਨੂੰ 11.11 ਲੱਖ ਕਰੋੜ ਰੁਪਏ ਅਤੇ ਹੁਣ 2025-26 ਦੇ ਬਜਟ ਵਿੱਚ 11.21 ਲੱਖ ਕਰੋੜ ਰੁਪਏ ਤੱਕ ਵਧਾਉਣ ਦਾ ਪ੍ਰਸਤਾਵ ਕੀਤਾ। 2025 ਵਿੱਚ 12 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਕੀਤੀ ਅਤੇ ਕੇਂਦਰੀ ਬੈਂਕ ਨੇ ਵੀ ਪਿਛਲੇ 6 ਮਹੀਨਿਆਂ ਦੌਰਾਨ ਵਿਆਜ ਦਰ (ਰੈਪੋ ਰੇਟ) ਘਟਾਈ ਹੈ ਤਾਂ ਜੋ ਲੋਕਾਂ ਅਤੇ ਵਪਾਰੀਆਂ ਲਈ ਕਰਜ਼ੇ ਸਸਤੇ ਹੋ ਸਕਣ। ਜਦੋਂ ਇਹ ਸਾਰੇ ਉਪਾਅ ਅਰਥਚਾਰੇ ਨੂੰ ਲੋੜੀਂਦੀ ਮਦਦ ਦੇਣ ਵਿੱਚ ਅਸਫਲ ਹੋਏ ਤਾਂ ਸਰਕਾਰ ਨੇ ਹੁਣ ਆਖ਼ਿਰੀ ਹਥਿਆਰ ਵਜੋਂ ਜੀਐੱਸਟੀ ਦਰਾਂ ਵਿੱਚ ਕਟੌਤੀ ਕੀਤੀ; ਹਾਲਾਂਕਿ ਕਟੌਤੀ ਦੀ ਸਿਫਾਰਿਸ਼ ਤਾਂ 2021 ਤੋਂ ਗਰੁੱਪ ਆਫ ਮਿਨਿਸਟਰਜ਼ ਦੀ ਰਿਪੋਰਟ ਦੇ ਆਧਾਰ ’ਤੇ ਜੀਐੱਸਟੀ ਕੌਂਸਲ ਕੋਲ ਪਈ ਸੀ।

### ਜੀਐੱਸਟੀ ਕਟੌਤੀ ਦੇ ਸਿਆਸੀ ਕਾਰਨ

ਜੀਐੱਸਟੀ ਦਰਾਂ ਵਿੱਚ ਕਟੌਤੀ ਦੇ ਸਿਆਸੀ ਕਾਰਨ ਸਮਝਣ ਲਈ ਦੋ ਮੁੱਖ ਨੁਕਤਿਆਂ ’ਤੇ ਵਿਚਾਰ ਜ਼ਰੂਰੀ ਹੈ। ਪਹਿਲਾ, ਜੀਐੱਸਟੀ ਖਪਤ ਆਧਾਰਿਤ ਟੈਕਸ ਹੈ, ਜਿਸ ਦਾ ਬੋਝ ਅੰਤ ਵਿੱਚ ਖਪਤਕਾਰਾਂ ’ਤੇ ਪੈਂਦਾ ਹੈ, ਕਿਉਂਕਿ ਸਪਲਾਇਰ ਤੇ ਉਤਪਾਦਕ ਇਨਪੁਟ ਟੈਕਸ ਕ੍ਰੈਡਿਟ ਪ੍ਰਣਾਲੀ ਰਾਹੀਂ ਆਪਣਾ ਟੈਕਸ ਵਾਪਸ ਪ੍ਰਾਪਤ ਕਰ ਲੈਂਦੇ ਹਨ। ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਸਰਕਾਰ ਨੂੰ ਉਮੀਦ ਹੈ ਕਿ ਜੀਐੱਸਟੀ ਦਰਾਂ ’ਚ ਕਟੌਤੀ ਨਾਲ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਸਸਤੀਆਂ ਹੋਣਗੀਆਂ, ਜੋ ਬਿਹਾਰ ਦੇ ਲੋਕਾਂ ਨੂੰ ਵੀ ਸਿੱਧੀ ਰਾਹਤ ਦੇਣਗੀਆਂ। ਭਾਜਪਾ ਸਰਕਾਰ ਨੇ ਇਸ ਨੂੰ ਬਿਹਾਰ ਚੋਣਾਂ ਲਈ ਸਿਆਸੀ ਹਥਿਆਰ ਬਣਾਇਆ ਹੈ।

ਦੂਜਾ, ਅਮਰੀਕੀ ਵਪਾਰ ਪ੍ਰਤੀਨਿਧੀ (ਯੂ ਐੱਸ ਟੀ ਆਰ) ਨੇ ਭਾਰਤ ਦੀ ਜੀਐੱਸਟੀ ਪ੍ਰਣਾਲੀ ਨੂੰ ਜਟਿਲ ਅਤੇ ਉਲਝਣ ਵਾਲੀ ਕਰਾਰ ਦਿੱਤਾ ਸੀ। ਜੀਐੱਸਟੀ ਸਲੈਬਾਂ ਸਰਲ ਕਰ ਕੇ ਅਤੇ ਦਰਾਂ ਘਟਾ ਕੇ ਸਰਕਾਰ ਨੇ ਇਸ ਪ੍ਰਣਾਲੀ ਨੂੰ ਵਧੇਰੇ ਪਾਰਦਰਸ਼ੀ ਅਤੇ ਕੌਮਾਂਤਰੀ ਮਿਆਰਾਂ ਦੇ ਅਨੁਕੂਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਦਮ ਟਰੰਪ ਪ੍ਰਸ਼ਾਸਨ ਨਾਲ ਵਪਾਰਕ ਸਬੰਧ ਸੁਧਾਰਨ ਅਤੇ ਦੁਵੱਲੀ ਗੱਲਬਾਤ ਦੌਰਾਨ ਅਮਰੀਕਾ ਵੱਲੋਂ ਭਾਰਤ ’ਤੇ ਲੱਗੇ ਟੈਰਿਫ ਘਟਾਉਣ ਲਈ ਭਾਰਤ ਦੀ ਹਾਲਤ ਨੂੰ ਮਜ਼ਬੂਤ ਕਰ ਸਕਦਾ ਹੈ।

### ਜੀਐੱਸਟੀ ਕਟੌਤੀ ਦਾ ਪ੍ਰਭਾਵ

ਜੀਐੱਸਟੀ ਦਰ ਵਿੱਚ ਕਟੌਤੀ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਇਸ ਨਾਲ ਭਾਰਤ ਵਿੱਚ ਮਹਿੰਗਾਈ ਘਟ ਸਕਦੀ ਹੈ ਅਤੇ ਆਮ ਲੋਕਾਂ ਦੀ ਜ਼ਿੰਦਗੀ ਸੁਖਾਲੀ ਹੋ ਸਕਦੀ ਹੈ। ਐੱਚ ਡੀ ਐੱਫ ਸੀ, ਆਈ ਡੀ ਐੱਫ ਸੀ, ਸਟੇਟ ਬੈਂਕ ਆਫ ਇੰਡੀਆ ਅਤੇ ਬੈਂਕ ਆਫ ਬੜੌਦਾ ਦੀਆਂ ਰਿਪੋਰਟਾਂ ਅਨੁਸਾਰ, ਜੀਐੱਸਟੀ ਕਟੌਤੀ ਨਾਲ ਅਗਲੇ 12 ਮਹੀਨਿਆਂ ਵਿੱਚ ਮਹਿੰਗਾਈ 0.5-0.8% ਘਟ ਸਕਦੀ ਹੈ, ਬਸ਼ਰਤੇ ਕੰਪਨੀਆਂ ਇਸ ਲਾਭ ਨੂੰ ਪੂਰੀ ਤਰ੍ਹਾਂ ਜਨਤਾ ਤੱਕ ਪਹੁੰਚਾਉਣ। ਜੇ ਖਪਤਕਾਰਾਂ ਨੂੰ ਸਿਰਫ ਅੰਸ਼ਕ ਲਾਭ ਹੀ ਮਿਲਦਾ ਹੈ ਤਾਂ ਮਹਿੰਗਾਈ ਵਿੱਚ ਕਮੀ ਸੀਮਤ ਰਹੇਗੀ। ਭਾਰਤੀ ਖਪਤਕਾਰ ਮੰਤਰਾਲੇ ਦੀ 2020 ਵਿੱਚ ਜਾਰੀ ਰਿਪੋਰਟ ਵਿੱਚ ਦਰਜ ਹੈ ਕਿ 2019 ਵਿੱਚ ਜੀਐੱਸਟੀ ਦਰ ਵਿੱਚ 18% ਤੋਂ 12% ਕਟੌਤੀ ਦੇ ਬਾਵਜੂਦ ਕੇਵਲ 30% ਕੰਪਨੀਆਂ ਨੇ ਕੀਮਤਾਂ ਘਟਾਈਆਂ। ਜੀਐੱਸਟੀ ਦੀ ਨੈਸ਼ਨਲ ਐਂਟੀ-ਪ੍ਰੋਫਿਟੀਅਰਿੰਗ ਅਥਾਰਟੀ 2022 ’ਚ ਖਤਮ ਹੋਣ ਕਾਰਨ ਕੰਪਨੀਆਂ ਦੀਆਂ ਕਾਰਵਾਈਆਂ ’ਤੇ ਨਿਗਰਾਨੀ ਲਈ ਹੁਣ ਕੋਈ ਮਜ਼ਬੂਤ ਵਿਵਸਥਾ ਨਹੀਂ ਹੈ, ਜਿਸ ਨਾਲ ਲੋਕਾਂ ਨੂੰ ਲਾਭ ਜਾਂ ਮਹਿੰਗਾਈ ਵਿੱਚ ਕਮੀ ਦੀ ਸੰਭਾਵਨਾ ਅਨਿਸ਼ਚਿਤ ਹੈ।




ਭਾਰਤ ਸਰਕਾਰ ਦੀ ਜਾਣਕਾਰੀ ਮੁਤਾਬਿਕ, 12% ਤੇ 28% ਦੀਆਂ ਜੀ ਐੱਸ ਟੀ ਦਰਾਂ ਹਟਣ ਅਤੇ ਆਮ ਵਸਤਾਂ ਸਸਤੀਆਂ ਹੋਣ ਬਾਅਦ ਹੁਣ ਰਾਜਾਂ ਤੇ ਕੇਂਦਰ ਸਰਕਾਰ ਤੇ ਸ਼ੁੱਧ ਵਿੱਤੀ ਪ੍ਰਭਾਵ ਸਾਲਾਨਾ ਆਧਾਰ ’ਤੇ 48,000 ਕਰੋੜ ਰੁਪਏ ਦਾ ਹੋਵੇਗਾ, ਪਰ ਕੇਂਦਰ ਸਰਕਾਰ ਨੇ ਇਹ ਕਮੀ ਪੂਰੀ ਕਰਨ ਲਈ ਹੁਣ ਤਕ ਕੋਈ ਉਪਾਅ ਨਹੀਂ ਸੁਝਾਇਆ। ਇਸ 48,000 ਕਰੋੜ ਰੁਪਏ ਦੇ ਨੁਕਸਾਨ ਦਾ ਵੱਡਾ ਹਿੱਸਾ ਰਾਜਾਂ ਨੂੰ ਸਹਿਣਾ ਪਵੇਗਾ, ਇਸ ਲਈ ਰਾਜ ਸਰਕਾਰਾਂ ਨੂੰ ਵਧੇਰੇ ਕਰਜ਼ਾ ਲੈਣਾ ਪੈ ਸਕਦਾ ਹੈ। ਬੈਂਕਾਂ ਨੇ ਇਸ ਸਮੱਸਿਆ ਦੇ ਮੱਦੇਨਜ਼ਰ ਪਹਿਲਾਂ ਹੀ ਰਿਜ਼ਰਵ ਬੈਂਕ ਨੂੰ ਸੂਚਿਤ ਕਰ ਦਿੱਤਾ ਹੈ ਕਿ ਰਾਜਾਂ ਦੀ ਕਮਜ਼ੋਰ ਵਿੱਤੀ ਹਾਲਤ ਕਾਰਨ ਉਹ ਉਨ੍ਹਾਂ ਨੂੰ ਲੰਮੇ ਸਮੇਂ ਦੀ ਬਜਾਏ ਛੋਟੇ ਸਮੇਂ ਦੇ ਕਰਜ਼ੇ ਦੇਣ ਨੂੰ ਤਰਜੀਹ ਦੇਣਗੇ।

ਜ਼ਿਕਰਯੋਗ ਹੈ ਕਿ ਕਰਜ਼ਿਆਂ ’ਤੇ ਵਿਆਜ ਦਰ ਵਧਣੀ ਸ਼ੁਰੂ ਹੋ ਚੁੱਕੀ ਹੈ, ਭਾਵੇਂ ਕੇਂਦਰੀ ਬੈਂਕ ਕਰਜ਼ੇ ਸਸਤੇ ਕਰਨ ’ਤੇ ਜ਼ੋਰ ਦੇ ਰਿਹਾ ਹੈ। ਰਾਜ ਸਰਕਾਰਾਂ ਵਿਆਜ ਅਤੇ ਕਰਜ਼ੇ ਦੀ ਅਦਾਇਗੀ ਲਈ ਆਪਣੇ ਅਧਿਕਾਰ ਅਧੀਨ ਵਸਤੂਆਂ (ਪੈਟਰੋਲ, ਡੀਜ਼ਲ, ਸ਼ਰਾਬ, ਵਾਹਨ ਰਜਿਸਟ੍ਰੇਸ਼ਨ ਆਦਿ) ’ਤੇ ਟੈਕਸ ਵਧਾ ਕੇ ਮਾਲੀਆ ਵਧਾਉਣ ਦੀ ਕੋਸ਼ਿਸ਼ ਕਰ ਸਕਦੀਆਂ ਹਨ, ਪਰ ਇਸ ਨਾਲ ਮਹਿੰਗਾਈ ਘਟਣ ਦੀ ਸੰਭਾਵਨਾ ਘਟ ਜਾਂਦੀ ਹੈ। ਜੇ ਕੇਂਦਰ ਸਰਕਾਰ ਵੀ ਪਹਿਲਾਂ ਵਾਂਗ ਹੀ ਰਾਜ ਸਰਕਾਰਾਂ ਨੂੰ ਕਿਸੇ ਤਰੀਕੇ ਦੇ ਸੈੱਸ (ਗ੍ਰੀਨ ਸੈੱਸ, ਸਿਨ ਗੁਡਜ਼ ਸੈੱਸ ਆਦਿ) ਲਗਾ ਕੇ ਮੁਆਵਜ਼ਾ ਦੇਣ ਦੀ ਕੋਸ਼ਿਸ਼ ਕਰਦੀ ਹੈ ਤਾਂ ਵੀ ਮਹਿੰਗਾਈ ਨੂੰ ਠੱਲ੍ਹ ਨਹੀਂ ਪੈ ਸਕਦੀ। ਜ਼ਾਹਿਰ ਹੈ ਕਿ ਜੀਐੱਸਟੀ ਦਰਾਂ ਵਿੱਚ ਕਟੌਤੀ ਦਾ ਮਕਸਦ ਭਾਵੇਂ ਘਰੇਲੂ ਮੰਗ ਵਧਾਉਣਾ ਅਤੇ ਮਹਿੰਗਾਈ ਘਟਾਉਣਾ ਹੈ, ਪਰ ਕੰਪਨੀਆਂ ਦੀਆਂ ਕਾਰਵਾਈਆਂ ’ਤੇ ਨਿਗਰਾਨੀ ਦੀ ਘਾਟ ਅਤੇ ਸਰਕਾਰਾਂ ਦੇ ਵਧਦੇ ਕਰਜ਼ੇ ਇਸ ਦੇ ਅਸਰ ਨੂੰ ਸੀਮਤ ਕਰ ਸਕਦੇ ਹਨ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
CTEC California Tax Education Council Registered Tax Preparer
Open 7 Days
Weekends/Evenings
(Year Round Service)
Resonalbe Rates
Call for Appointment
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com



# ਨੇਪਾਲ ਵਿਚ ਹਿੰਸਾ ਕਿਉਂ ਹੋਈ?

ਰਿਸ਼ੀ ਗੁਪਤਾ

ਨੇਪਾਲ ਵਿਚ ਨੌਜਵਾਨਾਂ ਦੇ ਅੰਦੋਲਨ ਨੇ ਦੇਸ਼ ਵਿਚ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਹੈ। "ਜੈਨ-ਜੀ" ਕਹੇ ਜਾਣ ਵਾਲੇ ਇਨ੍ਹਾਂ ਨੌਜਵਾਨਾਂ ਦੀ ਮੁਹਿੰਮ ਨੇ ਨੇਪਾਲ ਸਰਕਾਰ ਦੁਆਰਾ ਇੰਟਰਨੈੱਟ ਮੀਡੀਆ ਨਾਲ ਜੁੜੇ ਕੁਝ ਐਪਸ ਅਤੇ ਵੈੱਬਸਾਈਟਾਂ 'ਤੇ ਪਾਬੰਦੀ ਲਗਾਉਣ ਦੇ ਨਾਲ ਹੀ ਜ਼ੋਰ ਫੜਿਆ। ਸਰਕਾਰ ਦੁਆਰਾ ਪ੍ਰਦਰਸ਼ਨਕਾਰੀਆਂ 'ਤੇ ਸਖ਼ਤੀ ਕਰਨ ਕਾਰਨ ਨੌਜਵਾਨਾਂ ਦੀ ਮੁਹਿੰਮ ਇੰਨੀ ਹਿੰਸਕ ਹੋ ਗਈ ਕਿ ਪ੍ਰਧਾਨ ਮੰਤਰੀ ਸਮੇਤ ਕਈ ਮੰਤਰੀਆਂ ਨੂੰ ਅਸਤੀਫ਼ੇ ਨਾਲ ਵੀ ਗੱਲ ਨਾ ਬਣੀ ਅਤੇ ਉਨ੍ਹਾਂ ਨੂੰ ਆਪਣੀ ਜਾਨ ਬਚਾ ਕੇ ਭੱਜਣਾ ਪਿਆ।

ਸਵਾਲ ਉੱਠਦਾ ਹੈ ਕਿ ਕੀ ਇੰਟਰਨੈੱਟ ਮੀਡੀਆ ਕੰਪਨੀਆਂ 'ਤੇ ਪਾਬੰਦੀ ਲਗਾਉਣ ਦਾ ਲੀ ਸਰਕਾਰ ਦਾ ਫ਼ੈਸਲਾ ਸਹੀ ਸੀ? ਸਰਕਾਰ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਕਿਉਂਕਿ ਇੰਟਰਨੈੱਟ ਮੀਡੀਆ ਕੰਪਨੀਆਂ ਨੇ ਦੇਸ਼ ਦੇ ਖ਼ੁਦਮੁਖਤਾਰ ਢਾਂਚੇ ਨੂੰ ਨਕਾਰਿਆ, ਇਸ ਲਈ ਦੇਸ਼ ਦੇ ਕਾਨੂੰਨ ਅਤੇ ਪ੍ਰਭੁਸੱਤਾ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਪਏ।

ਇਸ ਸਿਲਸਿਲੇ ਵਿਚ ਸਵਾਲ ਇਹ ਵੀ ਹੈ ਕਿ ਨੇਪਾਲ ਨੇ ਹੁਣ ਤੱਕ ਕਿਉਂ ਇਨ੍ਹਾਂ ਪਲੇਟਫਾਰਮਾਂ ਨੂੰ ਚਲਾਉਣ ਦੀ ਆਗਿਆ ਦਿੱਤੀ ਅਤੇ ਕਿਉਂ ਸਰਕਾਰੀ ਦਫ਼ਤਰਾਂ, ਵਿਭਾਗਾਂ, ਮੰਤਰਾਲਿਆਂ ਅਤੇ ਮੰਤਰੀਆਂ ਨੂੰ ਇੰਟਰਨੈੱਟ ਮੀਡੀਆ ਅਕਾਊਂਟ ਬਣਾਉਣ ਅਤੇ ਚਲਾਉਣ ਦੀ ਆਗਿਆ ਦਿੱਤੀ ਗਈ? ਸਿੱਧਾ ਜਵਾਬ ਹੈ ਕਿ ਸਰਕਾਰ ਦੀ ਮਨਸ਼ਾ ਇੰਟਰਨੈੱਟ ਮੀਡੀਆ ਨੂੰ ਕੰਟਰੋਲ ਕਰਨ ਦੀ ਸੀ ਤਾਂ ਜੋ ਉਸ 'ਤੇ ਚੱਲ ਰਹੇ ਅੰਦੋਲਨ ਨੂੰ ਕਮਜ਼ੋਰ ਕੀਤਾ ਜਾ ਸਕੇ। ਅਜਿਹੀਆਂ ਸਥਿਤੀਆਂ ਕਿਵੇਂ ਬਣੀਆਂ? ਇਸ ਲਈ ਪਿਛਲੇ ਮਹੀਨੇ ਇੰਟਰਨੈੱਟ ਮੀਡੀਆ 'ਤੇ ਚੱਲੇ 'ਨੇਪੋ ਕਿਡਜ਼' ਯਾਨੀ ਰਾਜਨੀਤੀ ਅਤੇ ਵਪਾਰ ਵਿਚ ਭਾਈ-ਭਤੀਜਾਵਾਦ ਖ਼ਿਲਾਫ਼ ਅੰਦੋਲਨ ਦਾ ਜ਼ਿਕਰ ਜ਼ਰੂਰੀ ਹੈ।



ਨੇਪਾਲ ਦੀ ਜੈਨ-ਜੀ ਪੀੜ੍ਹੀ ਨੇ ਇਕ ਖੁੱਲ੍ਹਾ ਅੰਦੋਲਨ ਛੇੜ ਰੱਖਿਆ ਸੀ, ਜਿਸ ਵਿਚ ਸਿਆਸਤਦਾਨਾਂ, ਸਾਬਕਾ ਪ੍ਰਧਾਨ ਮੰਤਰੀਆਂ ਅਤੇ ਮੰਤਰੀਆਂ ਦੇ ਬੱਚਿਆਂ ਦੀ ਆਲੀਸ਼ਾਨ ਜੀਵਨਸ਼ੈਲੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਆਮਦਨੀ ਤੋਂ ਵੱਧ ਆਮਦਨ ਵਰਗੇ ਮੁੱਦਿਆਂ 'ਤੇ ਵੀ ਉਹ ਹਮਲਾਵਰ ਰਹੇ। ਅਜਿਹੇ ਵਿਚ ਸਰਕਾਰ 'ਤੇ ਦਬਾਅ ਸੀ ਕਿ ਉਹ ਇੰਟਰਨੈੱਟ ਮੀਡੀਆ ਨੂੰ ਕੰਟਰੋਲ ਕਰੇ। ਇਸ ਦੌਰਾਨ ਇੰਟਰਨੈੱਟ ਮੀਡੀਆ ਕੰਪਨੀਆਂ ਨੇ ਰਜਿਸਟ੍ਰੇਸ਼ਨ ਨਹੀਂ ਕੀਤੀ ਅਤੇ ਉਨ੍ਹਾਂ 'ਤੇ ਪਾਬੰਦੀ ਲਗਾਉਣ ਦਾ ਮੌਕਾ ਮਿਲ ਗਿਆ।

ਇਸ ਅਚਾਨਕ ਕਾਰਵਾਈ ਕਾਰਨ ਸਕੂਲ-ਕਾਲਜ ਜਾਣ ਵਾਲੀ ਪੀੜ੍ਹੀ ਗੁੱਸੇ ਹੋ ਗਈ। ਇਕ ਅਜਿਹਾ ਵਿਰੋਧ-ਪ੍ਰਦਰਸ਼ਨ ਜੋ ਸ਼ਾਂਤੀਪੂਰਵਕ ਹੋਣਾ ਸੀ, ਉਹ ਇਸ ਕਾਰਨ ਹਿੰਸਕ ਹੋ ਗਿਆ ਕਿਉਂਕਿ ਸੁਰੱਖਿਆ ਬਲਾਂ ਨੇ ਇਸ ਨੂੰ ਦਬਾਉਣ ਲਈ ਪੂਰੀ ਤਾਕਤ ਲਗਾਈ ਅਤੇ ਇਸ ਤੋਂ ਬਾਅਦ ਹਿੰਸਾ ਦੀ ਅੱਗ ਲੱਗ ਗਈ ਜੋ ਅਜੇ ਤੱਕ ਵੀ ਸ਼ਾਂਤ ਹੁੰਦੀ ਨਹੀਂ ਦਿਸ ਰਹੀ ਹੈ। ਜੇਕਰ ਪ੍ਰਧਾਨ ਮੰਤਰੀ ਓਲੀ ਨੇ ਗੱਲਬਾਤ ਦਾ ਰਸਤਾ ਅਪਣਾਇਆ ਹੁੰਦਾ ਤਾਂ ਮਾਮਲਾ ਸ਼ਾਂਤ ਹੋ ਸਕਦਾ ਸੀ। ਕੇਪੀ ਲੀ 'ਤੇ 'ਤਾਨਾਸ਼ਾਹੀ' ਢੰਗ ਨਾਲ ਸਰਕਾਰ ਚਲਾਉਣ ਦੇ ਦੋਸ਼ ਲੱਗਦੇ ਰਹੇ ਸਨ, ਅਜਿਹੇ 'ਚ ਇੰਟਰਨੈੱਟ ਦਾ ਬੰਦ ਕੀਤਾ ਜਾਣਾ ਪ੍ਰਗਟਾਵੇ ਅਤੇ ਵਿਚਾਰਾਂ ਦੀ ਆਜ਼ਾਦੀ 'ਤੇ ਇਕ ਵੱਡਾ ਹਮਲਾ ਸਮਝਿਆ ਗਿਆ।

ਇਸ ਤਰ੍ਹਾਂ ਦੋ ਦਿਨਾਂ ਤੋਂ ਘੱਟ ਸਮੇਂ ਵਿਚ ਨੇਪਾਲ ਇਕ ਅਜੀਬੋ-ਗ਼ਰੀਬ ਸਥਿਤੀ ਵਿਚ ਪਹੁੰਚ ਗਿਆ। ਫ਼ਿਲਹਾਲ ਫ਼ੌਜ ਨੇ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈ ਲਈ ਹੈ ਪਰ ਸਰਕਾਰ ਚਲਾਉਣ ਲਈ ਕੋਈ ਤੰਤਰ ਮੌਜੂਦ ਨਹੀਂ ਹੈ। ਅਨੁਮਾਨ ਹੈ ਕਿ ਇੱਥੇ ਵੀ ਬੰਗਲਾਦੇਸ਼ ਦੀ ਤਰ੍ਹਾਂ ਇਕ ਅੰਤਰਿਮ ਸਰਕਾਰ ਬਣਾਈ ਜਾਵੇਗੀ ਅਤੇ ਇਸ ਵਿਚ ਨੌਜਵਾਨਾਂ ਨੂੰ ਵੀ ਪ੍ਰਤੀਨਿਧਤਾ ਮਿਲੇਗੀ। ਅਜਿਹੀ ਸੰਭਾਵੀ ਸਰਕਾਰ ਦੀ ਕਮਾਨ ਸੰਭਾਲਣ ਲਈ ਕੁਝ ਨਾਵਾਂ ਦੀ ਚਰਚਾ ਵੀ ਚੱਲ ਰਹੀ ਹੈ। ਨੇਪਾਲ ਦੇ ਰਾਜਨੀਤਕ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ 14 ਤੋਂ 25 ਸਾਲ ਉਮਰ ਵਰਗ ਵਾਲਿਆਂ ਦੀ ਅਗਵਾਈ ਵਿਚ ਅਜਿਹਾ ਅੰਦੋਲਨ ਹੋਇਆ। ਨੇਪਾਲ ਵਿਚ ਅੰਦੋਲਨ ਵੈਸੇ ਤਾਂ ਆਮ ਗੱਲ ਰਹੀ ਹੈ।

ਫਿਰ ਚਾਹੇ 1990 ਦਾ ਅੰਦੋਲਨ ਹੋਵੇ, ਜਦੋਂ ਰਾਜਨੀਤਕ ਪਾਰਟੀਆਂ ਨੇ ਰਾਜਸ਼ਾਹੀ ਤੋਂ ਉਨ੍ਹਾਂ 'ਤੇ ਲੱਗੀਆਂ ਪਾਬੰਦੀਆਂ ਨੂੰ ਹਟਾਉਣ ਦੀ ਮੰਗ ਕੀਤੀ ਹੋਵੇ ਜਾਂ 2006 ਦਾ ਜਨ ਅੰਦੋਲਨ ਜਿਸ ਕਾਰਨ ਨੇਪਾਲ ਵਿਚ ਰਾਜਸ਼ਾਹੀ ਹਟੀ ਅਤੇ ਪੂਰਨ ਲੋਕਤੰਤਰ ਦੀ ਸਥਾਪਨਾ ਹੋਈ।

ਇਸ ਸਭ ਦੇ ਵਿਚਕਾਰ ਇਹ ਮੰਨਣਾ ਸਹੀ ਨਹੀਂ ਹੋਵੇਗਾ ਕਿ ਇੰਟਰਨੈੱਟ ਮੀਡੀਆ 'ਤੇ ਪਾਬੰਦੀ ਹੀ ਇਸ ਰੋਹ ਦਾ ਇਕੱਲਾ ਕਾਰਨ ਬਣੀ। ਉੱਥੇ ਲੋਕ ਭ੍ਰਿਸ਼ਟਾਚਾਰ ਤੋਂ ਵੀ ਬਹੁਤ ਪੀੜਤ ਹੋ ਗਏ ਸਨ। ਜਦੋਂ ਸਰਕਾਰਾਂ ਤੇ ਪ੍ਰਸ਼ਾਸਨ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਨਹੀਂ ਉਤਰਦੇ, ਮਨਮਰਜ਼ੀਆਂ ਕਰਦੇ ਹਨ, ਲੋਕਾਂ ਦੇ ਹਿੱਤਾਂ ਦੇ ਉਲਟ ਕੰਮ ਕਰਨ ਲੱਗਦੇ ਹਨ, ਤਾਂ ਅੰਤ ਨੂੰ ਇਹੀ ਕੁਝ ਹੋਣਾ ਹੁੰਦਾ ਹੈ।

ਨੇਪਾਲ ਵਿਚ ਸਦੀਆਂ ਪੁਰਾਣੀ ਰਾਜਸ਼ਾਹੀ ਪ੍ਰਣਾਲੀ ਖ਼ਿਲਾਫ਼ ਚੱਲੇ ਦਸ ਸਾਲਾਂ ਦੇ ਲੰਬੇ ਅੰਦੋਲਨ ਤੋਂ ਬਾਅਦ 2006 ਵਿਚ ਲੋਕਤੰਤਰ ਦਾ ਨਗਾਰਾ ਵੱਜਿਆ ਅਤੇ 2008 ਵਿਚ ਪਹਿਲੀ ਲੋਕਤੰਤਰੀ ਚੋਣ ਹੋਈ ਪਰ ਜਿਸ ਭਰੋਸੇ ਨਾਲ ਮਾਓਵਾਦੀ ਸਰਕਾਰ ਨੂੰ ਪੂਰਨ ਸਮਰਥਨ ਮਿਲਿਆ, ਉਹ ਉਸ 'ਤੇ ਖ਼ਰੀ ਨਹੀਂ ਉਤਰ ਸਕੀ। ਪਹਿਲੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਲ ਉਰਫ਼ ਪ੍ਰਚੰਡ ਨੂੰ ਸਾਲ ਭਰ ਦੇ ਅੰਦਰ ਹੀ ਅਸਤੀਫ਼ਾ ਦੇਣਾ ਪਿਆ ਸੀ। ਤਦ ਤੋਂ ਲੈ ਕੇ ਅੱਜ ਤੱਕ ਨੇਪਾਲ ਵਿਚ ਇਕ ਦਰਜਨ ਤੋਂ ਵੀ ਵੱਧ ਪ੍ਰਧਾਨ ਮੰਤਰੀ ਬਣ ਚੁੱਕੇ ਹਨ ਅਤੇ ਕੋਈ ਵੀ ਪ੍ਰਧਾਨ ਮੰਤਰੀ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕਿਆ। ਇਸ ਤੋਂ ਸਾਬਿਤ ਹੁੰਦਾ ਹੈ ਕਿ ਨੇਪਾਲ ਵਿਚ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਆਪਣੀ ਕਾਰਗੁਜ਼ਾਰੀ ਨਾਲ ਸੰਤੁਸ਼ਟ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ।

ਇਸ ਦੇ ਨਾਲ ਹੀ ਜਿਸ ਤਰ੍ਹਾਂ ਏਮਾਲੇ ਪਾਰਟੀ ਦੇ ਕੇਪੀ ਸ਼ਰਮਾ ਲੀ, ਮਾ ਵਾਦੀ ਆਗੂ ਪ੍ਰਚੰਡ ਅਤੇ ਨੇਪਾਲੀ ਕਾਂਗਰਸ ਦੇ ਸ਼ੇਰ ਬਹਾਦੁਰ ਦੇਉਬਾ ਨੇ ਗੱਠਜੋੜ ਜ਼ਰੀਏ ਕਿਸੇ ਵੀ ਸਥਿਤੀ ਵਿਚ ਸੱਤਾ ਨਾਲ ਚਿੰਬੜੇ ਰਹਿਣ ਨੂੰ ਤਰਜੀਹ ਦਿੱਤੀ, ਉਸ ਨੇ ਵੀ ਰਾਜਨੀਤਕ ਅਸਥਿਰਤਾ ਨੂੰ ਵਧਾਇਆ। ਰਾਜਨੀਤਕ ਅਸਥਿਰਤਾ ਦਾ ਨੀਤੀਆਂ 'ਤੇ ਵੀ ਵਿਆਪਕ ਅਸਰ ਪਿਆ ਜਿਸ ਤੋਂ ਵਿਦੇਸ਼ ਨੀਤੀ ਵੀ ਅਣਛੋਹੀ ਨਹੀਂ ਰਹੀ। ਕਿਸੇ ਸਰਕਾਰ ਨੇ 'ਇੰਡੀਆ-ਕਾਰਡ' ਦਾ ਇਸਤੇਮਾਲ ਕੀਤਾ ਤੇ ਦੂਜੀ ਨੇ 'ਚਾਈਨਾ-ਕਾਰਡ' ਦਾ। ਦੇਸ਼ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਕਮੀ ਤੋਂ ਲੈ ਕੇ ਚੰਗੀਆਂ ਸਿੱਖਿਆ ਸੰਸਥਾਵਾਂ ਦੀ ਘਾਟ ਵੀ ਲੋਕਾਂ ਨੂੰ ਚਿੰਤਤ ਕਰ ਰਹੀ ਸੀ। ਉੱਪਰੋਂ ਉਪਲਬਧ ਢਾਂਚੇ ਦਾ ਰਾਜਨੀਤੀਕਰਨ, ਦੁਰਉਪਯੋਗ ਅਤੇ ਭ੍ਰਿਸ਼ਟਾਚਾਰ ਦੇਖ ਕੇ ਉਨ੍ਹਾਂ ਦਾ ਸਬਰ ਖ਼ਤਮ ਹੁੰਦਾ ਗਿਆ।

ਇਸ ਕਾਰਨ ਹੀ ਬਿਹਤਰ ਮੌਕਿਆਂ ਦੀ ਤਲਾਸ਼ ਵਿਚ ਆਬਾਦੀ ਦਾ ਇਕ ਵੱਡਾ ਹਿੱਸਾ ਦੇਸ਼ ਛੱਡ ਕੇ ਪਲਾਇਨ ਕਰ ਗਿਆ। ਕੁਦਰਤੀ ਸੰਪਤੀ ਨਾਲ ਸੰਪੰਨ ਅਤੇ ਸੈਰ-ਸਪਾਟੇ ਦੀ ਦ੍ਰਿਸ਼ਟੀ ਨਾਲ ਅਪਾਰ ਸੰਭਾਵਨਾਵਾਂ ਵਾਲਾ ਦੇਸ਼ ਆਪਣੇ ਸਾਹਮਣੇ ਉਪਲਬਧ ਮੌਕਿਆਂ ਦਾ ਲਾਭ ਨਹੀਂ ਉਠਾ ਸਕਿਆ। ਸਿਆਸੀ ਪਾਰਟੀਆਂ ਅਤੇ ਸਰਕਾਰਾਂ ਦੇ ਖ਼ਿਲਾਫ਼ ਭਾਵਨਾਵਾਂ ਉਬਾਲਾ ਲੈਣ ਲੱਗੀਆਂ ਹਨ ਅਤੇ ਹੁਣ ਉਸ ਦਾ ਹੀ ਪ੍ਰਗਟੀਕਰਨ ਹੋ ਰਿਹਾ ਹੈ।

ਜਿਸ ਤਰ੍ਹਾਂ ਦੀਆਂ ਤਸਵੀਰਾਂ ਇਸ ਸਮੇਂ ਨੇਪਾਲ ਤੋਂ ਆ ਰਹੀਆਂ ਹਨ, ਉਨ੍ਹਾਂ ਨੂੰ ਦੇਖ ਕੇ ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਵਿਰੋਧ-ਪ੍ਰਦਰਸ਼ਨ ਵਿਚ ਕੁਝ ਗ਼ੈਰ-ਸਮਾਜੀ ਅਨਸਰ ਵੀ ਸ਼ਾਮਲ ਹੋ ਗਏ ਹਨ। ਦੇਸ਼ ਭਰ ਵਿਚ ਅੱਗਜ਼ਨੀ, ਜਨਤਕ-ਨਿੱਜੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਲੁੱਟ-ਖੋਹ ਦੀਆਂ ਖ਼ਬਰਾਂ ਆ ਰਹੀਆਂ ਹਨ। ਇਸ ਸਮੇਂ ਨੇਪਾਲ ਇਕ ਦੋਰਾਹੇ 'ਤੇ ਖੜ੍ਹਾ ਹੈ। ਇਕ ਰਾਹ ਨਵੇਂ ਲੋਕਤੰਤਰੀ ਢਾਂਚੇ ਦਾ ਮੌਕਾ ਤਿਆਰ ਕਰਨ ਵਾਲਾ ਹੈ ਅਤੇ ਜੇਕਰ ਇਸ ਮੌਕੇ ਨੂੰ ਗੁਆਇਆ ਜਾਂਦਾ ਹੈ ਤਾਂ ਰਾਜਨੀਤਕ ਅਸਥਿਰਤਾ ਵਧਦੀ ਜਾਵੇਗੀ। ਇਸ ਕਾਰਨ ਇਹ ਮੁਲਕ ਤਰੱਕੀ ਦੀ ਪਟੜੀ ਤੋਂ ਲਹਿ ਜਾਵੇਗਾ ਤੇ ਇਸ ਦਾ ਅਰਥਚਾਰਾ ਵੀ ਬਿਮਾਰ ਹੋ ਸਕਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਨੇਪਾਲ ਵਿਚ ਜਲਦ ਤੋਂ ਜਲਦ ਹਾਲਾਤ ਆਮ ਵਰਗੇ ਬਣਨ ਤੇ ਸਿਆਸੀ ਅਸਥਿਰਤਾ ਦਾ ਦੌਰ ਸਮਾਪਤ ਹੋਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਨੇਪਾਲ ਬਰਬਾਦੀ ਵੱਲ ਵਧਦਾ ਜਾਵੇਗਾ।ਇਹ ਘਟਨਾ ਹੋਰ ਦੇਸ਼ਾਂ ਲਈ ਵੀ ਸਬਕ ਹੈ ਕਿ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਖ਼ਰਾ ਉਤਰਨਾ ਅਤੇ ਜਨਤਾ ਦੇ ਮੁੱਦਿਆਂ ਨਾਲ ਜੁੜੇ ਰਹਿਣਾ ਕਿੰਨਾ ਮਹੱਤਵਪੂਰਨ ਹੁੰਦਾ ਹੈ। ਇਨ੍ਹਾਂ ਦੀ ਅਣਦੇਖੀ ਦੇ ਨਤੀਜੇ ਨੇਪਾਲ ਤੋਂ ਪਹਿਲਾਂ ਸ੍ਰੀਲੰਕਾ ਅਤੇ ਬੰਗਲਾਦੇਸ਼ ਵਿਚ ਵੀ ਦੇਖਣ ਨੂੰ ਮਿਲ ਚੁੱਕੇ ਹਨ।

# ਪੰਜਾਬ ਦੇ ਗੁੰਝਲਦਾਰ ਹਾਲਾਤ ਅਤੇ ਸਮਾਜਿਕ ਬੇਚੈਨੀ

ਪ੍ਰੋ. ਮੇਹਰ ਮਾਣਕ

ਕਿਸੇ ਵੀ ਸਮਾਜ ਦੀ ਬਣਤਰ ਅਤੇ ਵਿਕਾਸ ਲਈ ਅਰਥਚਾਰਾ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ। ਕਿੱਤੇ ਨਾਲ ਜੁੜੀ ਮਨੁੱਖੀ ਸ਼ਕਤੀ ਆਪਣੀ ਕਿਰਤ ਰਾਹੀਂ ਇਸ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਪੰਜਾਬ ਜਿਸ ਦੀ ਬਹੁਗਿਣਤੀ ਵੱਸੋਂ ਪਿੰਡਾਂ ਵਿੱਚ ਰਹਿੰਦੀ ਹੈ ਤੇ ਖੇਤੀ ਨਾਲ ਜੁੜੀ ਹੋਈ ਹੈ, ਮੁਲਕ ਦੇ ਅੰਨ ਭੰਡਾਰਾਂ 'ਚ 60% ਤੱਕ ਹਿੱਸਾ ਪਾਉਂਦਾ ਰਿਹਾ ਹੈ। ਸੂਬੇ ਵਿੱਚ ਬਹੁਤੀਆਂ ਵੱਡੀਆਂ ਜੋਤਾਂ ਨਹੀਂ ਕਿਉਂਕਿ ਵਿੱਚ ਬਹੁਗਿਣਤੀ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ; ਇੱਕ ਤਿਹਾਈ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ; ਭਾਵ, ਬਹੁਗਿਣਤੀ ਛੋਟੇ ਤੇ ਗਰੀਬ ਕਿਸਾਨਾਂ ਦੀ ਹੈ ਜੋ ਸਖ਼ਤ ਮਿਹਨਤ ਨਾਲ ਸਿਰਫ ਆਪਣੇ ਪਰਿਵਾਰ ਹੀ ਨਹੀਂ ਪਾਲਦ ਬਲਕਿ ਮੁਲਕ ਲਈ ਵੀ ਅੰਨ ਮੁਹੱਈਆ ਕਰਵਾਉਂਦੇ ਹਨ। ਇਸ ਦੇ ਬਾਵਜੂਦ ਵੀ ਸ਼ਾਸਨ ਅਤੇ ਪ੍ਰਸ਼ਾਸਨ ਨੇ ਇਸ ਖੇਤਰ ਦੀਆਂ ਦਿੱਕਤਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਹਰੀ ਕ੍ਰਾਂਤੀ ਨੇ ਜਿੱਥੇ ਪੈਦਾਵਾਰ ਵਿੱਚ ਅਥਾਹ ਵਾਧਾ ਕੀਤਾ, ਉੱਥੇ ਖੇਤੀ ਖੇਤਰ ਨੂੰ ਮੰਡੀ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ। ਇਉਂ ਖੇਤੀ ਖਰਚਿਆਂ/ਲਾਗਤਾਂ ਦੇ ਲਗਾਤਾਰ ਵਾਧੇ, ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਅਤੇ ਕਰਜ਼ੇ ਕਾਰਨ ਕਿਸਾਨੀ ਨੂੰ ਮੰਦਹਾਲੀ ਵੱਲ ਧੱਕ ਦਿੱਤਾ।

ਕੌਮੀ ਪੱਧਰ ਉੱਤੇ ਹਰ ਕਿਸਾਨ ਪਰਿਵਾਰ ਸਿਰ 74121 ਰੁਪਏ ਔਸਤਨ ਕਰਜ਼ਾ ਹੈ। ਪੰਜਾਬ ਵਿੱਚ ਇਹ ਕਰਜ਼ਾ 2.05 ਲੱਖ ਰੁਪਏ, ਹਰਿਆਣਾ ਵਿੱਚ 1.83 ਲੱਖ, ਹਿਮਾਚਲ ਪ੍ਰਦੇਸ਼ ਵਿੱਚ 85285 ਅਤੇ ਜੰਮੂ ਕਸ਼ਮੀਰ ਵਿੱਚ 30435 ਰੁਪਏ ਹੈ। 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ ਜੋ 2022-23 ਵਿੱਚ 73673 ਕਰੋੜ ਰੁਪਏ ਤੱਕ ਪਹੁੰਚ ਗਿਆ। ਇਉਂ ਕਰਜ਼ੇ ਦੀ ਪੰਡ ਹੌਲੀ ਹੋਣ ਦੀ ਥਾਂ ਦਿਨ-ਬਦਿਨ ਭਾਰੀ ਹੋ ਰਹੀ ਹੈ। ਇਸੇ ਆਰਥਿਕ ਬੇਵਸੀ ਅਤੇ ਨਿਰਾਸ਼ਤਾ ਵਿੱਚੋਂ ਹੀ ਕਿਸਾਨ ਕਦੇ ਆਤਮ-ਹੱਤਿਆ ਕਰਦਾ ਹੈ ਅਤੇ ਕਦੇ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਦਾ ਹੈ। ਅਧਿਐਨਾਂ ਮੁਤਾਬਿਕ ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ 30 ਹਜ਼ਾਰ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ ਅਤੇ ਕਿਸਾਨ ਅੰਦੋਲਨ ਦੀ ਜਾਗਰੂਕਤਾ ਤੇ ਸਮਾਜਿਕ ਸਮੂਹਿਕ ਢਾਰਸ ਦੇ ਬਾਵਜੂਦ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਖ਼ੁਦ ਨੂੰ ਲੁੱਟਿਆ-ਪੁੱਟਿਆ ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ (2002) ਦੀ ਰਿਪੋਰਟ ਮੁਤਾਬਿਕ ਤਕਰੀਬਨ 40% ਕਿਸਾਨਾਂ ਨੇ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਸਰਕਾਰੀ ਨੀਤੀਆਂ ਵਿੱਚ ਕੋਈ ਖਾਸ ਤਬਦੀਲੀ ਨਾ ਹੋਣ ਕਾਰਨ ਹਾਲਾਤ ਹੋਰ ਗੰਭੀਰ ਹੋ ਚੁੱਕੇ ਹਨ। ਘਾਟੇ ਦਾ ਵਣਜ ਹੋਣ ਦੇ ਬਾਵਜੂਦ ਕਿਸਾਨੀ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਾਨਸਿਕ ਕਾਰਨਾਂ ਕਰ ਕੇ ਧਰਤੀ/ਖੇਤੀ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਇਸੇ ਪ੍ਰਸੰਗ ਵਿੱਚ ਕਿਸਾਨਾਂ ਦੀ ਲਾਮਬੰਦੀ ਅਤੇ ਹੁਣੇ ਵਾਪਸ ਹੋਈ ਲੈਂਡ ਪੂਲਿੰਗ ਨੀਤੀ ਦੇ ਸਬੰਧਾਂ ਨੂੰ ਸਮਝਣਾ ਬਿਹਤਰ ਰਹੇਗਾ।

ਹਰੇ ਇਨਕਲਾਬ ਵਾਲੇ ਮਾਡਲ ਨੇ ਇਕੱਲੇ ਆਰਥਿਕ ਖੇਤਰ ਹੀ ਨਹੀਂ, ਕੁਦਰਤੀ ਸੋਮਿਆਂ ਦਾ ਉਜਾੜਾ ਵੀ ਕੀਤਾ। ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਖ਼ਾਤਿਰ ਲੱਗੇ ਹੋਏ ਹਨ। ਜ਼ਮੀਨ ਹੇਠਲੇ ਪਾਣੀ ਦੀ ਪਰਤ 20 ਫੁੱਟ ਤੱਕ ਖ਼ਤਮ ਹੋ ਚੁੱਕੀ ਹੈ। ਦੂਜੀ ਪਰਤ ਪਿਛਲੇ 10 ਸਾਲਾਂ ਵਿੱਚ 100 ਤੋਂ 200 ਫੁੱਟ ਤੱਕ ਖ਼ਤਮ ਹੋ ਚੁੱਕੀ ਹੈ। ਤੀਜੀ ਪਰਤ ਜੋ 350 ਫੁੱਟ ਤੋਂ ਡੂੰਘੀ ਹੈ, ਉਹ ਹੁਣ ਝੋਨੇ ਦੀ ਸਿੰਜਾਈ ਲਈ ਵਰਤੀ ਜਾ ਰਹੀ ਹੈ। ਝੋਨੇ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਚਿੰਤਾ ਵਾਲੀ ਹਾਲਤ ਵਿੱਚ ਹਨ। ਜਿਉਂ-ਜਿਉਂ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਤਿਉਂ-ਤਿਉਂ ਬੋਰ ਡੂੰਘੇ ਕਰਨ ਅਤੇ ਮੁੜ ਜ਼ਿਆਦਾ ਪਾਵਰ ਵਾਲੀਆਂ ਸਬਮਰਸੀਬਲ ਮੋਟਰਾਂ ਲਾਉਣ ਨਾਲ ਖਰਚਿਆਂ ਦਾ ਬੋਝ ਵਧ ਰਿਹਾ ਹੈ। ਸੈਂਟਰਲ ਬੋਰਡ ਆਫ ਗਰਾਊਂਡ ਵਾਟਰ ਮੁਤਾਬਿਕ, 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ; ਭਾਵ, ਪੰਜਾਬ ਰੇਗਿਸਤਾਨ ਬਣ ਜਾਵੇਗਾ। ਧਰਤੀ ਵਿੱਚ ਲਗਾਤਾਰ ਹੋ ਰਹੇ ਬੋਰ ਇੱਕ ਨਾ ਇੱਕ ਦਿਨ ਕਿਸੇ ਨਾ ਕਿਸੇ ਕੁਦਰਤੀ ਆਫ਼ਤ ਦਾ ਕਾਰਨ ਬਣਨਗੇ। ਮਾਹਿਰਾਂ ਮੁਤਾਬਿਕ, ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਨਿਕਾਸੀ ਕਾਰਨ ਵਾਟਰ ਬਾਡੀਜ਼ ਦੀਆਂ ਬਣਤਰਾਂ ਵਿੱਚ ਵਿਗਾੜ ਪੈਦਾ ਹੋ ਸਕਦੇ ਹਨ। ਹਰ ਸਾਲ ਝੋਨੇ ਹੇਠ ਰਕਬਾ ਵਧ ਰਿਹਾ ਹੈ ਜੋ ਹੁਣ 32 ਲੱਖ ਹੈਕਟੇਅਰ ਤੋਂ ਉੱਪਰ ਪਹੁੰਚ ਗਿਆ ਹੈ। ਸਰਕਾਰ ਦੇ ਰੋਕਣ ਦੇ ਬਾਵਜੂਦ ਪਾਬੰਦੀਸ਼ੁਦਾ ਝੋਨੇ ਦੀਆਂ ਵੰਨਗੀਆਂ ਦੀ ਲੁਆਈ ਹੋਈ। ਝੋਨੇ ਦੀ ਸਿੱਧੀ ਲੁਆਈ ਦਾ ਰਕਬਾ ਤੇਜ਼ੀ ਨਾਲ ਘਟਿਆ ਹੈ। ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇਣ ਦੀ ਸਰਕਾਰੀ ਸਹੂਲਤ ਨੇ ਵੀ ਕੰਮ ਨਹੀਂ ਕੀਤਾ। ਦੂਜੇ, ਚੌਲ ਪੰਜਾਬ ਦੇ ਲੋਕਾਂ ਦੀ ਖੁਰਾਕ ਦਾ ਹਿੱਸਾ ਨਹੀਂ; ਇਸ ਦੇ ਬਾਵਜੂਦ ਨਫ਼ੇ ਕਾਰਨ ਇਹ ਸਭ ਕੁਝ ਹੋ ਰਿਹਾ ਹੈ।

ਇਕੱਲੇ ਪਾਣੀ ਦੀ ਹੀ ਬਰਬਾਦੀ ਨਹੀਂ ਸਗੋਂ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਮਨੁੱਖੀ ਸਮਾਜਿਕ ਜੀਵਨ ਨੂੰ ਤਬਾਹ ਕਰ ਰਹੀ ਹੈ ਅਤੇ ਸਮੁੱਚਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ।

ਸੂਬੇ ਵਿੱਚ ਜ਼ਹਿਰਾਂ ਦੀ ਅੰਨ੍ਹੇਵਾਹ ਵਰਤੋਂ ਸਿਰਫ ਝੋਨੇ/ਕਣਕ ਤੱਕ ਸੀਮਤ ਨਹੀਂ, ਸਬਜ਼ੀਆਂ ਤੇ ਫਲਾਂ ਵਿੱਚ ਜ਼ਹਿਰਾਂ ਦੀ ਮਿਕਦਾਰ ਮਿੱਥੀ ਹੱਦ ਤੋਂ ਕਿਤੇ ਪਾਰ ਜਾ ਚੁੱਕੀ ਹੈ। ਪਸ਼ੂਆਂ ਲਈ ਚਾਰਾ ਵੀ ਜ਼ਹਿਰਾਲਾ ਹੋ ਚੁੱਕਿਆ ਹੈ। ਆਲ ਇੰਡੀਆ ਕੋਆਰਡੀਨੇਟਡ ਰਿਸਰਚ ਪ੍ਰਾਜੈਕਟ ਦੀ ਰਿਪੋਰਟ ਮੁਤਾਬਿਕ ਫ਼ਲ, ਸਬਜ਼ੀਆਂ ਤੇ ਅਨਾਜ ਵਿੱਚ ਡੀਡੀਟੀ, ਬੀਐੱਚਸੀ, ਐੱਚਸੀਐੱਚ ਦੇ ਅੰਸ਼ ਮੌਜੂਦ ਹਨ। ਹੋਰ ਤਾਂ ਹੋਰ, ਇਨ੍ਹਾਂ ਕੀਟਨਾਸ਼ਕਾਂ ਦਾ ਮੱਝਾਂ, ਗਾਵਾਂ ਦੇ ਦੁੱਧ ਅਤੇ ਮੱਖਣ 'ਤੇ ਵੀ ਮਾਰੂ ਅਸਰ ਹੋ ਰਿਹਾ ਹੈ। ਪੰਜਾਬ ਸਰਕਾਰ ਦੇ ਸਰਵੇ ਮੁਤਾਬਿਕ ਮੁਕਤਸਰ, ਬਠਿੰਡਾ, ਮਾਨਸਾ, ਫਿਰੋਜ਼ਪੁਰ ਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਰਸਾਇਣਕ ਜ਼ਹਿਰੀਲਾਪਣ ਅਣਕਿਆਸੀ ਹੱਦ ਤੱਕ ਜਾ ਚੁੱਕਿਆ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਵੀ ਆਪਣੀ ਰਿਪੋਰਟ ਵਿੱਚ ਅਜਿਹੇ ਨਤੀਜਿਆਂ 'ਤੇ ਪੁੱਜਿਆ ਹੈ। ਇਨ੍ਹਾਂ ਖ਼ਤਰਨਾਕ ਤੱਤਾਂ ਦਾ ਮਨੁੱਖੀ ਜੀਵਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਅਤੇ ਨਵਜੰਮੇ ਬੱਚੇ ਜੀਨ ਗੜਬੜੀ ਕਾਰਨ ਮੰਦਬੁੱਧੀ ਦਾ ਸ਼ਿਕਾਰ ਹੋ ਰਹੇ ਹਨ। ਸੰਸਾਰ ਸਿਹਤ ਸੰਸਥਾ ਮੁਤਾਬਿਕ 80% ਬਿਮਾਰੀਆਂ ਦਾ ਕਾਰਨ ਪਾਣੀ ਦੀ ਵਿਗੜੀ ਹਾਲਤ ਹੈ। ਪੰਜਾਬ ਦੀ ਦੱਖਣ-ਪੱਛਮੀ ਪੱਟੀ ਕੈਂਸਰ ਨੇ ਗ੍ਰਿਫ਼ਤ ਵਿੱਚ ਹੈ। ਕੈਂਸਰ ਤੋਂ ਬਚਾਅ ਅਤੇ ਇਸ ਦੇ ਸਹੀ ਇਲਾਜ ਲਈ ਕਿਧਰੇ ਕੋਈ ਸਾਰਥਕ ਹੰਭਲਾ ਦਿਖਾਈ ਨਹੀਂ ਦੇ ਰਿਹਾ। ਦਰਿਆਵਾਂ ਅਤੇ ਨਹਿਰਾਂ ਦਾ ਪਾਣੀ ਫੈਕਟਰੀਆਂ 'ਚੋਂ ਡਿੱਗ ਰਹੇ ਤੇਜ਼ਾਬਾਂ ਕਾਰਨ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਮਰ ਰਹੇ ਹਨ। ਘੱਗਰ ਜੋ ਤਕਰੀਬਨ ਬਰਸਾਤੀ ਦਰਿਆ ਹੈ, ਵਿੱਚ ਨਾਲਿਆਂ ਰਾਹੀਂ ਹਿਮਾਚਲ, ਚੰਡੀਗੜ੍ਹ, ਪੰਚਕੂਲਾ, ਪੰਜਾਬ ਅਤੇ ਹਰਿਆਣਾ ਦੇ ਨਾਲ ਲਗਦੇ ਸ਼ਹਿਰਾਂ ਦੀਆਂ ਫੈਕਟਰੀਆਂ ਅਤੇ ਸੀਵਰੇਜ ਦਾ ਦੂਸ਼ਿਤ ਪਾਣੀ ਸੁੱਟ ਕੇ ਇਸ ਨੂੰ ਜ਼ਹਿਰੀਲਾ ਬਣਾ ਦਿੱਤਾ ਗਿਆ ਹੈ। ਦੂਸ਼ਿਤ ਪਾਣੀ ਨਾ ਸਿਰਫ ਜ਼ਮੀਨ ਅਤੇ ਹੇਠਲੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਇਉਂ ਪੁਆਧ ਦਾ ਜਿਹੜਾ ਖੇਤਰ ਵਾਤਾਵਰਨ ਪੱਖੋਂ ਸ਼ੁੱਧ ਮੰਨਿਆ ਜਾਂਦਾ ਸੀ, ਉਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਿਆ ਹੈ।

ਪੰਜਾਬ ਅੰਦਰ ਇਕੱਲਾ ਸੋਕਾ ਹੀ ਨਹੀਂ, ਡੋਬਾ ਵੀ ਬਰਸਾਤ ਦੇ ਦਿਨਾਂ ਵਿੱਚ ਸੂਬੇ ਦੀ ਅਹਿਮ ਸਮੱਸਿਆ ਹੈ। ਹੜ੍ਹਾਂ ਬਾਰੇ ਅਕਸਰ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹ ਆ ਰਹੇ ਹਨ ਪਰ ਜੇ ਮੀਂਹ ਪੈਣ ਦੇ ਰੁਝਾਨ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲਾਂ ਵਿੱਚ ਮੀਂਹ ਪੈਣ ਦੀ ਔਸਤ ਘਟੀ ਹੈ। ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਮੀਂਹ ਬਹੁਤ ਜ਼ਿਆਦਾ ਪਏ ਹਨ ਜਿਸ ਨਾਲ ਪੰਜਾਬ ਅੰਦਰ ਹੜ੍ਹਾਂ ਕਾਰਨ ਅਣਕਿਆਸੀ ਤਬਾਹੀ ਦੇਖਣ ਨੂੰ ਮਿਲ ਰਹੀ ਹੈ। ਹੁਣ ਪਹਿਲਾਂ ਵਾਂਗ ਲੰਮੀਆਂ ਝੜੀਆਂ ਨਹੀਂ ਲਗਦੀਆਂ; ਬਸ ਕੁਝ ਥਾਵਾਂ ਉੱਤੇ ਇੱਕਦਮ ਬੱਦਲ ਫਟ ਕੇ ਮਣਾਂ ਮੂੰਹੀਂ ਪਾਣੀ ਡਿੱਗ ਪੈਂਦਾ ਹੈ। ਪਹਾੜੀ ਇਲਾਕਿਆਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ 'ਚ ਅਥਾਹ ਵਾਧਾ ਹੋਇਆ ਹੈ। ਆਲਮੀ ਤਪਸ਼ ਵਧ ਗਈ ਹੈ। ਤਰੱਕੀ ਦੇ ਨਾਂ ਹੇਠ ਬਿਨਾਂ ਇਹ ਸੋਚੇ ਸਮਝੇ ਕਿ ਇਸ ਦੇ ਵਾਤਾਵਰਨ 'ਤੇ ਕੀ ਮਾਰੂ ਪ੍ਰਭਾਵ ਹੋਣਗੇ, ਪਹਾੜਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ। ਪਹਾੜ ਪੋਲੇ ਪੈ ਰਹੇ ਹਨ। ਕੁਦਰਤ ਦਾ ਤਵਾਜ਼ਨ ਵਿਗੜ ਰਿਹਾ ਹੈ। ਅਸਲ ਵਿੱਚ ਸਮਾਜਿਕ, ਪ੍ਰਸ਼ਾਸਨਿਕ ਤੇ ਰਾਜਸੀ ਅਣਗਹਿਲੀਆਂ, ਕਲੋਨਾਈਜ਼ਰਾਂ ਦੇ ਕਬਜ਼ੇ, ਨਦੀ-ਨਾਲਿਆਂ ਤੇ ਦਰਿਆਵਾਂ ਦੀ ਸਫ਼ਾਈ ਨਾ ਕਰਨਾ, ਇਨ੍ਹਾਂ ਦੇ ਰਾਹਾਂ ਦੀਆਂ ਰੋਕਾਂ, ਬੰਨ੍ਹਾਂ ਦੀ ਅਣਦੇਖੀ ਅਤੇ ਨਵੇਂ ਪੱਕੇ ਬੰਨ੍ਹ ਨਾ ਉਸਾਰਨ ਕਰ ਕੇ ਸੂਬੇ ਦਾ ਇੱਕ ਚੌਥਾਈ ਹਿੱਸਾ ਆਏ ਸਾਲ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਹੈ ਅਤੇ ਅੱਜ ਵੀ ਇਹ ਮਾਰ ਝੱਲ ਰਿਹਾ ਹੈ।

ਝੂਠੇ ਧਰਵਾਸਿਆਂ ਅਤੇ ਲਾਰਿਆਂ ਤੋਂ ਸਿਵਾ ਅਵਾਮ ਦੇ ਹੱਥ ਕੁਝ ਨਹੀਂ ਆਉਂਦਾ। ਕਿਸੇ ਸਥਾਈ ਕਾਰਗਰ ਨੀਤੀ ਦੀ ਘਾਟ ਕਾਰਨ ਇਹ ਵਰਤਾਰਾ ਇਵੇਂ ਹੀ ਚੱਲਦਾ ਰਹਿੰਦਾ ਹੈ। ਅਜਿਹੀਆਂ ਬਹੁ-ਦਿਸ਼ਾਵੀ ਗੁੰਝਲਦਾਰ ਚੁਣੌਤੀਆਂ ਕਾਰਨ ਵਸੋਂ ਅੰਦਰ ਨਿਰਾਸ਼ਤਾ ਅਤੇ ਬੇਗਾਨਗੀ ਪੈਦਾ ਹੋ ਰਹੀ ਹੈ ਜਿਸ ਵਿੱਚੋਂ ਸਮਾਜਿਕ ਵਿਰੋਧਾਂ ਅਤੇ ਅੰਦੋਲਨ ਪਨਪਣੇ ਕੁਦਰਤੀ ਵਰਤਾਰਾ ਹੈ। ਇਸ ਕਰ ਕੇ ਸਰਕਾਰ ਨੂੰ ਮਸਲੇ ਨਜਿੱਠਣ ਲਈ ਤੁਰੰਤ ਕਾਰਗਰ ਅਤੇ ਸੰਜੀਦਾ ਕਦਮ ਚੁੱਕਣੇ ਚਾਹੀਦੇ ਹਨ।

# ਵਿਸ਼ਵ ਯੁੱਧ ਦੇ ਕਿਨਾਰੇ ਆ ਖੜ੍ਹੀ ਦੁਨੀਆ

ਡਾ. ਸੁਦਰਸ਼ਨ ਗਾਸੋ

ਪੂਰੇ ਬ੍ਰਹਿਮੰਡ ਵਿਚ ਧਰਤੀ ਹੀ ਭਾਗਾਂ ਵਾਲੀ ਹੈ, ਜਿਸ ਉੱਤੇ ਜੀਵਨ ਧੜਕਦਾ ਹੈ, ਫੁੱਲ ਮਹਿਕਦੇ ਹਨ, ਰੰਗ ਟਹਿਕਦੇ ਹਨ। ਜਿੱਥੇ ਕੁਦਰਤ ਅਣਗਿਣਤ ਤੋਹਫ਼ੇ ਮਨੁੱਖ ਨੂੰ ਬਿਨਾਂ ਕਿਸੇ ਮੁੱਲ ਦੇ ਮੁਹੱਈਆ ਕਰਵਾਉਂਦੀ ਹੈ। ਕੁਦਰਤ ਦੇ ਸੋਮੇ ਅਮੁੱਲ ਹਨ, ਅਨਮੋਲ ਹਨ। ਜ਼ਿੰਦਗੀ ਦੇ ਸੁੱਖ ਆਰਾਮ ਮਾਣਦਾ ਹੋਇਆ ਮਨੁੱਖ ਹਮੇਸ਼ਾ ਵਾਸਤੇ ਇਸੇ ਧਰਤੀ ਉੱਤੇ ਟਿਕਿਆ ਰਹਿਣਾ ਚਾਹੁੰਦਾ ਹੈ, ਅਮਰ ਹੋਣਾ ਚਾਹੁੰਦਾ ਹੈ। ਹੋਰਾਂ ਲੋਕਾਂ ਦੇ ਹਿੱਸੇ ਦੇ ਤੋਹਫ਼ਿਆਂ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ। ਹੋਰਾਂ ਦਾ ਹਿੱਸਾ ਵੀ ਖੋਹਣਾ ਚਾਹੁੰਦਾ ਹੈ। ਵੱਡਾ ਬਣਨਾ ਚਾਹੁੰਦਾ ਹੈ... ਵੱਡੇ ਤੋਂ ਵੀ ਵੱਡਾ.. ਪਰ ਇਸ ਲਾਲਚ ਅਤੇ ਲਾਲਸਾ ਦੇ ਵੱਸ ਪੈ ਕੇ ਮਨੁੱਖ ਘਿਨੌਣੇ ਹੱਥਕੰਡੇ ਅਪਣਾਉਂਦਾ ਰਹਿੰਦਾ ਹੈ। ਅਜਿਹੇ ਵਿਨਾਸ਼ਕਾਰੀ ਕੰਡਿਆਂ ਦੇ ਟੇਟੇ ਚੜ੍ਹ ਕੇ ਮਨੁੱਖ ਜੰਗਾਂ-ਯੁੱਧਾਂ ਦੇ ਰਸਤਿਆਂ ਤੇ ਤੁਰਨ ਲੱਗਦਾ ਹੈ। ਮਨੁੱਖ ਸਦੀਆਂ ਤੋਂ ਅਜਿਹਾ ਕਰਦਾ ਆਇਆ ਹੈ। ਅਜਿਹੇ ਹਨੇਰ ਭਰੇ ਜੰਗਾਂ-ਯੁੱਧਾਂ ਦੇ ਰਸਤਿਆਂ ਉੱਤੇ ਚੱਲਦਿਆਂ ਜੰਗਬਾਜ਼ਾਂ ਨੇ ਮਨੁੱਖਤਾ, ਅਤੇ ਜ਼ਿੰਦਗੀ ਦਾ ਹਮੇਸ਼ਾ ਲਈ ਘਾਣ ਕੀਤਾ ਹੈ। ਅਣਗਿਣਤ ਚੀਕਾਂ ਅਤੇ ਕੁਰਲਾਹਟਾਂ ਅਜੇ ਵੀ ਧਰਤੀ ਦੀ ਸੁੰਦਰ ਹਿਕੜੀ ਵਿਚ ਦੱਬੀਆਂ ਹੋਈਆਂ ਸੁਣਾਈ ਦਿੰਦੀਆਂ ਹਨ। ਕਰੋੜਾਂ ਨਿਰਦੋਸ਼ ਲੋਕ ਮਾਰੇ ਜਾ ਚੁੱਕੇ ਹਨ। ਅਰਬਾਂ-ਖਰਬਾਂ ਰੁਪਿਆ ਬਰਬਾਦ ਕੀਤਾ ਜਾ ਚੁੱਕਿਆ ਹੈ। ਲੇਕਿਨ ਸਭ ਤੋਂ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਮਨੁੱਖ ਨੇ ਆਪਣੇ ਕੁਕਰਮਾਂ ਤੇ ਮਾੜੇ ਕਾਰਨਾਮਿਆਂ ਤੋਂ ਕੁਝ ਨਹੀਂ ਸਿੱਖਿਆ ਅਤੇ ਨਾ ਹੀ ਕੋਈ ਪਛਤਾਵਾ ਕੀਤਾ ਹੈ। ਅੱਜ ਫੇਰ ਦੁਨੀਆ ਤੀਜੀ ਆਲਮੀ ਜੰਗ ਦੇ ਮੁਹਾਣੇ ਉੱਤੇ ਖੜ੍ਹੀ ਹੈ। ਕਿਸੇ ਇਕ ਸਿਰਫਿਰੇ ਸ਼ਾਸਕ ਦੇ ਫਤੂਰ ਕਰਕੇ ਪੂਰੀ ਦੁਨੀਆ ਨੂੰ ਹੋਰ ਵੀ ਮਾੜੇ ਦਿਨ ਵੇਖਣੇ ਪੈ ਸਕਦੇ ਹਨ। ਅੱਜ ਵੀ ਰੂਸ ਤੇ ਯੂਕਰੇਨ ਯੁੱਧ ਕਰਕੇ, ਇਜ਼ਰਾਇਲ ਅਤੇ ਫਿਲਿਸਤੀਨ ਵਿਚਾਲੇ ਯੁੱਧ ਕਰਕੇ ਦੁਨੀਆ ਦੇ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਇਸ ਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਵਿਚ ਅਸਥਾਈ ਰੂਪ ਵਿਚ ਰੁਕੇ ਯੁੱਧ ਕਰਕੇ ਅਤੇ ਅਮਰੀਕਾ-ਇਰਾਨ ਯੁੱਧ ਕਰਕੇ ਅਤੇ ਹੋਰ ਦੇਸ਼ਾਂ ਵਿਚਲੇ ਟਕਰਾ ਕਰਕੇ ਦੁਨੀਆ ਕੁਰਾਹੇ ਪਈ ਸਪਸ਼ਟ ਨਜ਼ਰ ਆਉਂਦੀ ਹੈ। ਇਕ ਗੱਲ ਤਾਂ ਸਾਫ ਤੇ ਸਪਸ਼ਟ ਹੈ ਕਿ ਯੁੱਧ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਬਲਕਿ ਇਸ ਦੇ ਨਾਲ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਤੇ ਸਦੀਵੀ ਗੁੰਝਲਾਂ, ਗੰਢਾਂ ਤੇ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ। ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਨ ਦੀ ਥਾਵੇਂ ਇਸ ਨੂੰ ਵਿਨਾਸ਼ ਦੇ ਮੂੰਹ ਵਿਚ ਧੱਕਣ ਦੀ ਮਾਨਸਿਕਤਾ ਸਮਝ ਤੋਂ ਪਰੇ ਦੀ ਗੱਲ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਦੁਨੀਆ ਦੇ ਦੇਸ਼ ਜੰਗ ਨੂੰ ਇਸ ਕਰਕੇ ਸ਼ੁਰੂ ਕਰਦੇ ਹਨ ਕਿਉਂ ਜੋ ਉਥੋਂ ਦੇ ਸ਼ਾਸਕ ਆਪਣੀ ਸੱਤਾ ਨੂੰ ਬਚਾਉਣ ਵਾਸਤੇ ਲੋਕਾਂ ਦਾ ਧਿਆਨ ਹੋਰ ਪਾਸੇ ਲੈ ਕੇ ਜਾਂਦੇ ਹਨ। ਯਾਦ ਕਰੋ ਇਜ਼ਰਾਇਲ ਤੇ ਫਿਲਿਸਤੀਨ ਯੰਗ ਤੋਂ ਪਹਿਲਾਂ ਨੇਤਨਯਾਹੂ ਦੇ ਖ਼ਿਲਾਫ਼ ਲੱਖਾਂ ਲੋਕ ਸੜਕਾਂ ਉੱਤੇ ਉਤਰੇ ਹੋਏ ਸਨ। ਇਸ ਤਰ੍ਹਾਂ ਹੋਰ ਦੇਸ਼ਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਜਾ ਸਕਦੀਆਂ ਹਨ। ਰੂਸ ਅਤੇ ਯੂਕਰੇਨ ਵਿਚਕਾਰ ਯੁੱਧ 24 ਫਰਵਰੀ 2022 ਨੂੰ ਸ਼ੁਰੂ ਹੋਇਆ ਸੀ। ਰੂਸ ਦਾ ਰਾਸ਼ਟਰਪਤੀ ਦਮਗਜ਼ੇ ਮਾਰਦਾ ਸੀ ਕਿ ਮੈਂ ਯੁੱਧ ਤਿੰਨ ਦਿਨਾਂ ਵਿਚ ਜਿੱਤ ਲਵਾਂਗਾ। ਕਹਿੰਦੇ ਹਨ ਲੜਾਈ ਤੇ ਲੱਸੀ ਨੂੰ ਚਾਹੇ ਜਿੰਨਾਂ ਮਰਜ਼ੀ ਵਧਾ ਲਵੋ।।।। ਇਹੀ ਹਾਲ ਇੱਥੇ ਹੋਇਆ ਹੈ। ਇਸ ਲੜਾਈ ਵਿਚ ਇਕੱਲੇ ਰੂਸ ਦੇ ਹੁਣ ਤੱਕ ਕੋਈ ਇਕ ਲੱਖ ਫ਼ੌਜੀ ਮਾਰੇ ਜਾ ਚੁੱਕੇ ਹਨ। ਯੂਕਰੇਨ ਵਿਚ ਵੀ ਨੁਕਸਾਨ ਕੋਈ ਘੱਟ ਨਹੀਂ ਹੋਇਆ। ਲੱਖਾਂ ਲੋਕ ਯੁੱਧ ਤੋਂ ਪਹਿਲਾਂ ਹੀ ਆਪਣਾ ਦੇਸ਼ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਸ਼ਰਨ ਲੈ ਚੁੱਕੇ ਹਨ। ਅਜੇ ਵੀ ਯੁੱਧ ਦੇ ਅੰਤ ਦਾ ਕੋਈ ਸਿਰਾ ਹੱਥ ਨਹੀਂ ਲੱਗ ਰਿਹਾ।

ਇਜ਼ਰਾਇਲ ਅਤੇ ਗਾਜ਼ਾ ਵਿਚਕਾਰ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਸ਼ੁਰੂ ਹੋਏ ਯੁੱਧ ਨੇ ਪੂਰੇ ਫਿਲਿਸਤੀਨ ਨੂੰ ਕਬਰਿਸਤਾਨ ਵਿਚ ਬਦਲ ਦਿੱਤਾ ਹੈ। ਕਿਸੇ ਸਮੇਂ ਇਸ ਇਲਾਕੇ ਵਿਚ ਜ਼ਿੰਦਗੀ ਧੜਕਦੀ ਸੀ। ਹੁਣ ਖੰਡਰਾਂ ਹੇਠ ਮਰੇ ਲੋਕਾਂ ਦੀਆਂ ਚੀਕਾਂ, ਕੁਰਲਾਹਟਾਂ ਅਤੇ ਬਦ-ਦੁਆਵਾਂ ਘੁੰਮ ਰਹੀਆਂ ਹਨ। ਹਾਲਾਤ ਇੰਨੇ ਮਾੜੇ ਹਨ ਕਿ ਦੇਖੇ ਨਹੀਂ ਜਾ ਰਹੇ। 22 ਮਹੀਨਿਆਂ ਤੋਂ ਚੱਲ ਰਹੀ ਲੜਾਈ ਵਿਚ 61 ਹਜ਼ਾਰ ਫਿਲਿਸਤੀਨੀ ਮਾਰੇ ਜਾ ਚੁੱਕੇ ਹਨ। ਜਿਨਾਂ ਵਿਚ 17 ਹਜ਼ਾਰ ਦੇ ਕਰੀਬ ਬੱਚੇ ਹਨ। ਪੰਜ ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਹਨ। 90% ਆਬਾਦੀ ਬੇਘਰ ਹੋ ਚੁੱਕੀ ਹੈ। 90% ਇਮਾਰਤਾਂ ਤਬਾਹ ਹੋ ਚੁੱਕੀਆਂ। ਨਸਲਕੁਸ਼ੀ ਦਾ ਦੌਰ ਜਾਰੀ ਹੈ। ਸੰਯੁਕਤ ਰਾਸ਼ਟਰ ਸੰਘ ਅਤੇ ਯੁੱਧ ਦੇ ਬੁਨਿਆਦੀ ਅਸੂਲਾਂ ਨੂੰ ਛਿੱਕੇ ਉੱਤੇ ਟੰਗ ਕੇ ਹਸਪਤਾਲਾਂ, ਸਕੂਲਾਂ ਅਤੇ ਰਾਹਤ ਟਿਕਾਣਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੁਨੀਆ ਇਸ ਭਿਆਨਕ ਜ਼ੁਲਮ ਦੀ ਇੰਤਹਾ ਵੇਖ ਕੇ ਚੁੱਪ ਵੱਟੀ ਬੈਠੀ ਹੈ। ਸਰਮਾਏਦਾਰ ਮੁਲਕਾਂ ਨੇ ਹਥਿਆਰਾਂ ਦੇ ਵਿਉਪਾਰ ਨੂੰ ਮੁੱਖ ਧੰਦਾ ਬਣਾ ਲਿਆ ਹੈ। ਦੁਨੀਆ ਨੂੰ ਹਥਿਆਰਾਂ ਦੀ ਸੰਸਕ੍ਰਿਤੀ ਨੂੰ ਮੁੱਢੋਂ- ਸੁੱਢੋਂ ਹੀ ਨਕਾਰਨਾ ਚਾਹੀਦਾ ਹੈ। ਅਮਨ ਅਮਾਨ ਨਾਲ ਰਹਿੰਦਿਆਂ ਹੋਇਆਂ ਧਰਤੀ ਨੂੰ ਸੁੱਖ ਦਾ ਸਾਂਹ ਲੈਣ ਦੇਣਾ ਚਾਹੀਦਾ ਹੈ।

ਜਦੋਂ ਮੈਂ ਬੰਬਾ ਬੰਦੂਕਾਂ ਦੇ ਬੇਇੰਤਹਾ ਨੁਕਸਾਨ ਬਾਰੇ ਸੋਚਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਇਹ ਧਰਤੀ ਤਾਂ ਮਨੁੱਖ ਜਾਤੀ ਨੂੰ ਰੱਬੋਂ ਮਿਲੀ ਸੀ। ਸੂਰਜ ਤਾਂ ਬਿਨਾਂ ਕਿਸੇ ਭੇਦ-ਭਾਵ ਦੇ ਸਾਰਿਆਂ ਨੂੰ ਧੁੱਪ, ਰੋਸ਼ਨੀ, ਨਿੱਘ ਤੇ ਊਰਜਾ ਪ੍ਰਦਾਨ ਕਰਦਾ ਹੈ। ਹਵਾ ਦੇ ਬੁੱਲੇ ਬੰਦਿਆਂ ਤੇ ਬਿਰਖਾਂ ਵਿਚ ਸਾਂਹ ਭਰਦੇ ਰਹਿੰਦੇ ਹਨ, ਫਿਰ ਕਿਸੇ ਸਿਰਫਿਰੇ ਸ਼ਾਸਕ ਨੂੰ ਕੀ ਹੱਕ ਹੈ ਕਿ ਉਹ ਮਨੁੱਖ ਜਾਤੀ ਦੀ ਸਾਂਝੀ ਵਿਰਾਸਤ ਦੇ ਸੀਨੇ ਨੂੰ ਛਲਣੀ-ਛਲਣੀ ਕਰੇ।

ਬੰਬ ਚਾਹੇ ਯੂਕਰੇਨ ਵਿਚ ਡਿੱਗਣ ਚਾਹੇ ਗਾਜ਼ਾ ਵਿਚ, ਉਨਾਂ ਬੰਬਾਂ ਦਾ ਜ਼ਹਰੀਲਾ ਧੂੰਆਂ ਤਾਂ ਕਿਸੇ ਵੀ ਸਰਹੱਦ ਨੂੰ ਨਹੀਂ ਮੰਨਦਾ। ਉਹ ਤਾਂ ਸਰਹੱਦਾਂ ਟੱਪ ਕੇ ਦੂਸਰੇ ਦੇਸ਼ਾਂ ਵਿਚ ਪਹੁੰਚ ਜਾਂਦਾ ਹੈ। ਬੰਬਾਂ ਦੀਆਂ ਕੰਨ ਪਾੜਦੀਆਂ ਆਵਾਜ਼ਾਂ ਤਾਂ ਦਰੱਖ਼ਤਾਂ, ਪੰਛੀਆਂ ਅਤੇ ਬੱਚਿਆਂ ਦੇ ਸਕੂਨ ਨੂੰ ਬਰਬਾਦ ਕਰ ਦਿੰਦੀਆਂ ਹਨ। ਇਸੇ ਸਕੂਨ ਵਿੱਚੋਂ ਹੀ ਨਵੀਂ ਜ਼ਿੰਦਗੀ ਦੇ ਬੀਜ ਪੁੰਗਰਨੇ ਹੁੰਦੇ ਹਨ। ਇਸ ਲਈ ਦੁਨੀਆ ਵਿਚ ਇਸ ਸਾਂਝੀ ਸੰਪੱਤੀ (ਸੂਰਜ, ਧਰਤੀ, ਹਵਾ ਆਦਿ) ਤੇ ਵਿਰਾਸਤ ਦੀ ਹਿਫ਼ਾਜ਼ਤ ਲਈ ਸਾਂਝੇ ਕਾਨੂੰਨ ਬਣਨੇ ਚਾਹੀਦੇ ਹਨ। ਕਿਸੇ ਨੂੰ ਵੀ ਉਪਜਾਊ ਧਰਤੀ ਬੰਜਰ ਬਣਾਉਣ ਦੀ ਖੁੱਲ੍ਹ ਨਹੀਂ ਦੇਣੀ ਚਾਹੀਦੀ। ਹੁਣੇ ਜਿਹੇ ਯੁੱਧ ਦੇ ਖ਼ਿਲਾਫ਼ ਆਸਟਰੇਲੀਆ, ਅਮਰੀਕਾ, ਯੂਰਪ ਵਿਚ ਆਵਾਜ਼ਾਂ ਉੱਠਣੀਆਂ ਸ਼ੁਰੂ ਹੋਈਆਂ ਹਨ।

ਮਹਾਂਕਵੀ ਰਾਬਿੰਦਰ ਨਾਥ ਟੈਗੋਰ ਨੇ ਇਕ ਵਾਰੀ ਕਿਹਾ ਸੀ ਕਿ ਮੈਨੂੰ ਇਹ ਵੇਖ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਲੋਕ ਨਫ਼ਰਤ ਕਿਵੇਂ ਕਰਦੇ ਹਨ। ਜਦਕਿ ਇਹ ਜੀਵਨ ਤਾਂ ਪਿਆਰ ਕਰਨ ਵਾਸਤੇ ਵੀ ਬਹੁਤ ਥੋੜ੍ਹਾ ਹੈ। ਜਦੋਂ ਟੈਗੋਰ ਯੂਰਪ ਦੇ ਕਈ ਦੇਸ਼ਾਂ ਦਾ ਦੌਰਾ ਕਰਕੇ ਵਾਪਸ ਆਏ ਤਾਂ ਉਹਨਾਂ ਨੂੰ ਇਹ ਪੁੱਛਿਆ ਗਿਆ ਕਿ ਤੁਸੀਂ ਆਪਣਾ ਅਨੁਭਵ ਦੱਸੋ ਤਾਂ ਉਹਨਾਂ ਨੇ ਕਿਹਾ ਸੀ ਕਿ ਮੈਨੂੰ ਸਾਰੇ ਦੇਸ਼ ਹੀ ਆਪਣੇ ਲੱਗਦੇ ਹਨ ਤੇ ਦੇਸ਼ਾਂ ਦੀਆਂ ਸਰਹੱਦਾਂ ਦਾ ਮੇਰੇ ਲਈ ਕੋਈ ਅਰਥ ਨਹੀਂ ਰਹਿ ਗਿਆ। ਦੁਨੀਆ ਨੂੰ ਇਸ ਤਰ੍ਹਾ ਦੇ ਡਰ, ਸੰਤਾਪ, ਬੇਭਰੋਸਗੀ ਤੇ ਖ਼ੌਫ਼ ਦੇ ਆਲਮ ਵਿਚ ਲੋਕਾਂ ਨੂੰ ਜਿਊਣ ਲਈ ਧੱਕਣਾ ਤੇ ਮਜਬੂਰ ਕਰਨਾ ਕਿਸੇ ਪੱਖੋਂ ਵੀ ਜਾਇਜ਼ ਨਹੀਂ।

ਯੁੱਧ ਚਾਹੇ ਦੁਨੀਆ ਦੇ ਕਿਸੇ ਵੀ ਕੋਣੇ ’ਚ ਹੋਵੇ ਉਸ ਦਾ ਨੁਕਸਾਨ ਤਾਂ ਪੂਰੀ ਦੁਨੀਆ ਨੂੰ ਹੀ ਹੋਣਾ ਹੁੰਦਾ ਹੈ। ਇਹ ਨੁਕਸਾਨ ਪੂਰੀ ਦੁਨੀਆ ਦੀ ਮਾਨਵਤਾ ਤੇ ਸੰਵੇਦਨਾ ਨੂੰ ਜ਼ਖ਼ਮੀ ਕਰਦਾ ਹੈ। ਯੁੱਧ ਮਨੁੱਖਤਾ ਦੇ ਰਸਤੇ ਵਿਚ ਕੰਡੇ ਖ਼ਿਲਾਰ ਦਿੰਦਾ ਹੈ। ਇਹੀ ਕਿਰਚਾਂ ਤੇ ਕੰਡੇ ਮਨੁੱਖਤਾ ਦਾ ਭਵਿੱਖ ਲਹੂ-ਲੁਹਾਣ ਕਰ ਦਿੰਦੇ ਹਨ। ਪੂਰੀ ਦੁਨੀਆ ਨੂੰ ਇਨ੍ਹਾਂ ਆਪ ਸਹੇੜੇ ਦੁੱਖਾਂ ਤੋਂ ਨਿਜ਼ਾਤ ਪਾਉਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਅਜਿਹੀਆਂ ਸੁਹਿਰਦ ਸੰਵੇਦਨਾਵਾਂ ਤੇ ਸੋਚ ਪ੍ਰਣਾਲੀਆਂ ਨੂੰ ਹੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਸਾਰੀ ਦੁਨੀਆ ਦੇ ਭਵਿੱਖ ਨੂੰ ਸੁਰੱਖਿਅਤ, ਸੁੱਖਮਈ ਤੇ ਸਕੂਨ ਭਰਿਆ ਬਣਾਇਆ ਜਾ ਸਕੇ। ਖਿੜੇ ਫੁੱਲ, ਮਹਿਕਦੀਆਂ ਹਵਾਵਾਂ, ਮੁਸਕਰਾਉਂਦੇ ਚਿਹਰੇ, ਗੀਤ ਗਾਉਂਦੀਆਂ ਫ਼ਸਲਾਂ ਸਭਨਾਂ ਦਾ ਸਵਾਗਤ ਕਰਦੀਆਂ ਕਿੰਨੀਆਂ ਸੋਹਣੀਆਂ ਲੱਗਦੀਆਂ ਹਨ।

ਦੁਨੀਆ ਵਿਚ ਪ੍ਰਮਾਣੂ ਹਥਿਆਰ ਬਣਾਉਣ ਦੀ ਹੋੜ ਲੱਗੀ ਹੋਈ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਸੰਸਥਾਨ ਅਨੁਸਾਰ 2024 ’ਚ 235 ਲੱਖ ਕਰੋੜ ਰੁਪਏ ਹਥਿਆਰਾਂ ਉੱਤੇ ਖ਼ਰਚ ਕੀਤੇ ਹਨ। ਇਸ ਸਮੇਂ ਨੌਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਦੁਨੀਆ ਨੇ ਜਾਪਾਨ ਉੱਤੇ ਸਿੱਟੇ ਪਰਮਾਣੂ ਬੰਬਾਂ ਦੇ ਮਾੜੇ ਪ੍ਰਭਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ। ਇਹ ਬੰਬ ਨਾਗਾਸਾਕੀ ਅਤੇ ਹੀਰੋਸ਼ੀਮਾ (ਜਾਪਾਨ) ਉੱਤੇ ਅਮਰੀਕਾ ਵੱਲੋਂ 6 ਅਤੇ 9 ਅਗਸਤ 1945 ਨੂੰ ਸਿੱਟੇ ਗਏ ਸਨ। ਇਹ ਹਮਲਾ ਇੰਨਾਂ ਭਿਆਨਕ ਸੀ ਕਿ ਲੋਕਾਂ ਦੀ ਜ਼ਿੰਦਗੀ ਨਰਕ ਬਣ ਗਈ ਸੀ। ਖੜ੍ਹੇ ਖੜੋਤੇ ਲੋਕ ਮੋਮ ਵਾਂਗ ਪਿਘਲ ਗਏ ਸਨ। ਕੋਈ ਚੁਹੱਤਰ ਹਜ਼ਾਰ (74000) ਲੋਕ ਸਕਿੰਟਾਂ ਵਿਚ ਮਾਰੇ ਗਏ।

ਅਣਗਿਣਤ ਲੋਕ ਨਾ ਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਗਏ। ਅਜੇ ਵੀ ਜਾਪਾਨ ਦੇ ਲੋਕ ਹਰ ਸਾਲ ਉਸੇ ਦਿਨ ਵਿਛੜੀਆਂ ਆਤਮਾਵਾਂ ਨੂੰ ਸ਼ਰਧਾਂਜਲੀ ਦਿੰਦੇ ਹਨ ਅਤੇ ਦੁਨੀਆ ਨੂੰ ਯੁੱਧ ਦੀ ਭਿਆਨਕਤਾ ਤੋਂ ਬਚਣ ਦਾ ਸੁਨੇਹਾ ਦਿੰਦੇ ਹਨ। ਹਥਿਆਰਾਂ ਉੱਤੇ ਖ਼ਰਚੇ ਜਾ ਰਹੇ ਧਨ ਨਾਲ ਦੁਨੀਆਂ ਦੇ ਦੁੱਖਾਂ ਨੂੰ ਮਿਟਾਉਣ ਲਈ ਰੋਟੀ, ਕੱਪੜੇ ਅਤੇ ਮਕਾਨਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।






## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam


3143 ARDEN ROAD, HAYWARD, CA- 94545

## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors
1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

## AAA AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial Pkwy West
Hayward, CA 94544

## 21 Century

Inderjit Singh
BROKER-REAL ESTATE



(1) ਘਰ/ਬਿਜਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।
(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।

Office : 425-775-8525
Cell : 425-425-4055
Fax : 425-670-3500
MLS email: inderjit.singh@centuary21.com

19020 33rd Ave West, Suite 300, Lynnwood, WA 98036

ੴ ਸਤਿਗੁਰ ਪ੍ਰਸਾਦਿ

# Sadh Sangat Slate Vision and Program

**Guru Piari Sadh Sangat Ji,**
Waheguru Ji Ka Khalsa, Waheguru Ji Ki Fateh
Sadh Sangat Slate, being a representative body of the Sadh Sangat is committed to the Chardikala of Khalsa Panth and Sikh Gurdwara – San Jose. We are pleased to share with you our program based on the feedback and wishes of the Sadh Sangat

- ✓ Rights of the Sangat are supreme. Gurdwara Sahib elections will be held **every 2 years** at a fixed time as per the Gurdwara bylaws.
- ✓ Parbandhak committee member can become a member only twice. After 2 terms, a member cannot come to the committee. This is an effort to encourage new faces.
- ✓ The Gurdwara Sahib will be made a purely religious, spiritual and Panthic center instead of a commercial or political platform. Every program will be held according to Gurmat, without any bias.
- ✓ Anti-Panth activities will not be allowed in the Gurdwara Sahib.
- ✓ Financial information (income & expenditure) will be shared with the Sangat every month. An audit will be conducted by an external company every two years
- ✓ We will stop the misuse of Guru's Golak for legal battles on political or management issues.
- ✓ The Guru's Golak will be used only for religious and Panthic purposes. Any kind of donation or political support will be stopped.
- ✓ Youth and women will be encouraged and included in the projects of the Gurdwara Sahib.
- ✓ New age education courses will be provided for students, in which special priority will be given to Technology and AI.
- ✓ Special assistance measures will be taken for senior citizens and newcomers from Punjab.
- ✓ Major decisions will be made with the advice of the Sangat. The atmosphere of dictatorship will be ended.
- ✓ The performance of Khalsa School is going very well. To keep it away from politics, respected school teachers will be kept away from the politics of the Gurdwara Committee.
- ✓ We will reduce the charges for weddings based on family's willingness and affordability.
- ✓ Only one person from the family and close relatives will be able to join the Gurdwara Parbandhak Commitee.
- ✓ No Sikh will be stopped from coming to Gurdwara Sahib. Misuse of legal system against the Sangat will be stopped.

**ਗੁਰੂ ਪਿਆਰੀ ਸਾਧ ਸੰਗਤ ਜੀ**
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕਿ ਫਤਹਿ
ਸਾਧ ਸੰਗਤ ਸਲੇਟ, ਆਮ ਸੰਗਤ ਦੀ ਨੁਮਾਇੰਦਗੀ ਕਰਦੇ ਹੋਏ ਖਾਲਸਾ ਪੰਥ ਅਤੇ ਗੁਰਦਵਾਰਾ ਸਾਹਿਬ ਸੈਨ ਹੋਜ਼ੇ ਦੀ ਚੜ੍ਹਦੀਕਲਾ ਲਈ ਵਚਨਬੱਧ ਹੈ। ਸੰਗਤ ਦੇ ਵਿਚਾਰਾਂ ਅਤੇ ਇੱਛਾ ਅਨੁਸਾਰ ਉਲੀਕੀਆਂ ਗਈਆਂ ਯੋਜਨਾਵਾਂ ਵਿਚੋਂ ਕੁਝ ਮੁੱਖ ਇਸ ਪ੍ਰਕਾਰ ਹਨ

- ✓ ਸੰਗਤ ਦੇ ਅਧਿਕਾਰ ਸਭ ਤੋਂ ਉੱਪਰ ਹਨ। ਗੁਰਦੁਆਰਾ ਸਾਹਿਬ ਦੀਆਂ ਚੋਣਾਂ ਗੁਰਦੁਆਰਾ ਸੰਵਿਧਾਨ ਅਨੁਸਾਰ **ਹਰ 2 ਸਾਲਾਂ ਬਾਅਦ** ਇੱਕ ਨਿਸ਼ਚਿਤ ਸਮੇਂ 'ਤੇ ਹੋਣਗੀਆਂ।
- ✓ ਪ੍ਰਬੰਧਕ ਕਮੇਟੀ ਦਾ ਮੈਂਬਰ ਸਿਰਫ਼ ਦੋ ਵਾਰ ਹੀ ਮੈਂਬਰ ਬਣ ਸਕਦਾ ਹੈ। 2 ਵਾਰ ਤੋਂ ਬਾਅਦ, ਕੋਈ ਮੈਂਬਰ ਕਮੇਟੀ ਵਿੱਚ ਨਹੀਂ ਆ ਸਕਦਾ। ਇਹ ਨਵੇਂ ਚਿਹਰਿਆਂ ਨੂੰ ਉਤਸ਼ਾਹਿਤ ਕਰਨ ਦਾ ਇੱਕ ਯਤਨ ਹੈ।
- ✓ ਗੁਰਦੁਆਰਾ ਸਾਹਿਬ ਨੂੰ ਵਪਾਰਕ ਜਾਂ ਰਾਜਨੀਤਿਕ ਪਲੇਟਫਾਰਮ ਦੀ ਬਜਾਏ ਇੱਕ ਪੂਰੀ ਤਰ੍ਹਾਂ ਧਾਰਮਿਕ, ਅਧਿਆਤਮਿਕ ਅਤੇ ਪੰਥਕ ਕੇਂਦਰ ਬਣਾਇਆ ਜਾਵੇਗਾ। ਹਰ ਪ੍ਰੋਗਰਾਮ ਗੁਰਮਤਿ ਅਨੁਸਾਰ, ਬਿਨਾਂ ਕਿਸੇ ਪੱਖਪਾਤ ਦੇ ਆਯੋਜਿਤ ਕੀਤਾ ਜਾਵੇਗਾ।
- ✓ ਪੰਥ ਵਿਰੋਧੀ ਗਤੀਵਿਧੀਆਂ ਨੂੰ ਗੁਰਦੁਆਰਾ ਸਾਹਿਬ ਵਿੱਚ ਇਜਾਜ਼ਤ ਨਹੀਂ ਹੋਵੇਗੀ।
- ✓ ਵਿੱਤੀ ਜਾਣਕਾਰੀ (ਆਮਦਨ ਅਤੇ ਖਰਚ) ਹਰ ਮਹੀਨੇ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ। ਹਰ ਦੋ ਸਾਲਾਂ ਬਾਅਦ ਇੱਕ ਬਾਹਰੀ ਕੰਪਨੀ ਦੁਆਰਾ ਆਡਿਟ ਕੀਤਾ ਜਾਵੇਗਾ।
- ✓ ਅਸੀਂ ਰਾਜਨੀਤਿਕ ਜਾਂ ਪ੍ਰਬੰਧਨ ਮੁੱਦਿਆਂ 'ਤੇ ਕਾਨੂੰਨੀ ਲੜਾਈ ਲਈ ਗੁਰੂ ਦੀ ਗੋਲਕ ਦੀ ਦੁਰਵਰਤੋਂ ਨੂੰ ਰੋਕਾਂਗੇ।
- ✓ ਗੁਰੂ ਦੀ ਗੋਲਕ ਸਿਰਫ਼ ਧਾਰਮਿਕ ਅਤੇ ਪੰਥਕ ਕਾਰਜਾਂ ਲਈ ਹੀ ਵਰਤੀ ਜਾਵੇਗੀ। ਕਿਸੇ ਵੀ ਤਰਾਂ ਦੀ ਬੇਲੋੜੀ ਡੋਨੇਸ਼ਨ ਜਾਂ ਰਾਜਸੀ ਮਦਦ ਬੰਦ ਕੀਤੀ ਜਾਵੇਗੀ।
- ✓ ਨੌਜਵਾਨਾਂ ਅਤੇ ਬੀਬੀਆਂ ਨੂੰ ਉਤਸ਼ਾਹਿਤ ਕਰਕੇ ਗੁਰਦੁਆਰਾ ਸਾਹਿਬ ਦੇ ਪ੍ਰੋਜੈਕਟਾਂ ਵਿਚ ਸ਼ਾਮਿਲ ਕੀਤਾ ਜਾਵੇਗਾ।
- ✓ ਵਿਦਿਆਰਥੀਆਂ ਲਈ ਨਵੇਂ ਯੁੱਗ ਦੀ ਸਿੱਖਿਆ ਦੇ ਕੋਰਸ ਮੁਹਈਆ ਕੀਤੇ ਜਾਣਗੇ ਜਿਹਨਾਂ ਵਿੰਚ Technology ਅਤੇ AI ਨੂੰ ਖ਼ਾਸ ਤਰਜੀਹ ਦਿੱਤੀ ਜਾਵੇਗੀ।
- ✓ ਸੀਨੀਅਰ ਸਿਟੀਜ਼ਨ ਅਤੇ ਪੰਜਾਬ ਤੋਂ ਨਵੇਂ ਆਏ ਲੋਕਾਂ ਲਈ ਵਿਸ਼ੇਸ਼ ਮਦਦ ਦੇ ਉਪਰਾਲੇ ਕੀਤੇ ਜਾਣਗੇ।
- ✓ ਸੰਗਤ ਦੀ ਸਲਾਹ ਨਾਲ ਹੀ ਵੱਡੇ ਫੈਸਲੇ ਕੀਤੇ ਜਾਣਗੇ। ਡਿਕਟੇਟਰਸ਼ਿਪ ਵਾਲਾ ਮਹੌਲ ਖ਼ਤਮ ਕੀਤਾ ਜਾਵੇਗਾ।
- ✓ ਖ਼ਾਲਸਾ ਸਕੂਲ ਦੀ ਕਾਰਗੁਜ਼ਾਰੀ ਬਹੁਤ ਵਧੀਆ ਚੱਲ ਰਹੀ ਹੈ। ਇਸਨੂੰ ਸਿਆਸਤ ਤੋਂ ਪਾਸੇ ਰੱਖਣ ਲਈ ਸਤਿਕਾਰਯੋਗ ਸਕੂਲ ਅਧਿਆਪਕਾਂ ਨੂੰ ਗੁਰਦੁਆਰਾ ਕਮੇਟੀ ਦੀ ਰਾਜਨੀਤੀ ਤੋਂ ਦੂਰ ਰੱਖਿਆ ਜਾਵੇਗਾ।
- ✓ ਅਸੀਂ ਪਰਿਵਾਰ ਦੀ ਇੱਛਾ ਅਤੇ ਸਮਰੱਥਾ ਦੇ ਆਧਾਰ 'ਤੇ ਵਿਆਹਾਂ ਦੇ ਖਰਚੇ ਘਟਾਵਾਂਗੇ।
- ✓ ਪਰਿਵਾਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਵਿੱਚੋਂ ਸਿਰਫ਼ ਇੱਕ ਵਿਅਕਤੀ ਹੀ ਪ੍ਰਬੰਧਕ ਕਮੇਟੀ ਵਿੱਚ ਸ਼ਾਮਲ ਹੋ ਸਕੇਗਾ।
- ✓ ਕਿਸੇ ਵੀ ਸਿੱਖ ਨੂੰ ਗੁਰਦੁਆਰਾ ਸਾਹਿਬ ਆਉਣ ਤੋਂ ਨਹੀਂ ਰੋਕਿਆ ਜਾਵੇਗਾ। ਸੰਗਤ ਵਿਰੁੱਧ ਕਾਨੂੰਨੀ ਪ੍ਰਣਾਲੀ ਦੀ ਦੁਰਵਰਤੋਂ ਬੰਦ ਕੀਤੀ ਜਾਵੇਗੀ।


SIKH GURDWARA - SAN JOSE
VOTE OCTOBER 12, 2025
SAN JOSE GURDWARA SAHIB ELECTION
"RESTORE TRANSPARENCY • END DIVISION • SERVE ALL FAMILIES"
ਵਾਹਿਗੁਰੂ ਜੀ ਮਿਹਰ ਕਰਨ ਤੇ ਸਾਧ ਸੰਗਤ ਸਲੇਟ ਨੂੰ ਸੇਵਾ ਦਾ ਮੌਕਾ ਦੇਣ ।
SADH SANGAT SLATE
BHUPINDER SINGH CHEEMA
HARPAL SINGH CHAHAL
KASHMIR SINGH KALKAT
KULWINDER KAUR CHEEMA
JAGJEET SINGH
SATNAM SINGH DHILLON
TRILOCHAN SINGH SRA
GURMAIL SINGH KHALSA
KARNAIL SINGH
DR. SATWINDER SINGH BAJWA
JATINDER KAUR
SUKHWIR SINGH RANDHAWA
AMRIK SINGH LUBANA
GULBAG SINGH LUBANA
RABHUBIR SINGH DHILLON
BALDEV SINGH JANDU
JOGINDER KAUR DHALIWAL
KULWANT KAUR CHAHAL
KAMALJEET SINGH CHEEMA
JAGJIT SINGH MAND
JASPAL SINGH SAINI
VOTE OCTOBER 12, 2025 • SHARE WITH FAMILY
"QUESTIONS? CALL US!"
BHUPINDER SINGH CHEEMA 408-203-8054
HARPAL SINGH CHAHAL 408-981-2842
JAGJEET SINGH 408-223-9900

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION · OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net




# ਪੈਰ ਵੀ ਦਿੰਦੇ ਨੇ ਨਾੜਾਂ ਬਲਾਕ ਹੋਣ ਦੇ ਸੰਕੇਤ



ਕੀ ਤੁਹਾਨੂੰ ਪਤਾ ਹੈ ਕਿ ਦਿਲ ਦੀਆਂ ਬਿਮਾਰੀਆਂ ਦਾ ਵੱਡਾ ਕਾਰਨ ਨਾੜਾਂ ਦਾ ਬਲਾਕ (Blocked Arteires) ਹੋਣਾ ਹੈ? ਜੀ ਹਾਂ, ਨਾੜਾਂ 'ਚ ਪਲਾਕ ਜੰਮਣ ਕਾਰਨ ਬਲੱਡ ਸਰਕੂਲੇਸ਼ਨ 'ਚ ਰੁਕਾਵਟ ਆਉਂਦੀ ਹੈ ਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ। ਪਰ ਕੀ ਤੁਹਾਨੂੰ ਇਹ ਪਤਾ ਹੈ ਕਿ ਨਾੜਾਂ ਬਲੌਕ ਹੋਣ ਦੇ ਲੱਛਣ ਤੁਸੀਂ ਆਪਣੇ ਪੈਰਾਂ ਨੂੰ ਦੇਖ ਕੇ ਵੀ ਪਤਾ ਕਰ ਸਕਦੇ ਹੋ? ਜੀ ਹਾਂ, ਨਾੜਾਂ ਬਲੌਕ ਹੋਣ 'ਤੇ ਕੁਝ ਸੰਕੇਤ ਪੈਰਾਂ 'ਚ ਵੀ ਦਿਖਾਈ ਦਿੰਦੇ ਹਨ। ਜੇਕਰ ਸਮੇਂ ਸਿਰ ਇਨ੍ਹਾਂ ਨੂੰ ਪਛਾਣ ਲਿਆ ਜਾਵੇ ਤਾਂ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਆ   ਜਾਣੀਏ ਕਿ ਨਾੜਾਂ 'ਚ ਬਲੌਕੇਜ ਹੋਣ 'ਤੇ ਪੈਰਾਂ 'ਚ ਕਿਵੇਂ ਦੇ ਲੱਛਣ ਦਿਖਾਈ ਦਿੰਦੇ ਹਨ।

### ਪੈਰਾਂ 'ਚ ਦਿਖਾਈ ਦੇਣ ਵਾਲੇ ਬਲੌਕਡ ਨਾੜਾਂ ਦੇ ਲੱਛਣ

ਪੈਰਾਂ 'ਚ ਨਾੜਾਂ ਬਲੌਕ ਹੋਣ ਦੀ ਸਮੱਸਿਆ ਨੂੰ ਪੈਰੀਫੇਰਲ ਆਰਟਰੀ ਡਿਜ਼ੀਜ਼ (ਪੀ. ਆਰ. ਡੀ.) ਕਿਹਾ ਜਾਂਦਾ ਹੈ। ਇਸ ਦੇ ਲੱਛਣ ਅਕਸਰ ਹੌਲੀ-ਹੌਲੀ ਵਿਕਸਿਤ ਹੁੰਦੇ ਹਨ। ਸ਼ੁਰੂਆਤ 'ਚ ਇਹ ਆਮ ਸਮੱਸਿਆਵਾਂ ਵਾਂਗ ਲੱਗ ਸਕਦੇ ਹਨ, ਇਸ ਲਈ ਸਾਵਧਾਨ ਰਹਿਣਾ ਜਰੂਰੀ ਹੈ।

1. **ਤੁਰਨ-ਫਿਰਨ 'ਤੇ ਦਰਦ** – ਇਹ ਪੀ. ਆਰ. ਡੀ. ਦਾ ਸਭ ਤੋਂ ਆਮ ਅਤੇ ਮੁੱਖ ਲੱਛਣ ਹੈ। ਇਸ ਵਿਚ ਚਲਣ, ਸੀੜੀਆਂ ਚੜ੍ਹਨ ਜਾਂ ਕਿਸੇ ਫਿਜ਼ੀਕਲ ਐਕਟਿਵਿਟੀ ਕਰਨ 'ਤੇ ਪੈਰ ਦੀ ਮਾਸਪੇਸ਼ੀਆਂ, ਖਾਸ ਕਰਕੇ ਪਿੰਡਲੀਆਂ 'ਚ ਅਕੜਾਅ, ਸੁੰਨਪਨ, ਭਾਰੀਪਣ ਜਾਂ ਦਰਦ ਹੁੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਵੇਂ ਹੀ ਤੁਸੀਂ ਛੁੱਟੀ ਕਰਦੇ ਹੋ, ਇਹ ਦਰਦ ਕੁਝ ਮਿੰਟਾਂ 'ਚ ਆਪਣੇ ਆਪ ਠੀਕ ਹੋ ਜਾਂਦਾ ਹੈ। ਫਿਰ ਤੋਂ ਚਲਣਾ ਸ਼ੁਰੂ ਕਰਨ 'ਤੇ ਦਰਦ ਵਾਪਸ ਆ ਸਕਦਾ ਹੈ।
2. **ਪੈਰਾਂ ਦਾ ਠੰਢਾ ਪੈਣਾ**– ਇਕ ਜਾਂ ਦੋਹਾਂ ਪੈਰਾਂ, ਖਾਸ ਕਰਕੇ ਤਲਵਿਆਂ ਦਾ ਆਮ ਤੋਂ ਵੱਧ ਠੰਢਾ ਹੋਣਾ। ਇਕ ਪੈਰ ਦੂਜੇ ਪੈਰ ਨਾਲੋਂ ਵੱਧ ਠੰਢਾ ਮਹਿਸੂਸ ਹੋ ਸਕਦਾ ਹੈ।
3. **ਚਮੜੀ 'ਚ ਬਦਲਾਅ**– ਪੈਰਾਂ ਤੇ ਪੈਰਾਂ ਦੀਆਂ ਉਂਗਲਾਂ ਦੇ ਰੰਗ 'ਚ ਬਦਲਾਅ, ਜਿਵੇਂ ਕਿ ਪੀਲਾ ਜਾਂ ਨੀਲਾ ਪੈਣਾ। ਚਮੜੀ ਚਮਕਦਾਰ ਅਤੇ ਪਤਲੀ ਦਿਖਾਈ ਦੇ ਸਕਦੀ ਹੈ।
4. **ਜ਼ਖ਼ਮ ਭਰਨ 'ਚ ਦੇਰੀ**– ਪੈਰਾਂ ਜਾਂ ਪੈਰ ਦੀਆਂ ਉਂਗਲਾਂ 'ਤੇ ਛੋਟੇ-ਮੋਟੇ ਜ਼ਖ਼ਮਾਂ, ਕੱਟ ਜਾਂ ਝਰੀਟਾਂ ਦੇ ਠੀਕ ਹੋਣ 'ਚ ਆਮ ਨਾਲੋਂ ਬਹੁਤ ਜ਼ਿਆਦਾ ਸਮਾਂ ਲੱਗਣਾ। ਇਹ ਇਕ ਬਹੁਤ ਹੀ ਗੰਭੀਰ ਚਿਤਾਵਨੀ ਹੈ।
5. **ਨਬਜ਼ ਦਾ ਕਮਜ਼ੋਰ ਪੈਣਾ**– ਪੈਰਾਂ ਜਾਂ ਪੈਰ ਦੇ ਉੱਪਰੀ ਹਿੱਸੇ 'ਚ ਨਬਜ਼ ਦਾ ਮਹਿਸੂਸ ਨਾ ਹੋਣਾ ਜਾਂ ਬਹੁਤ ਕਮਜ਼ੋਰ ਹੋਣਾ।
6. **ਸੁੰਨਪਨ ਜਾਂ ਕਮਜ਼ੋਰੀ**– ਪੈਰਾਂ 'ਚ ਸੁੰਨਪਨ, ਝਰਨਾਹਟ ਜਾਂ ਕਮਜ਼ੋਰੀ ਮਹਿਸੂਸ ਹੋਣਾ।
7. **ਗੰਭੀਰ ਹਾਲਤ 'ਚ**– ਗੰਭੀਰ ਮਾਮਲਿਆਂ 'ਚ ਆਰਾਮ ਕਰਦੇ ਸਮੇਂ ਵੀ ਪੈਰਾਂ 'ਚ ਤੇਜ਼ ਦਰਦ ਹੋ ਸਕਦਾ ਹੈ, ਖਾਸ ਕਰਕੇ ਰਾਤ ਦੇ ਸਮੇਂ। ਸਕਿੰਨ ਦਾ ਰੰਗ ਕਾਲਾ ਪੈ ਸਕਦਾ ਹੈ ਜਾਂ ਟਿਸ਼ੂ ਨੂੰ ਨੁਕਸਾਨ ਹੋ ਸਕਦਾ ਹੈ।

ਜੇਕਰ ਤੁਹਾਡੇ ਪੈਰਾਂ 'ਚ ਅਜਿਹੇ ਲੱਛਣ ਦਿਖਾਈ ਦੇਣ ਤਾਂ ਇਨ੍ਹਾਂ ਨੂੰ ਅਣਡਿੱਠਾ ਨਾ ਕਰੋ। ਅਣਡਿੱਠਾ ਕਰਨ ਨਾਲ ਇਹ ਸਮੱਸਿਆ ਵੱਧ ਸਕਦੀ ਹੈ। ਇਸ ਲਈ, ਜੇ ਇਹ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

# ਜਵਾਨ ਉਮਰ 'ਚ ਕਿਉਂ ਹਾਰ ਮੰਨ ਰਹੇ ਹਨ ਗੋਡੇ?

ਅੱਜ ਵੀ ਬਹੁਤ ਸਾਰੇ ਲੋਕ ਬੁਢਾਪੇ ਵਿੱਚ ਗੋਡਿਆਂ ਦੇ ਦਰਦ ਨੂੰ ਸਮੱਸਿਆਵਾਂ ਨਾਲ ਜੋੜਦੇ ਹਨ, ਪਰ ਇੱਕ ਤਾਜ਼ਾ ਅਧਿਐਨ ਨੇ ਇੱਕ ਹੈਰਾਨ ਕਰਨ ਵਾਲੀ ਸੱਚਾਈ ਦਾ ਖੁਲਾਸਾ ਕੀਤਾ ਹੈ। ਦਰਅਸਲ, ਹੁਣ ਲੋਕ 30 ਅਤੇ 40 ਸਾਲ ਦੀ ਉਮਰ ਵਿੱਚ ਵੀ ਗੋਡਿਆਂ ਦੀਆਂ ਗੰਭੀਰ ਸਮੱਸਿਆਵਾਂ ਤੋਂ ਪੀੜਤ ਹਨ। ਕਾਰਨ ਵੀ ਸਪੱਸ਼ਟ ਹਨ- ਖੇਡਾਂ ਜਾਂ ਕਸਰਤ ਦੌਰਾਨ ਲੱਗੀ ਸੱਟ ਜਾਂ ਵਧਦਾ ਮੋਟਾਪਾ। ਅਜਿਹੀ ਸਥਿਤੀ ਵਿੱਚ, ਜੇਕਰ ਸਮੇਂ ਸਿਰ ਧਿਆਨ ਨਾ ਦਿੱਤਾ ਜਾਵੇ, ਤਾਂ ਇਹ ਸਮੱਸਿਆ ਗਠੀਆ ਜਾਂ ਸਮੇਂ ਤੋਂ ਪਹਿਲਾਂ ਗੋਡਿਆਂ ਦੀ ਸਰਜਰੀ ਦਾ ਕਾਰਨ ਬਣ ਸਕਦੀ ਹੈ।

### ਖੋਜ ਕੀ ਕਹਿੰਦੀ ਹੈ?

ਫਿਨਲੈਂਡ ਦੀ ਓਲੂ ਯੂਨੀਵਰਸਿਟੀ ਦੀ ਖੋਜ ਵਿੱਚ ਲਗਪਗ 300 ਲੋਕਾਂ ਦਾ ਅਧਿਐਨ ਕੀਤਾ ਗਿਆ। ਨਤੀਜੇ ਦਰਸਾਉਂਦੇ ਹਨ ਕਿ 30 ਸਾਲ ਦੀ ਉਮਰ ਤੱਕ, ਅੱਧੇ ਤੋਂ ਵੱਧ ਭਾਗੀਦਾਰਾਂ ਦੇ ਗੋਡਿਆਂ ਵਿੱਚ ਹਲਕਾ ਨੁਕਸਾਨ ਹੋਇਆ ਸੀ। ਕੁਝ ਮਾਮਲਿਆਂ ਵਿੱਚ, ਹੱਡੀਆਂ ਦੇ ਕਿਨਾਰਿਆਂ 'ਤੇ ਸਪਰਸ ਅਤੇ ਜੋੜਾਂ ਨੂੰ ਨੁਕਸਾਨ ਵੀ ਪਾਇਆ ਗਿਆ।

ਇਸਦਾ ਸਭ ਤੋਂ ਵੱਡਾ ਕਾਰਨ ਸਰੀਰ ਦੇ ਭਾਰ ਵਿੱਚ ਵਾਧਾ ਪਾਇਆ ਗਿਆ। ਜਦੋਂ ਸਰੀਰ ਦਾ ਭਾਰ ਆਮ ਸੀਮਾ ਤੋਂ ਵੱਧ ਜਾਂਦਾ ਹੈ, ਤਾਂ ਗੋਡਿਆਂ 'ਤੇ ਵਾਧੂ ਦਬਾਅ ਪੈਂਦਾ ਹੈ। ਇਹ ਦਬਾਅ ਹੌਲੀ-ਹੌਲੀ ਕਾਰਟੀਲੇਜ ਨੂੰ ਬਾਹਰ ਕੱਢ ਦਿੰਦਾ ਹੈ। ਇੱਕ ਵਾਰ ਕਾਰਟੀਲੇਜ ਨਸ਼ਟ ਹੋ ਜਾਣ ਤੋਂ ਬਾਅਦ, ਇਹ ਦੁਬਾਰਾ ਨਹੀਂ ਬਣਦਾ ਅਤੇ ਵਿਅਕਤੀ ਨੂੰ ਲੰਬੇ ਸਮੇਂ ਤੱਕ ਦਰਦ ਜਾਂ ਕਠੋਰਤਾ ਸਹਿਣੀ ਪੈ ਸਕਦੀ ਹੈ।

### ਖੇਡਾਂ ਨਾਲ ਸਬੰਧਤ ਸੱਟਾਂ ਵੀ ਇੱਕ ਕਾਰਨ ਹਨ

ਮਾਹਿਰਾਂ ਦਾ ਮੰਨਣਾ ਹੈ ਕਿ ਜਵਾਨੀ ਵਿੱਚ ਖੇਡੇ ਜਾਣ ਵਾਲੇ ਉੱਚ-ਤੀਬਰਤਾ ਵਾਲੇ ਵਰਕਆਉਟ ਦਾ ਪ੍ਰਭਾਵ ਉਮਰ ਦੇ ਨਾਲ ਦੇਖਿਆ ਜਾਂਦਾ ਹੈ।



ਫੁੱਟਬਾਲ, ਬਾਸਕਟਬਾਲ ਜਾਂ ਐਥਲੈਟਿਕਸ ਵਰਗੀਆਂ ਖੇਡਾਂ ਵਿੱਚ ਤੀਬਰ ਅਭਿਆਸ ਦੇ ਕਾਰਨ, ਗੋਡੇ ਵਾਰ-ਵਾਰ ਜ਼ਖਮੀ ਹੋ ਜਾਂਦੇ ਹਨ। ਕਈ ਵਾਰ, ਇਲਾਜ ਤੋਂ ਬਾਅਦ ਵੀ, ਇਹ ਸੱਟਾਂ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੀਆਂ ਅਤੇ ਹੌਲੀ-ਹੌਲੀ ਗਠੀਏ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਜੇਕਰ ਇਸ ਵਿੱਚ ਵਧਦਾ ਭਾਰ ਜੋੜਿਆ ਜਾਵੇ, ਤਾਂ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ।

### ਗੋਡਿਆਂ ਦੀ ਦੇਖਭਾਲ ਕਿਵੇਂ ਕਰੀਏ?

ਡਾਕਟਰਾਂ ਦਾ ਮੰਨਣਾ ਹੈ ਕਿ ਇਲਾਜ ਨਾਲੋਂ ਰੋਕਥਾਮ ਬਿਹਤਰ ਹੈ। ਸਮੇਂ ਸਿਰ ਜੀਵਨ ਸ਼ੈਲੀ ਵਿੱਚ ਛੋਟੀਆਂ ਤਬਦੀਲੀਆਂ ਕਰਕੇ, ਗੋਡਿਆਂ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਿਆ ਜਾ ਸਕਦਾ ਹੈ।

ਭਾਰ ਨੂੰ ਕਾਬੂ ਵਿੱਚ ਰੱਖੋ: ਮੋਟਾਪਾ ਗੋਡਿਆਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਸੰਤੁਲਿਤ ਖੁਰਾਕ ਅਤੇ ਨਿਯਮਤ ਕਸਰਤ ਨਾਲ ਭਾਰ ਨੂੰ ਕਾਬੂ ਵਿੱਚ ਰੱਖੋ।

ਮਾਸਪੇਸ਼ੀਆਂ ਨੂੰ ਮਜ਼ਬੂਤ ਕਰੋ: ਕਵਾਡਜ਼ ਅਤੇ ਹੈਮਸਟ੍ਰਿੰਗਜ਼ ਵਰਗੀਆਂ ਮਾਸਪੇਸ਼ੀਆਂ ਦੀ ਤਾਕਤ ਸਿਖਲਾਈ ਗੋਡਿਆਂ ਨੂੰ ਵਾਧੂ ਸਹਾਰਾ ਦਿੰਦੀ ਹੈ।

ਲੰਬੇ ਸਮੇਂ ਤੱਕ ਬੈਠਣ ਤੋਂ ਬਚੋ: ਦਫਤਰ ਜਾਂ ਘਰ ਵਿੱਚ ਲੰਬੇ ਸਮੇਂ ਤੱਕ ਇੱਕ ਜਗ੍ਹਾ 'ਤੇ ਬੈਠਣ ਦੀ ਬਜਾਏ, ਉੱਠੋ ਅਤੇ ਵਿਚਕਾਰ ਸੈਰ ਕਰੋ ਅਤੇ ਸਟ੍ਰੈਚਿੰਗ ਕਰੋ।

ਸਹੀ ਜੁੱਤੇ ਪਹਿਨੋ: ਆਰਾਮਦਾਇਕ ਅਤੇ ਸਹਾਇਕ ਜੁੱਤੇ ਗੋਡਿਆਂ 'ਤੇ ਦਬਾਅ ਘਟਾਉਂਦੇ ਹਨ।

ਸਮੇਂ ਸਿਰ ਇਲਾਜ ਕਰੋ: ਸ਼ੁਰੂਆਤੀ ਦਰਦ ਜਾਂ ਸੋਜ ਨੂੰ ਨਜ਼ਰਅੰਦਾਜ਼ ਨਾ ਕਰੋ। ਫਿਜ਼ੀ ਥੈਰੇਪੀ, ਹਲਕੀ ਕਸਰਤ ਅਤੇ ਜਲਦੀ ਇਲਾਜ ਵੱਡੀਆਂ ਸਮੱਸਿਆਵਾਂ ਨੂੰ ਰੋਕ ਸਕਦਾ ਹੈ।

ਗੋਡਿਆਂ ਦਾ ਦਰਦ ਹੁਣ ਸਿਰਫ਼ ਬਜ਼ੁਰਗਾਂ ਦੀ ਬਿਮਾਰੀ ਨਹੀਂ ਹੈ। ਗਲਤ ਜੀਵਨ ਸ਼ੈਲੀ, ਮੋਟਾਪਾ ਅਤੇ ਪੁਰਾਣੀਆਂ ਖੇਡਾਂ ਦੀਆਂ ਸੱਟਾਂ 30-40 ਸਾਲ ਦੀ ਉਮਰ ਵਿੱਚ ਵੀ ਇਸ ਸਮੱਸਿਆ ਨੂੰ ਜਨਮ ਦੇ ਰਹੀਆਂ ਹਨ। ਜੇਕਰ ਹੁਣ ਤੋਂ ਸਾਵਧਾਨੀਆਂ ਵਰਤੀਆਂ ਜਾਣ- ਜਿਵੇਂ ਕਿ ਸੰਤੁਲਿਤ ਖੁਰਾਕ, ਨਿਯਮਤ ਕਸਰਤ ਅਤੇ ਸਮੇਂ ਸਿਰ ਇਲਾਜ, ਤਾਂ ਗੋਡਿਆਂ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਤੇ ਮਜ਼ਬੂਤ ਰੱਖਿਆ ਜਾ ਸਕਦਾ ਹੈ।

# ਦਿਮਾਗ ਨੂੰ ਦਿਨ-ਬ-ਦਿਨ ਕਮਜ਼ੋਰ ਕਰ ਰਹੀ ਹੈ ਨੀਂਦ ਦੀ ਘਾਟ

ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ, ਦੇਰ ਰਾਤ ਤੱਕ ਜਾਗਣਾ, ਸਕ੍ਰੀਨ 'ਤੇ ਘੰਟੇ ਬਿਤਾਉਣਾ ਅਤੇ ਅਸੰਤੁਲਿਤ ਰੁਟੀਨ ਆਮ ਹੋ ਗਿਆ ਹੈ, ਪਰ ਇਹਨਾਂ ਆਦਤਾਂ ਦਾ ਸਾਡੀ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਨੀਂਦ ਦੀ ਘਾਟ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀ ਨਾ ਸਿਰਫ਼ ਦਿਮਾਗ ਦੀ ਕੁਸ਼ਲਤਾ ਨੂੰ ਘਟਾਉਂਦੀ ਹੈ, ਸਗੋਂ ਤਣਾਅ, ਚਿੰਤਾ ਅਤੇ ਉਦਾਸੀ ਵਰਗੀਆਂ ਸਮੱਸਿਆਵਾਂ ਨੂੰ ਵੀ ਵਧਾਉਂਦੀ ਹੈ।

ਨੀਂਦ ਸਾਡੇ ਦਿਮਾਗ ਲਈ ਬਾਲਣ ਵਾਂਗ ਹੈ। ਢੁਕਵੀਂ ਅਤੇ ਡੂੰਘੀ ਨੀਂਦ ਦਿਮਾਗ ਨੂੰ ਤਣਾਅ ਨੂੰ ਬਿਹਤਰ ਢੰਗ ਨਾਲ ਸੰਭਾਲਣ ਅਤੇ ਭਾਵਨਾਵਾਂ ਦਾ ਪ੍ਰਬੰਧਨ ਕਰਨ ਦੀ ਆਗਿਆ ਦਿੰਦੀ ਹੈ। ਜਦੋਂ ਨੀਂਦ ਪੂਰੀ ਨਹੀਂ ਹੁੰਦੀ, ਤਾਂ ਵਿਅਕਤੀ ਚਿੜਚਿੜਾ, ਬੇਚੈਨ ਅਤੇ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਜੇਕਰ ਲੰਬੇ ਸਮੇਂ ਤੱਕ ਨੀਂਦ ਦੀ ਘਾਟ ਰਹਿੰਦੀ ਹੈ, ਤਾਂ ਇਹ ਡਿਪਰੈਸ਼ਨ ਅਤੇ ਗੰਭੀਰ ਮਾਨਸਿਕ ਵਿਕਾਰਾਂ ਦਾ ਕਾਰਨ ਬਣ ਸਕਦੀ ਹੈ।

### ਗੈਰ-ਸਿਹਤਮੰਦ ਜੀਵਨ ਸ਼ੈਲੀ ਅਤੇ ਨੀਂਦ ਦੀਆਂ ਸਮੱਸਿਆਵਾਂ

ਅਨਿਯਮਿਤ ਖਾਣ-ਪੀਣ ਦੀਆਂ ਆਦਤਾਂ, ਦੇਰ ਰਾਤ ਮੋਬਾਈਲ ਜਾਂ ਲੈਪਟਾਪ ਦੀ ਵਰਤੋਂ, ਕਸਰਤ ਦੀ ਘਾਟ ਅਤੇ ਕੈਫੀਨ ਜਾਂ ਸ਼ਰਾਬ ਦਾ ਜ਼ਿਆਦਾ ਸੇਵਨ ਸਾਡੀ ਜੈਵਿਕ ਘੜੀ (ਸਰਕੇਡੀਅਨ ਰਿਦਮ) ਨੂੰ ਵਿਗਾੜਦਾ ਹੈ। ਇਸਦਾ ਸਿੱਧਾ ਅਸਰ ਨੀਂਦ ਦੀ ਗੁਣਵੱਤਾ 'ਤੇ ਪੈਂਦਾ ਹੈ। ਜੇਕਰ ਨੀਂਦ ਸਹੀ ਨਾ ਹੋਵੇ, ਤਾਂ ਸਰੀਰ ਥੱਕਿਆ ਰਹਿੰਦਾ ਹੈ ਅਤੇ ਤਣਾਅ ਨਾਲ ਨਜਿੱਠਣ ਵਿੱਚ ਮਨ ਕਮਜ਼ੋਰ ਹੋ ਜਾਂਦਾ ਹੈ।

ਇਨਸੌਮਨੀਆ, ਸਲੀਪ ਐਪਨੀਆ ਅਤੇ ਰੈਸਟਲੇਸ ਲੈੱਗ ਸਿੰਡਰੋਮ ਵਰਗੀਆਂ ਸਮੱਸਿਆਵਾਂ ਨੀਂਦ ਖੋਹ ਲੈਂਦੀਆਂ ਹਨ। ਇਨ੍ਹਾਂ ਬਿਮਾਰੀਆਂ ਤੋਂ ਪੀੜਤ ਲੋਕ ਅਕਸਰ ਚਿੰਤਾ, ਡਿਪਰੈਸ਼ਨ ਅਤੇ ਧਿਆਨ ਦੀ ਘਾਟ ਦਾ ਸ਼ਿਕਾਰ ਹੋ ਜਾਂਦੇ ਹਨ। ਜੇਕਰ ਅਣਦੇਖਾ ਕੀਤਾ ਜਾਵੇ, ਤਾਂ ਇਹ ਵਿਅਕਤੀ ਨੂੰ ਲਗਾਤਾਰ ਮਾਨਸਿਕ ਧੁੰਦ ਵਿੱਚ ਪਾ ਦਿੰਦਾ ਹੈ, ਜਿਸ ਨਾਲ ਦਿਮਾਗ ਦੀ ਕਾਰਜਸ਼ੀਲਤਾ ਅਤੇ ਜੀਵਨ ਦੀ ਗੁਣਵੱਤਾ ਦੋਵਾਂ ਨੂੰ ਘਟਾਇਆ ਜਾਂਦਾ ਹੈ।

### ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਦੇ ਉਪਾਅ:-

1. ਨੀਂਦ ਦਾ ਸਮਾਂ-ਸਾਰਣੀ ਬਣਾ  : ਹਰ ਰੋਜ਼ ਲਗਭਗ ਇੱਕੋ ਸਮੇਂ ਸੌਣਾ ਅਤੇ ਜਾਗਣਾ।
2. ਸਕ੍ਰੀਨ ਸਮਾਂ ਸੀਮਤ ਕਰੋ: ਸੌਣ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਮੋਬਾਈਲ ਜਾਂ ਕੰਪਿਊਟਰ ਤੋਂ ਦੂਰ ਰਹੋ।
3. ਸਹੀ ਖੁਰਾਕ ਅਪਣਾ  : ਰਾਤ ਨੂੰ ਭਾਰੀ ਜਾਂ ਮਸਾਲੇਦਾਰ ਭੋਜਨ ਖਾਣ ਤੋਂ ਬਚੋ।
4. ਕਸਰਤ ਮਹੱਤਵਪੂਰਨ ਹੈ: ਦਿਨ ਵਿੱਚ ਸਿਰਫ਼ 30 ਮਿੰਟ ਦੀ ਹਲਕੀ ਕਸਰਤ ਵੀ ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦੀ ਹੈ।
5. ਤਣਾਅ ਦਾ ਪ੍ਰਬੰਧਨ ਕਰੋ: ਸੌਣ ਤੋਂ ਪਹਿਲਾਂ ਯੋਗਾ, ਧਿਆਨ ਜਾਂ ਡੂੰਘੇ ਸਾਹ ਲੈਣ ਵਰਗੀਆਂ ਗਤੀਵਿਧੀਆਂ ਕਰੋ।
6. ਮਾਹਿਰਾਂ ਦੀ ਸਲਾਹ ਲ  : ਜੇਕਰ ਨੀਂਦ ਦੀ ਸਮੱਸਿਆ ਬਣੀ ਰਹਿੰਦੀ ਹੈ, ਤਾਂ ਜ਼ਰੂਰ ਡਾਕਟਰ ਨਾਲ ਸਲਾਹ ਕਰੋ।

ਨੀਂਦ ਸਿਰਫ਼ ਆਰਾਮ ਕਰਨ ਦਾ ਸਮਾਂ ਨਹੀਂ ਹੈ, ਸਗੋਂ ਮਾਨਸਿਕ ਸਿਹਤ ਲਈ ਸਭ ਤੋਂ ਵੱਡੀ ਦਵਾਈ ਹੈ। ਮਾੜੀ ਜੀਵਨ ਸ਼ੈਲੀ ਅਤੇ ਨੀਂਦ ਨੂੰ ਨਜ਼ਰਅੰਦਾਜ਼ ਕਰਨਾ ਸਾਨੂੰ ਹੌਲੀ-ਹੌਲੀ ਚਿੰਤਾ, ਤਣਾਅ ਅਤੇ ਡਿਪਰੈਸ਼ਨ ਵੱਲ ਧੱਕ ਸਕਦਾ ਹੈ। ਸਹੀ ਰੁਟੀਨ, ਸੰਤੁਲਿਤ ਖੁਰਾਕ ਅਤੇ ਨਿਯਮਤ ਕਸਰਤ ਨਾਲ, ਅਸੀਂ ਆਪਣੀ ਨੀਂਦ ਨੂੰ ਬਿਹਤਰ ਬਣਾ ਸਕਦੇ ਹਾਂ ਅਤੇ ਲੰਬੇ ਸਮੇਂ ਲਈ ਮਾਨਸਿਕ ਸਿਹਤ ਦੀ ਰੱਖਿਆ ਕਰ ਸਕਦੇ ਹਾਂ।

# ਜ਼ਿਆਦਾ ਮਾਤਰਾ 'ਚ ਪ੍ਰੋਟੀਨ ਵੀ ਪਹੁੰਚਾ ਸਕਦੈ ਨੁਕਸਾਨ

ਪ੍ਰੋਟੀਨ ਸਾਡੇ ਸਰੀਰ ਦੇ ਅਹਿਮ ਫੰਕਸ਼ਨਾਂ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮਾਸਪੇਸ਼ੀਆਂ ਦੇ ਨਿਰਮਾਣ ਤੋਂ ਲੈ ਕੇ ਹਾਰਮੋਨ ਸਿਕ੍ਰੇਸ਼ਨ ਤਕ ਲਈ ਸਰੀਰ ਨੂੰ ਪ੍ਰੋਟੀਨ ਦੀ ਲੋੜ ਹੁੰਦੀ ਹੈ। ਇਸ ਲਈ ਆਪਣੀ ਡਾਈਟ 'ਚ ਪ੍ਰੋਟੀਨ ਨਾਲ ਭਰਪੂਰ ਖੁਰਾਕ ਸ਼ਾਮਲ ਕਰਨਾ ਜ਼ਰੂਰੀ ਹੈ। ਹਾਲਾਂਕਿ, ਕਈ ਵਾਰੀ ਲੋਕ ਬਹੁਤ ਜ਼ਿਆਦਾ ਪ੍ਰੋਟੀਨ ਲੈਣ ਲੱਗਦੇ ਹਨ। ਸਰੀਰ 'ਚ ਪ੍ਰੋਟੀਨ ਦੀ ਮਾਤਰਾ ਵਧਣ ਕਾਰਨ ਕਈ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ, ਜ਼ਿਆਦਾ ਪ੍ਰੋਟੀਨ ਖਾਣ ਤੋਂ ਵੀ ਬਚਣਾ ਚਾਹੀਦਾ ਹੈ। ਜਦੋਂ ਸਰੀਰ 'ਚ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੋ ਜਾਂਦੀ ਹੈ, ਤਾਂ ਕੁਝ ਲੱਛਣ ਉਭਰਦੇ ਹਨ, ਜਿਨ੍ਹਾਂ ਦੀ ਮਦਦ ਨਾਲ ਤੁਸੀਂ ਇਸ ਦਾ ਪਤਾ ਲਗਾ ਸਕਦੇ ਹੋ। ਆ   ਜਾਣੀਏ ਕਿ ਉਹ ਕੀ ਹਨ।

**ਪਾਚਣ ਤੰਤਰ 'ਚ ਗੜਬੜ**– ਸਭ ਤੋਂ ਪਹਿਲਾਂ ਅਤੇ ਆਮ ਲੱਛਣ ਪਾਚਣ ਸੰਬੰਧੀ ਸਮੱਸਿਆਵਾਂ ਹਨ। ਜਦੋਂ ਬਹੁਤ ਜ਼ਿਆਦਾ ਪ੍ਰੋਟੀਨ ਖਾਧਾ ਜਾਂਦਾ ਹੈ, ਖਾਸ ਕਰਕੇ ਜਦੋਂ ਡਾਈਟ 'ਚ ਫਾਈਬਰ ਦੀ ਮਾਤਰਾ ਘੱਟ ਹੋਵੇ ਤਾਂ ਕਬਜ਼, ਗੈਸ, ਬਦਹਜ਼ਮੀ ਤੇ ਬਲੋਟਿੰਗ ਦੀ ਸ਼ਿਕਾਇਤ ਹੋ ਸਕਦੀ ਹੈ। ਪ੍ਰੋਟੀਨ ਨੂੰ ਪਚਾਉਣਾ ਸਰੀਰ ਲਈ ਭਾਰੀ ਕੰਮ ਹੁੰਦਾ ਹੈ। ਇਸਨੂੰ ਤੋੜਨ ਲਈ ਸਰੀਰ ਨੂੰ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ, ਜਿਸ ਨਾਲ ਪਾਚਣ ਤੰਤਰ 'ਤੇ ਦਬਾਅ ਪੈਂਦਾ ਹੈ। ਜੇ ਤੁਸੀਂ ਨਿਯਮਤ ਤੌਰ 'ਤੇ ਐਸੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹੋ ਤਾਂ ਇਹ ਸੰਭਵ ਹੈ ਕਿ ਤੁਹਾਨੂੰ ਆਪਣੇ ਪ੍ਰੋਟੀਨ ਇਨਟੇਕ 'ਤੇ ਧਿਆਨ ਦੇਣ ਦੀ ਲੋੜ ਹੈ।

**ਕਿਡਨੀ 'ਤੇ ਦਬਾਅ**– ਪ੍ਰੋਟੀਨ ਦੇ ਮੈਟਾਬੌਲਿਜ਼ਮ ਦੌਰਾਨ ਸਰੀਰ 'ਚ ਯੂਰੀਆ ਬਣਦਾ ਹੈ। ਇਨ੍ਹਾਂ ਵੈਸਟ ਪ੍ਰੋਡਕਟਸ ਨੂੰ ਬਾਹਰ ਕੱਢਣ ਲਈ ਕਿਡਨੀ ਨੂੰ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ ਅਤੇ ਸਰੀਰ ਨੂੰ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਇਸ ਪ੍ਰਕਿਰਿਆ 'ਚ ਸਰੀਰ ਤੋਂ ਪਾਣੀ ਤੇਜ਼ੀ ਨਾਲ ਨਿਕਲਦਾ ਹੈ, ਜਿਸ ਨਾਲ ਡੀਹਾਈਡਰੇਸ਼ਨ ਦਾ ਖ਼ਤਰਾ ਵਧ ਜਾਂਦਾ ਹੈ। ਲੱਛਣਾਂ 'ਚ ਲਗਾਤਾਰ ਪਿਆਸ, ਸਿਰਦਰਦ ਅਤੇ ਮੂੰਹ ਸੁੱਕਣਾ ਸ਼ਾਮਲ ਹਨ। ਲੰਬੇ ਸਮੇਂ ਤਕ ਅਜਿਹਾ ਹੋਣ 'ਤੇ ਕਿਡਨੀ ਨੂੰ ਨੁਕਸਾਨ ਹੋ ਸਕਦਾ ਹੈ।

**ਵਜ਼ਨ ਵਧਣਾ**– ਲੋਕ ਅਕਸਰ ਵਜ਼ਨ ਘਟਾਉਣ ਲਈ ਪ੍ਰੋਟੀਨ ਦੀ ਮਾਤਰਾ ਵਧਾਉਂਦੇ ਹਨ, ਪਰ ਜ਼ਿਆਦਾ ਪ੍ਰੋਟੀਨ ਲੈਣਾ ਵਜ਼ਨ ਵਧਣ ਦਾ ਕਾਰਨ ਵੀ ਬਣ ਸਕਦਾ ਹੈ। ਦਰਅਸਲ, ਸਰੀਰ ਦੀ ਲੋੜ ਤੋਂ



ਜ਼ਿਆਦਾ ਲਿਆ ਗਿਆ ਕੋਈ ਵੀ ਪੋਸ਼ਕ ਤੱਤ, ਚਾਹੇ ਉਹ ਪ੍ਰੋਟੀਨ ਹੀ ਕਿਉਂ ਨਾ ਹੋਵੇ, ਐਕਸਟਰਾ ਕੈਲੋਰੀ ਦੇ ਰੂਪ 'ਚ ਜਮ੍ਹਾ ਹੋ ਜਾਂਦਾ ਹੈ। ਇਸ ਕਾਰਨ ਵਜ਼ਨ ਵਧ ਸਕਦਾ ਹੈ।

**ਸਾਹ 'ਚ ਬਦਬੂ**– ਜੇ ਤੁਹਾਡੇ ਸਾਹ ਤੋਂ ਅਚਾਨਕ ਤੇਜ਼ ਤੇ ਅਜੀਬ ਗੰਧ ਆਉਣ ਲੱਗੇ ਤਾਂ ਇਸ ਦਾ ਕਾਰਨ ਤੁਹਾਡੀ ਹਾਈ-ਪ੍ਰੋਟੀਨ ਡਾਇਟ ਹੋ ਸਕਦੀ ਹੈ। ਜਦੋਂ ਸਰੀਰ ਪ੍ਰੋਟੀਨ ਨੂੰ ਤੋੜ ਕੇ ਊਰਜਾ ਬਣਾਉਣ ਦੀ ਪ੍ਰਕਿਰਿਆ 'ਚ ਜਾਂਦਾ ਹੈ, ਤਾਂ ਇਸ ਦੌਰਾਨ ਕੁਝ ਕੀਟੋਨ ਨਿਕਲਦੇ ਹਨ, ਜੋ ਫਲਾਂ ਦੇ ਸੜਨ ਵਰਗੀ ਗੰਧ ਪੈਦਾ ਕਰਦੇ ਹਨ। ਇਹ ਗੰਧ ਬ੍ਰਸ਼ ਕਰਨ ਨਾਲ ਵੀ ਦੂਰ ਨਹੀਂ ਹੁੰਦੀ।

# ਭਵਿੱਖ ਦੀਆਂ ਫ਼ਿਕਰਾਂ ਛੱਡ ਖ਼ੁਸ਼ੀ ਦਾ ਆਨੰਦ ਲਓ



ਇੱਕ ਦਿਨ ਜਦੋਂ ਮੈਂ ਇੰਸਟਾਗ੍ਰਾਮ ਦੇਖਦੇ ਹੋਏ ਇੱਕ ਵੀਡੀਓ ਨੇ ਮੇਰਾ ਧਿਆਨ ਖਿੱਚਿਆ। ਸਕ੍ਰੀਨ 'ਤੇ ਲਿਖਿਆ ਸੀ, "ਅੱਜ ਤੋਂ ਦਸ ਸਾਲ ਬਾਅਦ, ਤੁਹਾਡਾ ਇੱਕ ਰੂਪ, ਤੁਹਾਡੇ ਤੋਂ ਭੀਖ ਮੰਗੇਗਾ ਕਿ ਇਹ ਪਲ ਮੈਂ ਕੁਝ ਹੋਰ ਦੇਰ ਜਿਉਂ ਲਿਆ ਹੁੰਦਾ।" ਇਸ ਤੋਂ ਮੈਨੂੰ ਯਾਦ ਆਇਆ ਕਿ ਸਾਡੇ ਵਿੱਚੋਂ ਕਈ ਜਣੇ ਮੌਜੂਦਾ ਪਲ ਵਿੱਚ ਜਿਉਣ ਨਾਲ ਸੰਘਰਸ਼ ਕਰਦੇ ਹਨ। ਇਸ ਨੂੰ ਚੇਤਨਤਾ ਦਾ ਅਭਿਆਸ ਕਹਿੰਦੇ ਹਨ। ਇਸ ਵਿੱਚ ਲੋਕਾਂ ਨੂੰ ਕਿਸੇ ਖਾਸ ਪਲ ਦੌਰਾਨ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਆਲੇ-ਦੁਆਲੇ ਨੂੰ ਵਾਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਡੀਆਂ ਜ਼ਿੰਦਗੀਆਂ ਦੇ ਰੁਝੇਵੇਂ ਦਿਨੋਂ-ਦਿਨ ਵੱਧਦੇ ਜਾ ਰਹੇ ਹਨ। ਅਜਿਹੇ ਵਿੱਚ ਚੇਤਨਤਾ ਨੂੰ ਕੋਈ ਅਮੀਰੀ ਵਾਲੀ ਵਸਤੂ ਨਹੀਂ ਸਗੋਂ ਸਾਡੀ ਮਾਨਸਿਕ ਸਿਹਤ ਦੀ ਬੁਨਿਆਦੀ ਲੋੜ ਸਮਝੀ ਜਾਣੀ ਚਾਹੀਦੀ ਹੈ।

ਜ਼ਿਏਨਾ ਜੌਰਡਨ ਦੀ ਰਾਜਧਾਨੀ ਅਮਾਨ ਵਿੱਚ ਇੱਕ 37 ਸਾਲਾ ਫਿਟਨੈੱਸ ਟਰੇਨਰ ਹਨ। ਉਹ ਦੱਸਦੇ ਹਨ, "ਮੈਂ ਕਈ ਸਾਲ ਬਿਹਤਰ ਬਣਨ ਦੀ ਕੋਸ਼ਿਸ਼ ਕਰਦਿਆਂ ਗਾਲ ਦਿੱਤੇ ਅਤੇ ਮੈਂ ਭੁੱਲ ਹੀ ਗਈ ਕਿ ਅਸਲ ਵਿੱਚ ਮੈਂ ਬਿਲਕੁਲ ਠੀਕ ਸੀ।" ਉਨ੍ਹਾਂ ਦਾ ਕਹਿਣਾ ਹੈ ਕਿ ਆਪਣੀ ਉਮਰ ਦੇ ਦੂਜੇ ਦਹਾਕੇ ਵਿੱਚ ਉਹ ਆਪਣੀ ਦਿੱਖ ਅਤੇ ਭਾਰ ਉੱਤੇ ਬਹੁਤ ਜ਼ਿਆਦਾ ਧਿਆਨ ਦਿੰਦੇ ਅਤੇ ਹਮੇਸ਼ਾ ਹੀ ਅਧੂਰਾ ਮਹਿਸੂਸ ਕਰਦੇ ਸਨ। ਲੇਕਿਨ ਹੁਣ ਪੁਰਾਣੀਆਂ ਤਸਵੀਰਾਂ ਦੇਖ ਕੇ ਮਹਿਸੂਸ ਕਰਦੇ ਹਨ ਕਿ ਉਹ ਖ਼ੁਦ ਪ੍ਰਤੀ ਬਹੁਤ ਜ਼ਿਆਦਾ ਕਠੋਰ ਸਨ। ਰੇਇਡ ਕਦੇ ਇੱਕ ਕੰਪਿਊਟਰ ਇੰਜੀਨੀਅਰ ਸਨ। ਉਹ ਦੱਸਦੇ ਹਨ ਕਿ ਨੌਕਰੀ ਛੱਡਣ ਉਨ੍ਹਾਂ ਲਈ ਚੀਜ਼ਾਂ ਨੂੰ ਪ੍ਰਸੰਗ ਵਿੱਚ ਰੱਖਿਆ। ਉਨ੍ਹਾਂ ਨੇ ਦੱਸਿਆ, "ਮੈਨੂੰ ਕੰਮ ਦੇ ਬੋਝ ਬਾਰੇ ਹਮੇਸ਼ਾ ਸ਼ਿਕਾਇਤ ਰਹਿੰਦੀ ਸੀ ਤੇ ਨੌਕਰੀ ਬਦਲਣੀ ਚਾਹੁੰਦਾ ਸੀ। ਹੁਣ ਜਦੋਂ ਮੈਂ ਆਪਣੀ ਨੌਕਰੀ ਨਹੀਂ ਹੈ ਤਾਂ, ਮੈਂ ਉਨ੍ਹਾਂ ਦਿਨਾਂ ਦੀ ਹਰ ਚੀਜ਼ – ਇੱਥੋਂ ਤੱਕ ਕਿ ਸਵੇਰੇ ਦੇ ਟਰੈਫ਼ਿਕ ਜਾਮ ਨੂੰ ਵੀ ਯਾਦ ਕਰਦਾ ਹਾਂ।" ਇੱਕ ਹਰ ਮਹੀਨੇ ਆਉਣ ਵਾਲੀ ਤਨਖ਼ਾਹ ਉਨ੍ਹਾਂ ਨੂੰ ਮਾਨਸਿਕ ਅਤੇ ਆਰਥਿਕ ਸਥਿਰਤਾ ਦਿੰਦੀ ਸੀ ਅਤੇ ਉਹ ਆਪਣੇ ਪਰਿਵਾਰ ਨੂੰ ਇੱਕ ਬਿਹਤਰ ਜ਼ਿੰਦਗੀ ਦੇ ਰਹੇ ਸਨ। ਉਦੋਂ ਮੈਂ ਨਹੀਂ ਸਮਝਿਆ ਕਿ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਬਿਹਤਰੀਨ ਸਾਲ ਜਿਉਂ ਰਿਹਾ ਸੀ। ਅਹਿਮਦ ਦੋ ਬੱਚਿਆਂ ਦੇ ਪਿਤਾ ਅਤੇ ਆਪਣੀ ਉਮਰ ਦੇ ਚੌਥੇ ਦਹਾਕੇ ਵਿੱਚ ਹਨ। ਉਹ ਕਦੇ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਜਲਦੀ ਵੱਡੇ ਹੋ ਜਾਣ ਤਾਂ ਜੋ ਉਨ੍ਹਾਂ ਨੂੰ ਆਪਣੇ ਲਈ ਵੀ ਕੁਝ ਸਮਾਂ ਮਿਲ ਸਕੇ। ਲੇਕਿਨ ਜਦੋਂ ਉਹ ਅੱਲ੍ਹੜ ਹੋ ਗਏ ਤਾਂ ਉਨ੍ਹਾਂ ਦਾ ਨਜ਼ਰੀਆ ਬਿਲਕੁਲ ਹੀ ਬਦਲ ਗਿਆ। ਉਹ ਕਹਿੰਦੇ ਹਨ, "ਮੈਂ ਉਨ੍ਹਾਂ ਦੀਆਂ ਚੀਕਾਂ, ਅਤੇ ਵਾਰ-ਵਾਰ ਸਵਾਲ ਪੁੱਛਣ ਤੋਂ ਅਤੇ ਉਨ੍ਹਾਂ ਵੱਲੋਂ ਘਰ ਵਿੱਚ ਮਚਾਈ ਹਫੜਾ-ਦਫੜੀ ਤੋਂ ਖਿੱਝਿਆ ਰਹਿੰਦਾ ਸੀ।" "ਹੁਣ ਮੈਨੂੰ ਉਨ੍ਹਾਂ ਦੇ ਮੁੱਢਲੇ ਦਿਨ, ਉਨ੍ਹਾਂ ਦੀਆਂ ਅਵਾਜ਼ਾਂ ਦੀ ਅਤੇ ਅਟਕਲ-ਪੱਚੂ ਗੱਲਾਂ ਯਾਦ ਆਉਂਦੀਆਂ ਹਨ। ਮੈਨੂੰ ਬਹੁਤ ਦੇਰੀ ਨਾਲ ਅਹਿਸਾਸ ਹੋਇਆ, ਕਿ ਇਹ ਹਫੜਾ-ਦਫੜੀ ਮੇਰੀ ਜ਼ਿੰਦਗੀ ਦੀ ਸਭ ਤੋਂ ਸੋਹਣੀ ਚੀਜ਼ ਸੀ।"

### ਅਸੀਂ ਹੁਣ ਦੀ ਅਣਦੇਖੀ ਕਿਉਂ ਕਰਦੇ ਹਾਂ

ਜ਼ਿਏਨਾ, ਰੇਇਡ ਅਤੇ ਅਹਿਮਦ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਬਹੁਤੇ ਲੋਕ ਸਿਰਫ਼ ਵੇਲਾ ਬੀਤ ਜਾਣ ਤੋਂ ਬਾਅਦ ਹੀ ਉਸਦੀ ਕਦਰ ਮਹਿਸੂਸ ਕਰਦੇ ਹਨ। ਜੌਰਡਨ ਦੇ ਇਰਬਿਦ ਮੈਡੀਕਲ ਕਾਊਂਸਲਿੰਗ ਸੈਂਟਰ ਵਿੱਚ ਮਨੋਵਿਗਿਆਨੀ ਡਾ਼ ਨਵਾਫ਼ ਅਲ-ਰਿਫਾਇ ਦੱਸਦੇ ਹਨ, "ਮਨੋਵਿਗਿਆਨ ਅਤੇ ਦਿਮਾਗ਼ ਵਿਗਿਆਨ ਦੇ ਨਜ਼ਰੀਏ ਤੋਂ, ਮਨੁੱਖ ਕੁਦਰਤੀ ਹੀ ਮਾਨਸਿਕ-ਯਾਤਰਾ ਕਰਦੇ ਰਹਿੰਦੇ ਹਨ। ਉਹ ਜਾਗਦੇ ਹੋਏ ਆਪਣਾ ਵਧੇਰੇ ਸਮਾਂ ਅਤੀਤ ਦੀਆਂ ਘਟਨਾਵਾਂ ਅਤੇ ਭਵਿੱਖ ਦੀਆਂ ਉਮੀਦਾਂ ਵਿੱਚ ਝੂਲਦੇ ਹੋਏ ਬਿਤਾਉਂਦੇ ਹਨ।" ਇਹ ਪ੍ਰਕਿਰਿਆ ਦਿਮਾਗ਼ ਦੇ ਉਸ ਹਿੱਸੇ ਨਾਲ ਜੁੜੀ ਹੋਈ ਹੈ, ਜੋ ਸੋਚ-ਵਿਚਾਰ ਅਤੇ ਵਿਉਂਤਬੰਦੀ ਲਈ ਜ਼ਿੰਮੇਵਾਰ ਹੈ। ਕੁਝ ਲੋਕਾਂ ਲਈ ਹਾਲਾਂਕਿ, ਇਹ ਪ੍ਰਕਿਰਿਆ ਮਾਨਸਿਕ ਖਿੰਡਾਅ ਦਾ ਨਿਰੰਤਰ ਸਰੋਤ ਬਣ ਜਾਂਦੀ ਹੈ। ਅਲ-ਰਿਫਾਇ ਮੁਤਾਬਕ ਜਿਹੜੇ ਲੋਕਾਂ ਨੂੰ ਹੁਣ ਵਿੱਚ ਟਿਕੇ ਰਹਿਣ ਵਿੱਚ ਮੁਸ਼ੱਕਤ ਕਰਨੀ ਪੈਂਦੀ ਹੈ, ਅਜਿਹਾ ਨਹੀਂ ਹੈ ਕਿ ਉਹ ਬੇਧਿਆਨੇ ਹਨ। ਸਗੋਂ ਉਹ "ਬੌਧਿਕ 'ਤੇ ਅਤਿਅੰਤ ਰੁੱਝੇ ਹੋਏ" ਹੁੰਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਬਹੁਤ ਜ਼ਿਆਦਾ ਸੋਚ-ਵਿਚਾਰ ਉਨ੍ਹਾਂ ਨੂੰ ਕਿਸੇ ਹੱਲ ਵੱਲ ਲੈ ਕੇ ਜਾਵੇਗੀ। "ਬੌਧਿਕ 'ਤੇ ਅਤਿਅੰਤ ਰੁੱਝੇ ਹੋਏ" ਹੋਣ ਦਾ ਮਤਲਬ ਹੈ ਕਿ ਕੋਈ ਵਿਅਕਤੀ ਬਹੁਤ ਜ਼ਿਆਦਾ ਸੋਚ-ਵਿਚਾਰ ਜਾਂ ਕਿਸੇ ਖ਼ਾਸ ਕੰਮ ਵਿੱਚ ਇੰਨਾ ਲੀਨ ਹੈ, ਕਿ ਉਸ ਦਾ ਧਿਆਨ ਦੂਜੀਆਂ ਗੱਲਾਂ ਵੱਲ ਬਿਲਕੁਲ ਨਾ ਹੋਵੇ। ਜਦਕਿ ਅਸਲ ਵਿੱਚ ਉਹ ਕਹਿੰਦੇ ਹਨ ਕਿ ਇਹ ਉਨ੍ਹਾਂ ਨੂੰ ਸੰਤੁਸ਼ਟੀ ਅਤੇ ਸਿਰਜਣਸ਼ੀਲਤਾ ਦੇ ਅਨੁਭਵ ਤੋਂ ਦੂਰ ਕਰਦਾ ਹੈ।

### ਚੇਤਨਤਾ ਕਿੱਥੋਂ ਆਉਂਦੀ ਹੈ?

ਚੇਤਨਤਾ ਦੇ ਅਭਿਆਸ ਦੀਆਂ ਜੜ੍ਹਾਂ ਬੋਧੀ ਪਰੰਪਰਾ ਦੀਆਂ ਧਿਆਨ-ਸਾਧਨਾਵਾਂ ਦੀਆਂ ਤਕਨੀਕਾਂ ਵਿੱਚ ਹਨ। ਜੋ ਕਿ ਬੋਧੀਸਤਵ ਤੱਕ ਪਹੁੰਚਣ ਦੇ ਮਾਰਗ ਦੇ ਬੁਨਿਆਦੀ ਹਿੱਸੇ ਹਨ। ਸਾਲ 1060 ਦੇ ਦਹਾਕੇ ਦੌਰਾਨ ਸਾਇੰਸਦਾਨਾਂ ਨੇ ਇਨ੍ਹਾਂ ਤਕਨੀਕਾਂ ਦੇ ਪੀੜਾ ਅਤੇ ਖ਼ਰਾਬ ਮਾਨਸਿਕ ਸਿਹਤ ਨੂੰ ਠੀਕ ਕਰਨ ਵਿੱਚ ਡਾਕਟਰੀ ਫਾਇਦਿਆਂ ਦੀ ਜਾਂਚ ਕਰਨੀ ਸ਼ੁਰੂ ਕੀਤੀ। ਅਮਰੀਕੀ ਪ੍ਰੋਫੈਸਰ ਜੌਨ ਕਬਟ-ਜ਼ਿਨ ਇਸ ਖੇਤਰ ਦੇ ਮੋਢੀਆਂ ਵਿੱਚੋਂ ਸਨ। ਉਨ੍ਹਾਂ ਨੇ ਸਾਲ 1979 ਵਿੱਚ ਮੈਸਾਚਿਊਸਿਟਸ ਯੂਨੀਵਰਸਿਟੀ ਵਿੱਚ ਚੇਤਨਤਾ-ਅਧਾਰਿਤ ਤਣਾ ਘਟਾਉਣ (ਐੱਮਬੀਐੱਸਆਰ) ਦੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਅੱਠ ਹਫ਼ਤਿਆਂ ਦੇ ਇਲਾਜ ਪ੍ਰੋਗਰਾਮ ਵਿੱਚ, ਉਨ੍ਹਾਂ ਨੇ ਗੰਭੀਰ ਦਰਦ ਦੇ ਮਰੀਜ਼ਾਂ ਨੂੰ ਬੁਨਿਆਦੀ ਚੇਤਨਾ ਦਾ ਅਭਿਆਸ ਕਰਨ ਲਈ ਕਿਹਾ। ਉਨ੍ਹਾਂ ਨੇ ਦੇਖਿਆ ਕਿ ਮੌਜੂਦਾ ਪਲ ਪ੍ਰਤੀ ਬਿਨਾਂ ਕੋਈ ਫ਼ੈਸਲਾ ਲਏ ਜਾਂ ਬਹੁਤ ਜ਼ਿਆਦਾ ਸੋਚੇ ਬਿਨਾਂ ਸੁਚੇਤ ਹੋ ਕੇ ਰਹਿਣ ਨਾਲ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਦਬਾਅ ਨੂੰ ਨਜਿੱਠਣ ਵਿੱਚ ਮਦਦ ਮਿਲੀ। ਇਸ ਨਾਲ ਉਨ੍ਹਾਂ ਦੀ ਮਾਨਸਿਕ ਤੰਦਰੁਸਤੀ ਉੱਤੇ ਬੜਾ ਹਾਂ-ਮੁਖੀ ਪ੍ਰਭਾਵ ਪਿਆ। ਉਨ੍ਹਾਂ ਨੇ ਆਪਣੀਆਂ ਖੋਜਾਂ ਮੈਡੀਕਲ ਰਸਾਲਿਆਂ ਅਤੇ ਕਈ ਕਿਤਾਬਾਂ ਵਿੱਚ ਪ੍ਰਕਾਸ਼ਿਤ ਕਰਵਾਈਆਂ, ਅਤੇ ਇਸ ਅਭਿਆਸ ਨੂੰ ਵਡੇਰੇ ਮੈਡੀਕਲ ਸਮੁਦਾਇ ਵਿੱਚ ਪ੍ਰਸਿੱਧ ਕੀਤਾ। ਚੇਤਨਤਾ ਨੂੰ ਹੁਣ ਬ੍ਰਿਟੇਨ ਦੀ ਨੈਸ਼ਨਲ ਹੈਲਥ ਸਰਵਿਸਸ (ਐੱਨਐੱਚਐੱਸ) ਵਿੱਚ ਵੀ ਇਲਾਜ ਦੀ ਇੱਕ ਤਕਨੀਕ ਵਜੋਂ ਵਰਤਿਆ ਜਾਂਦਾ ਹੈ।

### ਤੁਲਨਾ ਦੀ ਅਦਿੱਖ ਦੌੜ

ਜਦੋਂ ਸੋਸ਼ਲ ਮੀਡੀਆ ਦਾ ਦਖ਼ਲ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਲਗਾਤਾਰ ਵੱਧਦਾ ਜਾ ਰਿਹਾ ਹੈ। ਇਸ ਨਾਲ ਤੁਲਨਾ ਕਰਨ ਲਈ ਕੋਈ ਬਹੁਤੀ ਕੋਸ਼ਿਸ਼ ਨਹੀਂ ਕਰਨੀ ਪੈਂਦੀ, ਇਸ ਲਈ ਮੋਬਾਈਲ ਸਕ੍ਰੀਨ ਉੱਤੇ ਸਿਰਫ ਇੱਕ ਉਂਗਲ ਘਸਾਉਣ ਦੀ ਲੋੜ ਹੈ। ਸਫਾ ਅਲ-ਰਹਮਾਹੀ ਇੱਕ ਖੋਜੀ ਪੱਤਰਕਾਰ ਅਤੇ ਮੀਡੀਆ ਖੇਤਰ ਦੇ ਸਿੱਖਿਅਕ ਹਨ। ਉਹ ਕਹਿੰਦੇ ਹਨ ਕਿ ਸੋਸ਼ਲ ਮੀਡੀਆ ਵਰਤਣ ਵਾਲੇ ਇੱਕ ਅਜਿਹੀ ਅਲਗੋਰਿਦਮ ਵਿੱਚ ਫਸ ਕੇ ਰਹਿ ਸਕਦੇ ਹਨ ਜੋ, ਉਨ੍ਹਾਂ ਨੂੰ ਸੱਚਾਈ ਦਾ ਸਿਰਫ਼ ਵਿਗੜਿਆ ਰੂਪ ਹੀ ਪਰੋਸਦੀ ਹੈ। ਜਿਸ ਵਿੱਚ ਗੈਰ-ਯਥਾਰਥਵਾਦੀ ਸਰੀਰਾਂ ਤੋਂ ਲੈ ਕੇ ਖ਼ਰਚੀਲੀਆਂ ਛੁੱਟੀਆਂ ਤੱਕ ਸ਼ਾਮਿਲ ਹਨ। "ਇਹ ਸਭ ਹੌਲੀ-ਹੌਲੀ ਸਾਡੀ ਚੇਤਨਾ ਵਿੱਚ ਨਵਾਂ ਪ੍ਰੋਗਰਾਮ ਸਥਾਪਿਤ ਕਰਦੇ ਹਨ। ਸਾਨੂੰ ਲੱਗਣ ਲਗਦਾ ਹੈ ਕਿ ਹਰ ਕੋਈ ਬਿਲਕੁਲ ਸਹੀ ਜ਼ਿੰਦਗੀ ਜਿਉਂ ਰਿਹਾ ਹੈ ਅਤੇ ਸਿਰਫ ਅਸੀਂ ਹੀ ਹਾਂ ਜੋ ਆਮ, ਪਿਛੜੀ ਹੋਈ ਅਤੇ ਗਲਤ ਜ਼ਿੰਦਗੀ ਜਿਉਂ ਰਹੇ ਹਾਂ।" ਇਸ ਨਾਲ ਦਿਮਾਗ਼ ਦੇ ਉਹ ਖੇਤਰ ਸਰਗਰਮ ਹੋ ਗਏ ਜੋ ਸਮਾਜਿਕ ਪੀੜ ਅਤੇ ਅਯੋਗਤਾ ਦੀਆਂ ਭਾਵਨਾਵਾਂ ਨਾਲ ਜੁੜੇ ਹਨ। ਇਹ ਦਿਮਾਗ ਨਾਲ ਲੜਨ ਬਾਰੇ ਨਹੀਂ ਹੈ ਸਗੋਂ, ਉਸ ਨੂੰ ਮਾਰਗਦਰਸ਼ਨ ਲੈਣ ਲਈ ਸਿਖਲਾਈ ਦੇਣ ਬਾਰੇ ਹੈ। ਮਨੋਵਿਗਿਆਨੀ ਅਲ-ਰਿਫਾਇ ਮੁਤਾਬਕ, ਇਸ ਨਾਲ ਅਸੀਂ ਆਪਣੇ ਤੋਂ ਉਪਰਲੇ ਤਬਕੇ ਨਾਲ ਸਮਾਜਿਕ ਤੁਲਨਾ ਕਰਨ ਲੱਗਦੇ ਹਾਂ ਜਿੱਥੇ ਲੋਕ ਆਪਣੀ ਜ਼ਿੰਦਗੀ ਨੂੰ ਦੂਜਿਆਂ ਦੀਆਂ ਜ਼ਿੰਦਗੀਆਂ ਦੇ ਚੋਣਵੇਂ ਅਤੇ ਚੁਣੇ ਹੋਏ ਪਲਾਂ ਨਾਲ ਤੁਲਨਾ ਕਰਦੇ ਹਨ। ਉਹ ਕਹਿੰਦੇ ਹਨ, "(ਇਲਾਜ) ਦੌਰਾਨ ਅਸੀਂ ਲੋਕਾਂ ਨੂੰ ਆਪਣੇ ਫੋਨ ਦੀਆਂ ਨੋਟੀਫਿਕੇਸ਼ਨਾਂ ਵਾਰ-ਵਾਰ ਦੇਖਣ ਤੋਂ ਰੁਕਣ ਅਤੇ ਤੁਲਨਾ ਦੀ ਇੱਛਾ ਨੂੰ ਦਰਸ਼ਕ ਬਣ ਕੇ ਦੇਖਣ ਦੀ ਨਾ ਕਿ ਉਸਦਾ ਦਮਨ ਕਰਨ ਦੀ ਸਿਖਲਾਈ ਦਿੰਦੇ ਹਾਂ।" "ਇਹ ਸਾਡੇ ਦਿਮਾਗ਼ ਦੇ ਸਮਾਜਿਕ ਦਰਦ ਅਤੇ ਅਢੁੱਕਵੇਂਪਣ ਦੀ ਭਾਵਨਾ ਨਾਲ ਜੁੜੇ ਹਿੱਸਿਆਂ ਨੂੰ ਸਰਗਰਮ ਕਰਦਾ ਹੈ। ਆਪਣੇ ਡਿਜੀਟਲ ਈਕੋਸਿਸਟਮ ਦੀ ਸਮੀਖਿਆ ਕਰੋ: ਤੁਸੀਂ ਕਿਸ ਨੂੰ ਫਾਲੋ ਕਰ ਰਹੇ ਹੋ? ਕੌਣ ਤੁਹਾਨੂੰ ਮਸ਼ਹੂਰੀਆਂ ਦਿਖਾ ਰਿਹਾ ਹੈ?"

### ਅਸੀਂ ਕੀ ਕਰ ਸਕਦੇ ਹਾਂ?

ਅਲ-ਰਿਫਾਇ ਦੱਸਦੇ ਹਨ ਅਜਿਹੇ ਬਹੁਤ ਸਾਰੇ ਸਧਾਰਨ ਅਭਿਆਸ ਹਨ, ਜੋ ਲੋਕਾਂ ਨੂੰ ਮੌਜੂਦਾ ਪਲ (ਹੁਣ) ਵਿੱਚ ਜੁੜੇ ਰਹਿਣ ਵਿੱਚ ਮਦਦ ਕਰ ਸਕਦੇ ਹਨ। ਉਹ ਕਹਿੰਦੇ ਹਨ, "ਸਭ ਤੋਂ ਛੋਟੇ ਅਤੇ ਕੀਤੇ ਜਾ ਸਕਣ ਵਾਲੇ ਕੰਮ ਤੋਂ ਸ਼ੁਰੂ ਕਰੋ।" ਉਹ ਮਰੀਜ਼ਾਂ ਨੂੰ ਪੰਜ ਮਿੰਟਾਂ ਲਈ ਕਿਸੇ ਇੱਕ ਚੀਜ਼ ਉੱਤੇ ਟਿਕੇ ਰਹਿਣ ਦੀ ਕੋਸ਼ਿਸ਼ ਕਰਨ ਨੂੰ ਕਹਿੰਦੇ ਹਨ, ਜਿਵੇਂ ਕਿ ਕਾਫ਼ੀ ਦਾ ਕੱਪ ਪੀਣਾ। "ਆਪਣੇ ਹੱਥਾਂ ਵਿੱਚ ਇਸਦੇ ਤਾਪ ਅਤੇ ਮਹਿਕ ਨੂੰ ਮਹਿਸੂਸ ਕਰੋ। ਤੁਰੋ ਅਤੇ ਸੋਚੋ ਨਾ ਸਗੋਂ ਆਪਣੇ ਪੈਰਾਂ ਦੀ ਚਾਲ ਨੂੰ ਦੇਖੋ। ਇਸ ਨੂੰ ਅਸੀਂ ਕਹਿੰਦੇ ਹਾਂ, ਇਕਹਿਰਾ ਕੰਮ ਕਰਨਾ।" ਇੱਕ ਹੋਰ ਅਭਿਆਸ ਨੂੰ 'ਪੰਜ ਇੰਦਰੀਆਂ ਦੀ ਖੇਡ' ਕਿਹਾ ਜਾਂਦਾ ਹੈ:

ਕਿਸੇ ਪੰਜ ਚੀਜ਼ਾਂ ਬਾਰੇ ਦੱਸੋ ਜੋ ਤੁਸੀਂ ਹੁਣ ਦੇਖ ਰਹੇ ਹੋ।

ਉਨ੍ਹਾਂ ਚਾਰ ਅਵਾਜ਼ਾਂ ਵੱਲ ਧਿਆਨ ਦਿਓ ਜੋ ਤੁਸੀਂ ਹੁਣ ਸੁਣ ਸਕਦੇ ਹੋ।

ਜਿਹੜੀਆਂ ਤਿੰਨ ਚੀਜ਼ਾਂ ਨੂੰ ਛੋਹ ਸਕਦੇ ਹੋ, ਉਨ੍ਹਾਂ ਵੱਲ ਧਿਆਨ ਦਿਓ।

ਦੋ ਮਹਿਕਾਂ ਮਹਿਸੂਸ ਕਰੋ, ਜੋ ਤੁਸੀਂ ਹੁਣ ਸੁੰਘ ਸਕਦੇ ਹੋ।

ਤੁਹਾਡੇ ਮੂੰਹ ਵਿੱਚ ਜੋ ਹੈ, ਉਸਦਾ ਸੁਆਦ ਮਹਿਸੂਸ ਕਰੋ।

ਅਲ-ਰਿਫਾਇ ਦੱਸਦੇ ਹਨ,"ਇਸ ਵਿੱਚ ਜੁਗਤ ਆਪਣਾ ਧਿਆਨ ਚਿੰਤਾ ਵਾਲੇ ਦਿਮਾਗ ਤੋਂ ਸੰਵੇਦਨਾ ਵਾਲੇ ਦਿਮਾਗ ਵੱਲ ਮੋੜਨ ਦੀ ਹੈ, ਜਿੱਥੇ ਕਿ ਸੱਚੀ ਮੌਜੂਦਗੀ ਵਾਸ ਕਰਦੀ ਹੈ।" "ਯਾਦ ਰੱਖੋ ਕਿ ਤੁਹਾਡਾ ਦਿਮਾਗ ਹਮੇਸ਼ਾ ਕੰਮ ਕਰਦੇ ਰਹਿਣ ਲਈ ਨਹੀਂ ਬਣਿਆ, ਸਗੋਂ ਕੰਮ ਕਰਨ ਅਤੇ ਅਰਾਮ ਕਰਨ ਲਈ ਬਣਿਆ ਹੈ। ਹਮੇਸ਼ਾ ਯਾਦ ਰੱਖੋ ਕਿ ਤੁਸੀਂ ਇੱਕ ਮਨੁੱਖ ਹੋ।"






# ਮੰਗਲ ਗ੍ਰਹਿ ਦੀਆਂ ਚੱਟਾਨਾਂ 'ਚ ਮਿਲੇ ਪਿਛਲੇ ਜਨਮ ਦੇ ਸੰਭਾਵੀ ਸੰਕੇਤ

ਮੰਗਲ ਗ੍ਰਹਿ 'ਤੇ ਖੋਜੀਆਂ ਗਈਆਂ ਅਸਾਧਾਰਨ ਚੱਟਾਨਾਂ ਵਿੱਚ ਲਾਲ ਗ੍ਰਹਿ 'ਤੇ ਸੰਭਾਵੀ ਪਿਛਲੇ ਜੀਵਨ ਦੇ ਸਭ ਤੋਂ ਦਿਲਚਸਪ ਸਬੂਤ ਹਨ। ਨਾਸਾ ਦੇ ਪਰਸੀਵਰੈਂਸ ਰੋਵਰ ਦੁਆਰਾ ਧੂੜ ਭਰੀ ਨਦੀ ਦੇ ਤਲ ਵਿੱਚ ਮਿਲੇ ਮਿੱਟੀ ਦੇ ਪੱਥਰਾਂ ਵਿੱਚ ਤੇਂਦੂਏ ਦੇ ਨਿਸ਼ਾਨ ਅਤੇ ਖਸਖਸ ਦੇ ਬੀਜ ਵਰਗੇ ਪ੍ਰਭਾਵਸ਼ਾਲੀ ਨਿਸ਼ਾਨ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਚੱਟਾਨਾਂ ਵਿੱਚ ਰਸਾਇਣਕ ਪ੍ਰਤੀਕਿਰਿਆਵਾਂ ਦੁਆਰਾ ਪੈਦਾ ਕੀਤੇ ਗਏ ਖਣਿਜ ਹੁੰਦੇ ਹਨ ਜੋ ਪ੍ਰਾਚੀਨ ਮੰਗਲ ਗ੍ਰਹਿ ਦੇ ਰੋਗਾਣੂਆਂ ਨਾਲ ਜੁੜੇ ਹੋ ਸਕਦੇ ਹਨ। ਇਹ ਸੰਭਵ ਹੈ ਕਿ ਇਹ ਖਣਿਜ ਕੁਦਰਤੀ ਭੂ-ਵਿਗਿਆਨਕ ਪ੍ਰਕਿਰਿਆਵਾਂ ਦੁਆਰਾ ਪੈਦਾ ਕੀਤੇ ਗਏ ਸਨ, ਪਰ ਇਹ ਖੋਜਾਂ ਨਾਸਾ ਦੁਆਰਾ "ਸੰਭਾਵੀ ਬਾਇ ਸਿਗਨੇਚਰ" ਕਹੇ ਜਾਣ ਵਾਲੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਕਾਫ਼ੀ ਮਹੱਤਵਪੂਰਨ ਹਨ। ਇਸਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਹ ਨਿਰਧਾਰਤ ਕਰਨ ਲਈ ਹੋਰ ਜਾਂਚ ਦੀ ਲੋੜ ਹੈ ਕਿ ਕੀ ਉਹ ਮੂਲ ਰੂਪ ਵਿੱਚ ਜੈਵਿਕ ਹਨ।




ਇੰਪੀਰੀਅਲ ਕਾਲਜ ਲੰਡਨ ਦੇ ਗ੍ਰਹਿ ਵਿਗਿਆਨੀ ਅਤੇ ਜਰਨਲ ਨੇਚਰ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਲੇਖਕਾਂ ਵਿੱਚੋਂ ਇੱਕ ਪ੍ਰੋਫੈਸਰ ਸੰਜੀਵ ਗੁਪਤਾ ਨੇ ਕਿਹਾ, "ਸਾਡੇ ਕੋਲ ਪਹਿਲਾਂ ਅਜਿਹਾ ਕੁਝ ਨਹੀਂ ਸੀ, ਇਸ ਲਈ ਮੈਨੂੰ ਲੱਗਦਾ ਹੈ ਕਿ ਇਹ ਇੱਕ ਵੱਡੀ ਗੱਲ ਹੈ।" "ਸਾਨੂੰ ਚੱਟਾਨਾਂ ਵਿੱਚ ਅਜਿਹੀਆਂ ਵਿਸ਼ੇਸ਼ਤਾਵਾਂ ਮਿਲੀਆਂ ਹਨ ਜਿਨ੍ਹਾਂ ਨੂੰ ਜੇਕਰ ਤੁਸੀਂ ਧਰਤੀ 'ਤੇ ਦੇਖਦੇ ਹੋ ਤਾਂ ਜੀਵ ਵਿਗਿਆਨ, ਸੂਖ਼ਮ ਜੀਵਾਣੂ ਪ੍ਰਕਿਰਿਆਵਾਂ ਦੁਆਰਾ ਸਮਝਾਇਆ ਜਾ ਸਕਦਾ ਹੈ। ਇਸ ਲਈ ਅਸੀਂ ਇਹ ਨਹੀਂ ਕਹਿ ਰਹੇ ਕਿ ਸਾਨੂੰ ਜੀਵਨ ਮਿਲ ਗਿਆ ਹੈ, ਪਰ ਅਸੀਂ ਕਹਿ ਰਹੇ ਹਾਂ ਕਿ ਇਹ ਸੱਚਮੁੱਚ ਸਾਨੂੰ ਖੋਜਣ ਲਈ ਕੁਝ ਲਈ ਦਿੰਦਾ ਹੈ।"

ਪੂਰੀ ਤਰ੍ਹਾਂ ਪੁਸ਼ਟੀ ਕਰਨ ਦਾ ਇੱਕੋ ਇੱਕ ਤਰੀਕਾ ਹੈ ਕਿ ਕੀ ਖਣਿਜ ਸੂਖ਼ਮ ਜੀਵਾਂ ਦੁਆਰਾ ਬਣਾਏ ਗਏ ਸਨ, ਚੱਟਾਨਾਂ ਨੂੰ ਵਿਸ਼ਲੇਸ਼ਣ ਲਈ ਧਰਤੀ 'ਤੇ ਵਾਪਸ ਲਿਆਉਣਾ ਹੋਵੇਗਾ। ਨਾਸਾ ਅਤੇ ਆਈਐੱਸਏ ਨੇ ਮੰਗਲ ਗ੍ਰਹਿ ਤੋਂ ਇੱਕ ਨਮੂਨਾ ਵਾਪਸੀ ਮਿਸ਼ਨ ਦਾ ਪ੍ਰਸਤਾਵ ਰੱਖਿਆ ਹੈ, ਪਰ ਇਸਦਾ ਭਵਿੱਖ ਬਹੁਤ ਹੀ ਅਨਿਸ਼ਚਿਤ ਹੈ। ਅਮਰੀਕੀ ਪੁਲਾੜ ਏਜੰਸੀ ਦੇ ਵਿਗਿਆਨ ਬਜਟ ਵਿੱਚ ਭਾਰੀ ਕਟੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਰਾਸ਼ਟਰਪਤੀ ਟਰੰਪ ਦੇ 2026 ਦੇ ਬਜਟ ਵਿੱਚ ਪ੍ਰਸਤਾਵਿਤ ਕੀਤਾ ਗਿਆ ਹੈ ਅਤੇ ਨਮੂਨਾ ਵਾਪਸੀ ਮਿਸ਼ਨ ਰੱਦ ਕੀਤੇ ਜਾਣ ਵਾਲੇ ਮਿਸ਼ਨਾਂ ਵਿੱਚੋਂ ਇੱਕ ਹੈ। ਅੱਜ, ਮੰਗਲ ਗ੍ਰਹਿ ਇੱਕ ਠੰਢਾ ਅਤੇ ਸੁੱਕਾ ਮਾਰੂਥਲ ਹੈ। ਪਰ ਅਰਬਾਂ ਸਾਲ ਪਹਿਲਾਂ ਇਸ ਗੱਲ ਦੇ ਸਬੂਤ ਹਨ ਕਿ ਇਸ ਦਾ ਇੱਕ ਸੰਘਣਾ ਵਾਯੂਮੰਡਲ ਅਤੇ ਪਾਣੀ ਸੀ, ਜਿਸ ਨਾਲ ਇਹ ਪਿਛਲੇ ਜੀਵਨ ਦੀ ਖੋਜ ਲਈ ਇੱਕ ਵਾਅਦਾ ਕਰਨ ਵਾਲਾ ਸਥਾਨ ਬਣ ਗਿਆ ਸੀ।

### 'ਚੱਟਾਨਾਂ ਵਿੱਚ ਕੁਝ ਦਿਲਚਸਪ ਰਸਾਇਣ ਵਿਗਿਆਨ'

2021 ਵਿੱਚ ਮੰਗਲ ਗ੍ਰਹਿ ਦੀ ਸਤ੍ਹਾ 'ਤੇ ਉਤਰਿਆ ਪਰਸੀਵਰੈਂਸ ਰੋਵਰ, ਜੀਵ ਵਿਗਿਆਨ ਦੇ ਸੰਕੇਤਾਂ ਦੀ ਖੋਜ ਲਈ ਭੇਜਿਆ ਗਿਆ ਸੀ। ਇਸਨੇ ਪਿਛਲੇ ਚਾਰ ਸਾਲ ਜੇਜ਼ੇਰੋ ਕ੍ਰੇਟਰ ਨਾਮ ਦੇ ਇੱਕ ਖੇਤਰ ਦੀ ਖੋਜ ਕਰਨ ਵਿੱਚ ਬਿਤਾਏ ਹਨ, ਜੋ ਕਿ ਕਦੇ ਇੱਕ ਪ੍ਰਾਚੀਨ ਝੀਲ ਸੀ ਅਤੇ ਇਸ ਵਿੱਚੋਂ ਇੱਕ ਨਦੀ ਵਗਦੀ ਸੀ। ਰੋਵਰ ਨੂੰ ਪਿਛਲੇ ਸਾਲ ਬ੍ਰਾਈਟ ਏਂਜਲ ਫਾਰਮੇਸ਼ਨ ਨਾਮ ਦੇ ਖੇਤਰ ਵਿੱਚ ਇੱਕ ਨਦੀ ਦੁਆਰਾ ਪੁੱਟੀ ਗਈ ਇੱਕ ਘਾਟੀ ਦੇ ਤਲ 'ਤੇ ਤੇਂਦੂਏ ਦੇ ਛਾਪ ਵਾਲੀਆਂ ਚੱਟਾਨਾਂ ਮਿਲੀਆਂ। ਇਹ ਲਗਭਗ 350 ਕਰੋੜ ਸਾਲ ਪੁਰਾਣੀਆਂ ਹਨ ਅਤੇ ਇੱਕ ਕਿਸਮ ਦੀ ਚੱਟਾਨ ਹੈ ਜਿਸ ਨੂੰ ਮਡਸਟੋਨ ਕਿਹਾ ਜਾਂਦਾ ਹੈ, ਇੱਕ ਬਰੀਕ-ਦਾਣੇ ਵਾਲੀ ਚੱਟਾਨ ਜੋ ਮਿੱਟੀ ਤੋਂ ਬਣੀ ਹੈ। ਨਿਊਯਾਰਕ ਵਿੱਚ ਸਟੋਨੀ ਬਰੂਕ ਯੂਨੀਵਰਸਿਟੀ ਦੇ ਜੋਏਲ ਹੁਰੋਵਿਟਜ਼, ਇੱਕ ਪਰਸੀਵਰੈਂਸ ਮਿਸ਼ਨ ਵਿਗਿਆਨੀ ਅਤੇ ਪੇਪਰ ਦੇ ਮੁੱਖ ਲੇਖਕ ਨੇ ਕਿਹਾ, "ਸਾਨੂੰ ਤੁਰੰਤ ਪਤਾ ਲੱਗ ਗਿਆ ਸੀ ਕਿ ਇਨ੍ਹਾਂ ਚੱਟਾਨਾਂ ਵਿੱਚ ਕੁਝ ਦਿਲਚਸਪ ਰਸਾਇਣ ਵਿਗਿਆਨ ਹੈ, ਇਸ ਲਈ ਅਸੀਂ ਤੁਰੰਤ ਬਹੁਤ ਉਤਸ਼ਾਹਿਤ ਹੋ ਗਏ।"



ਰੋਵਰ ਨੇ ਚੱਟਾਨਾਂ ਵਿੱਚ ਖਣਿਜਾਂ ਦਾ ਵਿਸ਼ਲੇਸ਼ਣ ਕਰਨ ਲਈ ਆਪਣੀ ਪ੍ਰਯੋਗਸ਼ਾਲਾ ਵਿੱਚ ਕਈ ਯੰਤਰਾਂ ਦੀ ਵਰਤੋਂ ਕੀਤੀ। ਇਸ ਡੇਟਾ ਨੂੰ ਫਿਰ ਵਿਗਿਆਨੀਆਂ ਨੂੰ ਅਧਿਐਨ ਕਰਨ ਲਈ ਧਰਤੀ 'ਤੇ ਵਾਪਸ ਭੇਜਿਆ ਗਿਆ।

ਡਾ. ਹੁਰੋਵਿਟਜ਼ ਨੇ ਸਮਝਾਇਆ, "ਸਾਨੂੰ ਲੱਗਦਾ ਹੈ ਕਿ ਜੋ ਅਸੀਂ ਪਾਇਆ ਹੈ ਉਹ ਇੱਕ ਝੀਲ ਦੇ ਤਲ 'ਤੇ ਜਮ੍ਹਾ ਹੋਏ ਚਿੱਕੜ ਵਿੱਚ ਹੋਈਆਂ ਰਸਾਇਣਕ ਪ੍ਰਤੀਕ੍ਰਿਆਵਾਂ ਦੇ ਇੱਕ ਸਮੂਹ ਦਾ ਸਬੂਤ ਹੈ ਅਤੇ ਅਜਿਹਾ ਲੱਗਦਾ ਹੈ ਕਿ ਇਹ ਰਸਾਇਣਕ ਪ੍ਰਤੀਕ੍ਰਿਆਵਾਂ ਚਿੱਕੜ ਅਤੇ ਜੈਵਿਕ ਪਦਾਰਥਾਂ ਵਿਚਕਾਰ ਹੋਈਆਂ। ਇਹ ਦੋਵੇਂ ਹਿੱਸੇ ਮਿਲ ਕੇ ਨਵੇਂ ਖਣਿਜ ਬਣਾਉਂਦੇ ਹਨ।" ਧਰਤੀ 'ਤੇ ਸਮਾਨ ਸਥਿਤੀਆਂ ਵਿੱਚ ਖਣਿਜ ਬਣਾਉਣ ਵਾਲੀਆਂ ਰਸਾਇਣਕ ਪ੍ਰਤੀਕ੍ਰਿਆਵਾਂ ਆਮ ਤੌਰ 'ਤੇ ਸੂਖ਼ਮ ਜੀਵਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਡਾ. ਹੁਰੋਵਿਟਜ਼ ਨੇ ਕਿਹਾ, "ਇਹ ਇਨ੍ਹਾਂ ਚੱਟਾਨਾਂ ਵਿੱਚ ਇਨ੍ਹਾਂ ਵਿਸ਼ੇਸ਼ਤਾਵਾਂ ਦੇ ਗਠਨ ਲਈ ਸੰਭਾਵਿਤ ਸਪੱਸ਼ਟੀਕਰਨਾਂ ਵਿੱਚੋਂ ਇੱਕ ਹੈ। ਇਹ ਹੁਣ ਤੱਕ ਸਾਨੂੰ ਮਿਲਿਆ ਸਭ ਤੋਂ ਪ੍ਰਭਾਵਸ਼ਾਲੀ ਸੰਭਾਵੀ ਬਾਇ ਸਿਗਨੇਚਰ ਜਾਪਦਾ ਹੈ।" ਵਿਗਿਆਨੀਆਂ ਨੇ ਇਹ ਵੀ ਜਾਂਚ ਕੀਤੀ ਹੈ ਕਿ ਇਹ ਖਣਿਜ ਰੋਗਾਣੂਆਂ ਤੋਂ ਬਿਨ੍ਹਾਂ ਕਿਵੇਂ ਬਣ ਸਕਦੇ ਹਨ ਅਤੇ ਇਹ ਸਿੱਟਾ ਕੱਢਿਆ ਹੈ ਕਿ ਕੁਦਰਤੀ ਭੂ-ਵਿਗਿਆਨਕ ਪ੍ਰਕਿਰਿਆਵਾਂ ਵੀ ਰਸਾਇਣਕ ਪ੍ਰਤੀਕਿਰਿਆਵਾਂ ਦੇ ਪਿੱਛੇ ਹੋ ਸਕਦੀਆਂ ਹਨ। ਹਾਲਾਂਕਿ, ਇਸ ਲਈ ਉੱਚ ਤਾਪਮਾਨ ਦੀ ਲੋੜ ਹੋਵੇਗੀ ਅਤੇ ਚੱਟਾਨਾਂ ਇਸ ਤਰ੍ਹਾਂ ਨਹੀਂ ਲੱਗਦੀਆਂ ਜਿਵੇਂ ਉਨ੍ਹਾਂ ਨੂੰ ਗਰਮ ਕੀਤਾ ਗਿਆ ਹੋਵੇ।

ਡਾ. ਹੁਰੋਵਿਟਜ਼ ਨੇ ਕਿਹਾ, "ਸਾਨੂੰ ਗ਼ੈਰ-ਜੈਵਿਕ ਮਾਰਗਾਂ ਨਾਲ ਕੁਝ ਮੁਸ਼ਕਲਾਂ ਮਿਲੀਆਂ ਪਰ ਅਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕਰ ਸਕਦੇ।" ਪਰਸੀਵਰੈਂਸ ਮੰਗਲ ਗ੍ਰਹਿ ਦੀ ਆਪਣੀ ਖੋਜ ਦੌਰਾਨ ਨਮੂਨੇ ਇਕੱਠੇ ਕਰ ਰਿਹਾ ਹੈ, ਜਿਸ ਵਿੱਚ ਬ੍ਰਾਈਟ ਏਂਜਲ ਫਾਰਮੇਸ਼ਨ ਵਿੱਚ ਮਿਲੀਆਂ ਚੱਟਾਨਾਂ ਵੀ ਸ਼ਾਮਲ ਹਨ। ਇਨ੍ਹਾਂ ਨੂੰ ਕੰਟੇਨਰਾਂ ਵਿੱਚ ਸਟੋਰ ਕੀਤਾ ਗਿਆ ਹੈ ਅਤੇ ਮੰਗਲ ਗ੍ਰਹਿ ਦੀ ਸਤ੍ਹਾ 'ਤੇ ਇੱਕ ਮਿਸ਼ਨ ਦੀ ਉਡੀਕ ਵਿੱਚ ਜਮ੍ਹਾ ਕੀਤਾ ਜਾਵੇਗਾ ਜੋ ਉਨ੍ਹਾਂ ਨੂੰ ਵਾਪਸ ਲਿਆ ਸਕਦਾ ਹੈ।

ਬਜਟ ਵਿੱਚ ਕਟੌਤੀ ਦੇ ਡਰੋਂ ਨਾਸਾ ਦੀਆਂ ਅਜਿਹੀਆਂ ਕੋਸ਼ਿਸ਼ਾਂ ਦੀਆਂ ਯੋਜਨਾਵਾਂ ਨੂੰ ਰੋਕਿਆ ਗਿਆ ਹੈ ਪਰ ਚੀਨ ਇੱਕ ਨਮੂਨਾ ਵਾਪਸੀ ਮਿਸ਼ਨ 'ਤੇ ਵੀ ਕੰਮ ਕਰ ਰਿਹਾ ਹੈ ਜੋ 2028 ਵਿੱਚ ਲਾਂਚ ਕੀਤਾ ਜਾ ਸਕਦਾ ਹੈ। ਇਹ ਫ਼ੈਸਲਾ ਅਜੇ ਵੀ ਬਹਿਸ ਅਧੀਨ ਹੈ ਪਰ ਵਿਗਿਆਨੀ ਚੱਟਾਨਾਂ 'ਤੇ ਆਪਣੇ ਦਸਤਾਨੇ ਵਾਲਿਆਂ ਹੱਥ ਰੱਖਣ ਲਈ ਬੇਤਾਬ ਹਨ। ਪ੍ਰੋਫੈਸਰ ਗੁਪਤਾ ਨੇ ਕਿਹਾ, "ਸਾਨੂੰ ਧਰਤੀ 'ਤੇ ਇਨ੍ਹਾਂ ਨਮੂਨਿਆਂ ਨੂੰ ਵਾਪਸ ਦੇਖਣਾ ਪਵੇਗਾ।"

# ਟਮਾਟਰ ਅਤੇ ਆਲੂ ਵਿਚਕਾਰ ਕਿੰਨਾ ਕੁ ਹੈ ਪੁਰਾਣਾ ਰਿਸ਼ਤਾ

ਤਕਰੀਬਨ 90 ਲੱਖ ਸਾਲ ਪਹਿਲਾਂ ਦੱਖਣੀ ਅਮਰੀਕਾ ਦੇ ਐਂਡੀਜ਼ ਪਹਾੜ ਹਾਲੇ ਵਧ ਰਹੇ ਸਨ, ਆਪਣਾ ਵਿਸਥਾਰ ਕਰ ਰਹੇ ਸਨ। ਉਸ ਸਮੇਂ ਮਨੁੱਖ ਮੌਜੂਦ ਨਹੀਂ ਸਨ ਪਰ ਪੌਦਿਆਂ ਦੀਆਂ ਦੋ ਕਿਸਮਾਂ ਨਾਲ-ਨਾਲ ਵਧ ਰਹੀਆਂ ਸਨ। ਲੰਡਨ ਦੇ ਨੈਚੁਰਲ ਹਿਸਟਰੀ ਮਿਊਜ਼ੀਅਮ ਦੀ ਬਨਸਪਤੀ ਵਿਗਿਆਨੀ ਡਾਕਟਰ ਸੈਂਡਰਾ ਨੈਪ ਕਹਿੰਦੇ ਹਨ, "ਇਨ੍ਹਾਂ ਵਿੱਚੋਂ ਇੱਕ ਸੋਲੇਨਮ ਲਾਈਕੋਪਰਸਰਿਕਮ (ਟਮਾਟਰ) ਸੀ ਅਤੇ ਦੂਜੀ ਸੋਲੇਨਮ ਐਟਿਊਬੇਰੋਸਮ ਸੀ। ਇਸ ਦੀਆਂ ਤਿੰਨ ਮੌਜੂਦਾ ਪ੍ਰਜਾਤੀਆਂ ਅਜੇ ਵੀ ਚਿਲੀ ਅਤੇ ਜੁਆਨ ਫਰਨਾਂਡੇਜ਼ ਟਾਪੂਆਂ ਵਿੱਚ ਪਾਈਆਂ ਜਾਂਦੀਆਂ ਹਨ।" ਜਿਵੇਂ ਕਿ ਉਨ੍ਹਾਂ ਦੇ ਨਾਵਾਂ ਤੋਂ ਸਮਝਿਆ ਜਾ ਸਕਦਾ ਹੈ, ਦੋਵੇਂ ਪੌਦੇ ਇੱਕ ਦੂਜੇ ਨਾਲ ਸਬੰਧਤ ਸਨ ਅਤੇ ਉਹ ਇੱਕ ਦੂਜੇ ਦੇ ਨਾਲ ਪ੍ਰਜਨਨ ਕਰਦੇ ਸਨ। ਡਾਕਟਰ ਨੈਪ ਕਹਿੰਦੇ ਹਨ, "ਇਸ ਨਾਲ ਜੀਨਜ਼ ਵਿੱਚ ਇੱਕ ਤਬਦੀਲੀ ਆਈ ਜਿਸਨੇ ਕੁਝ ਨਵਾਂ ਪੈਦਾ ਕੀਤਾ।" "ਐਂਡੀਜ਼ ਦੇ ਠੰਡੇ, ਖੁਸ਼ਕ ਮੌਸਮ ਨੇ ਮਦਦ ਕੀਤੀ।"

ਮਾਹਰ ਇਸਨੂੰ 'ਇੰਟਰਸਪੇਸ਼ਿਵ ਹਾਈ-ਬ੍ਰਿਡਾਈਜ਼ੇਸ਼ਨ' ਕਹਿੰਦੇ ਹਨ ਅਤੇ ਇਹ ਅਕਸਰ ਹੁੰਦਾ ਹੈ। ਹਾਲਾਂਕਿ, ਕਈ ਵਾਰ ਨਤੀਜੇ ਚੰਗੇ ਨਹੀਂ ਹੁੰਦੇ। ਮਿਸਾਲ ਦੇ ਤੌਰ ਉੱਤੇ ਖੱਚਰ ਦਾ ਜਨਮ ਇੱਕ ਘੋੜੀ ਅਤੇ ਗਧੇ ਦੇ ਮੇਲ ਤੋਂ ਹੁੰਦਾ ਹੈ। ਇਹ ਇੱਕ ਸਫ਼ਲ ਹਾਈਬ੍ਰਿਡਾਈਜ਼ੇਸ਼ਨ ਹੈ ਜਿਸ ਨੂੰ ਮੁੱਢ ਕਦੀਮ ਤੋਂ ਅਹਿਮੀਅਤ ਦਿੱਤੀ ਜਾ ਰਹੀ ਹੈ। ਪਰ ਇਸ ਵਿੱਚ ਪ੍ਰਜਨਨ ਦੀ ਸਮਰੱਥਾ ਨਹੀਂ ਹੈ। ਡਾਕਟਰ ਨੈਪ ਕਹਿੰਦੇ ਹਨ ਕਿ ਹਾਈਬ੍ਰਿਡਾਈਜ਼ੇਸ਼ਨ ਪੌਦਿਆਂ ਦੀ ਦੁਨੀਆਂ ਵਿੱਚ ਵੀ ਹੁੰਦਾ ਹੈ ਅਤੇ ਇਸ ਤਰ੍ਹਾਂ ਸਾਨੂੰ ਅਕਸਰ ਬਾਗ਼ ਵਿੱਚ ਬਹੁਤ ਸਾਰੇ ਨਵੇਂ ਪੌਦੇ ਮਿਲਦੇ ਹਨ। ਹਾਈਬ੍ਰਿਡਾਈਜ਼ੇਸ਼ਨ ਕੁਦਰਤੀ ਤੌਰ 'ਤੇ ਜਾਂ ਮਨੁੱਖੀ ਦਖਲਅੰਦਾਜ਼ੀ ਰਾਹੀਂ ਹੋ ਸਕਦੀ ਹੈ। ਇਹ ਅਜਿਹੇ ਪੌਦੇ ਪੈਦਾ ਕਰਦਾ ਹੈ ਜੋ ਦੋਵੇਂ ਮੂਲ ਪੌਦਿਆਂ ਦਾ ਮਿਸ਼ਰਣ ਹੁੰਦੇ ਹਨ। ਉਹ ਕਹਿੰਦੇ ਹਨ, "ਕਈ ਵਾਰ ਅਜਿਹੇ ਪੌਦਿਆਂ ਵਿੱਚ ਪ੍ਰਜਨਨ ਸਮਰੱਥਾ ਨਹੀਂ ਹੁੰਦੀ, ਇਸ ਲਈ ਨਵੀਆਂ ਕਿਸਮਾਂ ਵਿਕਸਤ ਨਹੀਂ ਕੀਤੀਆਂ ਜਾ ਸਕਦੀਆਂ।" ਪਰ ਜਦੋਂ ਹਾਲਾਤ ਆਦਰਸ਼ ਹੁੰਦੇ ਹਨ ਤਾਂ ਹਾਈਬ੍ਰਿਡਾਈਜ਼ੇਸ਼ਨ ਉਮੀਦ ਤੋਂ ਵੱਧ ਨਤੀਜੇ ਦੇ ਸਕਦੀ ਹੈ। ਆਲੂਆਂ ਦੇ ਮਾਮਲੇ ਵਿੱਚ ਵੀ ਇਹੀ ਹੋਇਆ। ਲੱਖਾਂ ਸਾਲ ਪਹਿਲਾਂ ਸੋਲੇਨੇਸੀ ਪਰਿਵਾਰ ਦੀਆਂ ਦੋ ਪ੍ਰਜਾਤੀਆਂ ਦੇ ਸੁਮੇਲ ਤੋਂ ਆਲੂ ਵਿਕਸਤ ਹੋਏ ਸਨ।

ਡਾਕਟਰ ਨੈਪ ਕਹਿੰਦੇ ਹਨ, "ਇਹ ਦਿਲਚਸਪ ਹੈ ਕਿ ਆਲੂ ਜੋ ਸਾਡੇ ਲਈ ਰੋਜ਼ਾਨਾ ਦੇ ਆਧਾਰ 'ਤੇ ਬਹੁਤ ਮਹੱਤਵਪੂਰਨ ਅਤੇ ਲਾਭਦਾਇਕ ਹਨ ਦੀ ਉਤਪਤੀ ਇੰਨੀ ਪੁਰਾਣੀ ਅਤੇ ਅਸਾਧਾਰਨ ਹੈ।" ਚੀਨੀ ਖੇਤੀਬਾੜੀ ਵਿਗਿਆਨ ਅਕੈਡਮੀ ਦੇ ਪ੍ਰੋਫੈਸਰ ਸੈਨਵੇਨ ਹੁਆਂਗ ਕਹਿੰਦੇ ਹਨ, "ਟਮਾਟਰ ਆਲੂ ਦੀ ਮਾਂ ਹੈ ਅਤੇ ਐਟੂਬਰਸਮ ਪਿਤਾ ਹੈ।" ਪ੍ਰੋਫ਼ੈਸਰ ਸੈਨਵੇਨ ਹੁਆਂਗ ਨੇ ਆਲੂਆਂ ਦੀ ਉਤਪਤੀ ਬਾਰੇ ਇੱਕ ਕੌਮਾਂਤਰੀ ਅਧਿਐਨ ਦੀ ਅਗਵਾਈ ਕੀਤੀ, ਜੋ ਜੁਲਾਈ ਵਿੱਚ ਜਰਨਲ ਸੈੱਲ ਵਿੱਚ ਪ੍ਰਕਾਸ਼ਿਤ ਹੋਇਆ ਸੀ।



ਸਖ਼ਤ ਅਤੇ ਸਟਾਰਚ ਵਾਲੇ ਆਲੂ ਲਾਲ ਅਤੇ ਰਸੀਲੇ ਟਮਾਟਰਾਂ ਵਰਗੇ ਨਹੀਂ ਲੱਗਦੇ। ਪਰ ਡਾਕਟਰ ਨੈਪ ਜੋ ਇਸ ਖੋਜ ਵਿੱਚ ਸ਼ਾਮਲ ਸਨ ਕਹਿੰਦੇ ਹਨ, "ਇਹ ਬਹੁਤ ਇੱਕੋ ਜਿਹੇ ਹਨ।" ਵਿਗਿਆਨੀਆਂ ਦੇ ਅਨੁਸਾਰ ਆਲੂ ਅਤੇ ਟਮਾਟਰ ਦੇ ਪੱਤੇ ਅਤੇ ਫੁੱਲ ਬਹੁਤ ਮਿਲਦੇ-ਜੁਲਦੇ ਹਨ ਅਤੇ ਆਲੂ ਦੇ ਪੌਦੇ ਦਾ ਫ਼ਲ ਛੋਟੇ ਹਰੇ ਟਮਾਟਰਾਂ ਵਰਗਾ ਦਿਖਾਈ ਦਿੰਦਾ ਹੈ। ਡਾਕਟਰ ਨੈਪ ਕਹਿੰਦੇ ਹਨ, "ਅਸੀਂ ਜੋ ਦੇਖਦੇ ਹਾਂ ਉਸ ਤੋਂ ਪਰੇ, ਅਸੀਂ ਲੰਬੇ ਸਮੇਂ ਤੋਂ ਜਾਣਦੇ ਹਾਂ ਕਿ ਆਲੂ, ਟਮਾਟਰ ਅਤੇ ਟਿਊਬਰੋਸਮ ਆਪਸ ਵਿੱਚ ਸਬੰਧਤ ਹਨ।" "ਸਾਨੂੰ ਇਹ ਨਹੀਂ ਪਤਾ ਸੀ ਕਿ ਆਲੂ ਦੇ ਸਭ ਤੋਂ ਨੇੜੇ ਕਿਹੜਾ ਪੌਦਾ ਸੀ, ਕਿਉਂਕਿ ਵੱਖ-ਵੱਖ ਜੀਨਜ਼ ਨੇ ਸਾਨੂੰ ਵੱਖੋ-ਵੱਖਰੀਆਂ ਕਹਾਣੀਆਂ ਸੁਣਾਈਆਂ।" ਵਿਗਿਆਨੀਆਂ ਨੇ ਦਹਾਕਿਆਂ ਤੋਂ ਇਸ ਪ੍ਰਸਿੱਧ ਆਲੂ ਦੀ ਉਤਪਤੀ ਦੇ ਰਹੱਸ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਨ੍ਹਾਂ ਨੂੰ ਇੱਕ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਹੈ। ਉਹ ਹੈ, ਆਲੂਆਂ ਦੇ 'ਜੈਨੇਟਿਕਸ' ਵਿਲੱਖਣ ਹਨ। ਜ਼ਿਆਦਾਤਰ ਪ੍ਰਜਾਤੀਆਂ, ਜਿਨ੍ਹਾਂ ਵਿੱਚ ਮਨੁੱਖ ਵੀ ਸ਼ਾਮਲ ਹਨ ਦੇ ਹਰੇਕ ਸੈੱਲ ਵਿੱਚ ਕ੍ਰੋਮੋਸੋਮ ਦੀਆਂ ਦੋ ਕਾਪੀਆਂ ਹੁੰਦੀਆਂ ਹਨ, ਪਰ ਆਲੂਆਂ ਵਿੱਚ ਚਾਰ ਹੁੰਦੀਆਂ ਹਨ।

ਇਸ ਵਿਰੋਧਾਭਾਸ ਨੂੰ ਹੱਲ ਕਰਨ ਲਈ ਖੋਜ ਟੀਮ ਨੇ ਆਲੂ, ਟਮਾਟਰ ਅਤੇ ਟਿਊਬਰੋਸਮ ਸਣੇ ਦਰਜਨਾਂ ਪ੍ਰਜਾਤੀਆਂ ਦੇ 120 ਤੋਂ ਵੱਧ ਜੀਨੋਮ (ਇੱਕ ਸੈੱਲ ਵਿੱਚ ਮੌਜੂਦ ਸਾਰੇ ਜੀਨਾਂ ਜਾਂ ਜੈਨੇਟਿਕ ਸਮੱਗਰੀ ਦਾ ਸਮੂਹ) ਦਾ ਵਿਸ਼ਲੇਸ਼ਣ ਕੀਤਾ। ਆਲੂ ਦੇ ਜੀਨੋਮ ਨੂੰ ਕ੍ਰਮਬੱਧ ਕੀਤਾ ਗਿਆ ਸੀ, ਜਿਸ ਵਿੱਚ ਟਮਾਟਰ-ਐਟਿਊਬੇਰੋਸਮ ਨਾਲ ਵਿਆਪਕ ਸਮਾਨਤਾਵਾਂ ਦਿਖਾਈਆਂ ਗਈਆਂ। ਡਾਕਟਰ ਨੈਪ ਕਹਿੰਦੇ ਹਨ ਕਿ ਆਲੂ ਦੋਵਾਂ ਨਾਲ ਜੁੜੇ ਹੋਏ ਪਾਏ ਗਏ ਹਨ। ਇਸ ਤਰ੍ਹਾਂ ਖੋਜਕਰਤਾਵਾਂ ਨੇ ਆਲੂਆਂ ਅਤੇ ਟਮਾਟਰਾਂ ਵਿਚਕਾਰ ਸਬੰਧ ਦੀ ਖੋਜ ਕੀਤੀ, ਜੋ ਲੱਖਾਂ ਸਾਲ ਪਹਿਲਾਂ ਦੱਖਣੀ ਅਮਰੀਕਾ ਦੇ ਪਹਾੜਾਂ ਦੀਆਂ ਜੜ੍ਹਾਂ ਵਿੱਚ ਵਿਕਸਤ ਹੋਏ ਸਨ। ਡਾਕਟਰ ਨੈਪ ਦੱਸਦੇ ਹਨ, "ਇਹ ਇੱਕ ਸਫ਼ਲ ਮੇਲ ਸੀ ਕਿਉਂਕਿ ਇਸਨੇ ਜੀਨ ਸੰਜੋਗ ਬਣਾਏ ਜਿਸ ਨਾਲ ਇਸ ਨਵੀਂ ਵੰਸ਼ ਨੂੰ ਐਂਡੀਜ਼ ਵਿੱਚ ਵਧਣ-ਫੁੱਲਣ ਦਾ ਮੌਕਾ ਮਿਲਿਆ।" ਭਾਵੇਂ ਜ਼ਮੀਨ ਦੇ ਉੱਪਰ ਉੱਗਦਾ ਆਲੂ ਦਾ ਪੌਦਾ ਆਪਣੇ ਮਾਤਾ-ਪਿਤਾ ਨਾਲ ਸੰਬੰਧ ਰੱਖਦਾ ਸੀ, ਪਰ ਇਸ ਵਿੱਚ ਇੱਕ ਗੱਲ ਸੀ ਜੋ ਇਸਦੇ ਦੋਵਾਂ ਮਾਪਿਆਂ ਵਿੱਚ ਨਹੀਂ ਸੀ। ਜ਼ਮੀਨ ਦੇ ਉੱਪਰ ਉੱਗੇ ਇਸ ਆਲੂ ਪੁੰਗਰੇ ਹੋਏ ਸਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਪੁੰਗਰੇ ਹੋਏ ਆਲੂ ਦਾ ਪੌਦਾ ਇੱਕ ਜੈਨੇਟਿਕ ਲਾਟਰੀ ਦਾ ਨਤੀਜਾ ਸੀ। ਦੋਵੇਂ ਮੂਲ ਆਲੂ ਪੌਦਿਆਂ ਵਿੱਚ ਇੱਕ ਜੀਨ ਸੀ ਜੋ ਇਨ੍ਹਾਂ ਦੇ ਪੁੰਗਰਨ ਵਿੱਚ ਮਹੱਤਵਪੂਰਨ ਸੀ। ਪਰ ਇਨ੍ਹਾਂ ਵਿੱਚੋਂ ਕੋਈ ਵੀ ਆਪਣੇ ਆਪ ਵਿੱਚ ਪੁੰਗਰਨ ਲਈ ਕਾਫ਼ੀ ਨਹੀਂ ਸੀ। ਜਦੋਂ ਇਹ ਇਕੱਠੇ ਹੋਏ ਤਾਂ ਇੱਕ ਪ੍ਰਕਿਰਿਆ ਸ਼ੁਰੂ ਹੋਈ ਜਿਸਨੇ ਭੂਮੀਗਤ ਤਣਿਆਂ ਨੂੰ ਸੁਆਦ ਆਲੂਆਂ ਵਿੱਚ ਬਦਲ ਦਿੱਤਾ। ਡਾਕਟਰ ਨੈਪ ਕਹਿੰਦੇ ਹਨ ਕਿ ਉਨ੍ਹਾਂ ਨਾਲ ਕੰਮ ਕਰ ਰਹੀ ਚੀਨੀ ਟੀਮ ਨੇ ਇਸ ਪ੍ਰਕਿਰਿਆ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ।

ਆਲੂ ਦੀ ਪੈਦਾਵਰ ਜਿਸ ਤਰੀਕੇ ਨਾਲ ਹਾਈਬ੍ਰਿਡਾਈਜ਼ੇਸ਼ਨ ਜ਼ਰੀਏ ਹੋਈ ਉਹ ਇੱਕ ਖ਼ਾਸ ਘਟਨਾ ਸੀ। ਇਸ ਨਾਲ ਆਲੂ ਦਾ ਜਨਮ ਹੋਇਆ, ਜੋ ਕਿ ਇੱਕ ਹੈਰਾਨੀਜਨਕ ਚੀਜ਼ ਸਾਬਤ ਹੋਈ। ਇਸ ਦੇ ਹੋਣ ਨੇ ਪੌਦੇ ਨੂੰ ਬਿਨ੍ਹਾਂ ਬੀਜਾਂ ਦੇ ਪ੍ਰਜਨਨ ਕਰਨ ਦੇ ਯੋਗ ਬਣਾਇਆ। ਆਲੂ ਵੱਖ-ਵੱਖ ਉਚਾਈਆਂ ਅਤੇ ਹਾਲਤ ਵਿੱਚ ਉੱਗਦੇ ਹਨ। ਡਾਕਟਰ ਨੈਪ ਕਹਿੰਦੇ ਹਨ, "ਅੱਜ ਵੀ ਇਸ ਦੀਆਂ 100 ਤੋਂ ਵੱਧ ਜੰਗਲੀ ਕਿਸਮਾਂ ਅਮਰੀਕੀ ਮਹਾਂਦੀਪ ਵਿੱਚ ਪਾਈਆਂ ਜਾਂਦੀਆਂ ਹਨ, ਜੋ ਦੱਖਣ-ਪੱਛਮੀ ਅਮਰੀਕਾ ਤੋਂ ਚਿਲੀ ਅਤੇ ਬ੍ਰਾਜ਼ੀਲ ਤੱਕ ਫ਼ੈਲੀਆਂ ਹੋਈਆਂ ਹਨ।"

ਹਾਲਾਂਕਿ, ਬੀਜਾਂ ਤੋਂ ਬਗ਼ੈਰ ਉੱਗਣ ਦੀ ਇਹ ਯੋਗਤਾ ਆਲੂਆਂ ਲਈ ਵੀ ਨੁਕਸਾਨਦੇਹ ਰਹੀ ਹੈ। ਡਾਕਟਰ ਨੈਪ ਦੱਸਦੇ ਹਨ, "ਉਨ੍ਹਾਂ ਨੂੰ ਉਗਾਉਣ ਲਈ ਤੁਹਾਨੂੰ ਆਲੂਆਂ ਦੇ ਛੋਟੇ ਟੁਕੜੇ ਲਗਾਉਣੇ ਪੈਂਦੇ ਹਨ, ਜਿਸਦਾ ਮਤਲਬ ਹੈ ਕਿ ਜੇਕਰ ਤੁਹਾਡੇ ਕੋਲ ਇੱਕ ਖੇਤ ਵਿੱਚ ਆਲੂ ਦੀ ਸਿਰਫ਼ ਇੱਕ ਕਿਸਮ ਹੈ ਤਾਂ ਉਹ ਮੂਲ ਰੂਪ ਵਿੱਚ ਕਲੋਨ ਹੁੰਦੇ ਹਨ।" ਜੈਨੇਟਿਕ ਤੌਰ 'ਤੇ ਇੱਕੋ ਜਿਹੇ ਹੋਣ ਦਾ ਮਤਲਬ ਹੈ ਕਿ ਆਲੂ ਦੀ ਕੋਈ ਵੀ ਇੱਕ ਕਿਸਮ ਕਿਸੇ ਵੀ ਨਵੀਂ ਬਿਮਾਰੀ ਦਾ ਸਾਹਮਣਾ ਕਰਨ ਅਤੇ ਉਸ ਤੋਂ ਮੁਕਤ ਰਹਿਣ ਦੀ ਸਮਰੱਥਾ ਨਹੀਂ ਰੱਖਦੀ। ਇਸੇ ਲਈ ਵਿਗਿਆਨੀਆਂ ਨੇ ਇਹ ਖੋਜ ਕੀਤੀ। ਡਾਕਟਰ ਨੈਪ ਮੁਤਾਬਕ, ਚੀਨੀ ਟੀਮ ਅਜਿਹੇ ਆਲੂ ਬਣਾਉਣਾ ਚਾਹੁੰਦੀ ਹੈ ਜੋ ਬੀਜਾਂ ਤੋਂ ਉਗਾਏ ਜਾ ਸਕਣ ਅਤੇ ਜਿਸ ਵਿੱਚ ਜੈਨੇਟਿਕ ਸੋਧ ਸੰਭਵ ਹੋਵੇ। ਟੀਮ ਦਾ ਮੰਨਣਾ ਹੈ ਕਿ ਜੰਗਲੀ ਪ੍ਰਜਾਤੀਆਂ ਤੋਂ ਜੀਨ ਲਿਆ ਕੇ ਅਜਿਹੀਆਂ ਕਿਸਮਾਂ ਬਣਾਈਆਂ ਜਾ ਸਕਦੀਆਂ ਹਨ ਜੋ ਵਾਤਾਵਰਣ ਸੰਬੰਧੀ ਚੁਣੌਤੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੀਆਂ ਹਨ। ਉਹ ਕਹਿੰਦੇ ਹਨ, "ਮੈਂ ਅਤੇ ਇਸ ਅਧਿਐਨ ਵਿੱਚ ਸ਼ਾਮਲ ਹੋਰ ਜੀਵ ਵਿਗਿਆਨੀ ਜਾਣਨਾ ਚਾਹੁੰਦੇ ਸੀ ਕਿ ਆਲੂ ਦੇ ਸਭ ਤੋਂ ਨੇੜੇ ਦਾ ਪੌਦਾ ਕਿਹੜਾ ਸੀ ਅਤੇ ਉਹ ਇੰਨੇ ਵੱਖਰੇ ਕਿਉਂ ਹਨ।" "ਇਸ ਲਈ ਅਸੀਂ ਇਸ ਖੋਜ ਲਈ ਬਹੁਤ ਸਾਰੇ ਵੱਖ-ਵੱਖ ਤਰੀਕੇ ਅਪਣਾਏ ਅਤੇ ਹਰੇਕ ਪਹੁੰਚ ਨੇ ਨਵੇਂ ਸਵਾਲ ਖੜੇ ਕੀਤੇ। ਇਸੇ ਲਈ ਇਸ ਅਧਿਐਨ ਵਿੱਚ ਸ਼ਾਮਲ ਹੋਣਾ ਅਤੇ ਕੰਮ ਕਰਨਾ ਬਹੁਤ ਮਜ਼ੇਦਾਰ ਸੀ।"

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੀ ਸਿਲਵਰ ਜੁਬਲੀ ਸਾਹਿਤਕ ਕਾਨਫਰੰਸ 3, 4, 5 ਅਕਤੂਬਰ ਨੂੰ ਹੇਵਰਡ ਵਿੱਚ ਹੋਵੇਗੀ

## ਗੀਤ ਸੰਗੀਤ, ਨਾਟਕ, ਕਵੀ ਦਰਬਾਰ ਤੋਂ ਇਲਾਵਾ ਪੰਜਾਬੀ ਭਾਸ਼ਾ ਅਤੇ ਸਾਹਿਤ ਉੱਪਰ ਹੋਵੇਗੀ ਵਿਚਾਰ ਚਰਚਾ

ਹੇਵਰਡ, ਕੈਲਫ਼ੋਰਨੀਆ -ਅਮਰੀਕਾ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿਚ ਸਰਗਰਮ ਸੰਸਥਾ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ (ਵਿਪਸਾ)' ਵੱਲੋਂ ਆਪਣੀ 25 ਸਾਲਾ ਸਿਲਵਰ ਜੁਬਲੀ ਮਨਾਉਣ ਲਈ ਤਿੰਨ ਰੋਜ਼ਾ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ 3, 4, 5 ਅਕਤੂਬਰ 2025 ਨੂੰ ਹੇਵਰਡ (ਕੈਲੀਫ਼ੋਰਨੀਆ) ਵਿਖੇ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਅਤੇ ਜਰਨਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਹੈ ਕਿ ਇਸ ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਇੰਗਲੈਂਡ, ਜਾਪਾਨ, ਕੈਨੇਡਾ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਲੇਖਕ, ਸ਼ਾਇਰ ਅਤੇ ਚਿੰਤਕ ਸ਼ਾਮਲ ਹੋ ਰਹੇ ਹਨ। ਕਾਨਫਰੰਸ ਦਾ ਆਗਾਜ਼ 3 ਅਕਤੂਬਰ ਨੂੰ ਸ਼ਾਮ 5 ਵਜੇ ਸੰਗੀਤਕ ਮਹਿਫਿਲ ਨਾਲ ਹੋਵੇਗਾ ਜਿਸ ਵਿਚ ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ, ਅਲੀ ਇਮਰਾਨ ਸ਼ੌਕਤ, ਟੀਨਾ ਮਾਨ ਅਤੇ ਪਰਮਿੰਦਰ ਗੁਰੀ ਗ਼ਜ਼ਲਾਂ, ਗੀਤਾਂ ਨੂੰ ਆਪਣੇ ਸੁਰੀਲੇ ਸੁਰ ਪ੍ਰਦਾਨ ਕਰਨਗੇ। ਇਸ ਸੰਗੀਤਕ ਮਹਿਫ਼ਲਾਂ ਸੰਚਾਲਨ ਪ੍ਰਸਿੱਧ ਸਟੇਜ਼ ਸੂਤਰਧਾਰ ਆਸ਼ਾ ਸ਼ਰਮਾ ਕਰੇਗੀ। 4 ਅਤੇ 5 ਅਕਤੂਬਰ ਨੂੰ ਸਾਹਿਤਕ ਸੈਸ਼ਨਾਂ ਦੌਰਾਨ ਵਿਦਵਾਨ ਅਤੇ ਚਿੰਤਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ ਵੱਖ ਪੱਖਾਂ, ਆਰਟੀਫੀਸ਼ਲ ਇੰਟੈਲੀਜੈਂਸੀ ਦੇ ਪੰਜਾਬੀ ਭਾਸ਼ਾ ਤੇ ਸਾਹਿਤ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਗੰਭੀਰ ਵਿਚਾਰ ਚਰਚਾ ਕਰਨਗੇ, 'ਲਿਖਤ ਦਾ ਸਫ਼ਰ-ਲੇਖਕ, ਪਾਠਕ ਤੇ ਸੰਪਾਦਨਾ' ਬਾਰੇ ਵਿਸ਼ੇਸ਼ ਸੰਵਾਦ ਰਚਾਇਆ ਜਾਵੇਗਾ ਅਤੇ ਕਵੀ ਦਰਬਾਰ ਹੋਵੇਗਾ ਜਿਸ ਵਿਚ ਦੇਸ਼ ਵਿਦੇਸ਼ ਤੋਂ ਆਏ ਕਵੀ ਆਪਣੀ ਸ਼ਾਇਰੀ ਪੇਸ਼ ਕਰਨਗੇ। 4 ਅਕਤੂਬਰ ਨੂੰ ਪੰਜਾਬ ਲੋਕ ਰੰਗਮੰਚ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਨਾਟਕ 'ਜ਼ਫ਼ਰਨਾਮਾ - ਕਲਮ ਦੀ ਤਲਵਾਰ ਉੱਪਰ ਜਿੱਤ' ਖੇਡਿਆ ਜਾਵੇਗਾ। ਇਸ ਕਾਨਫਰੰਸ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ। ਮਨਪ੍ਰੀਤ ਸਿੰਘ ਮੰਨਾ, ਡਾ. ਵਰਿਆਮ ਸਿੰਘ ਸੰਧੂ, ਦਰਸ਼ਨ ਬੁੱਟਰ, ਜਸਵਿੰਦਰ, ਡਾ. ਜਸਵਿੰਦਰ ਸਿੰਘ, ਡਾ। ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਰਾਜੇਸ਼ ਸ਼ਰਮਾ, ਡਾ। ਬਲਦੇਵ ਧਾਲੀਵਾਲ, ਡਾ. ਬਲਜੀਤ ਕੌਰ, ਡਾ। ਮਨਜਿੰਦਰ ਸਿੰਘ, ਬਾਬਾ ਨਜਮੀ, ਅਲੀ ਇਮ-ਰਾਨ ਸ਼ੌਕਤ, ਬਲਦੇਵ ਗਰੇਵਾਲ, ਅਰਤਿੰਦਰ ਸੰਧੂ, ਸਤੀਸ਼ ਗੁਲਾਟੀ, ਸੁਰਜੀਤ ਟੋਰਾਂਟੋ, ਸੁਰਿੰਦਰ ਸੋਹਲ, ਪਰਮਿੰਦਰ ਸੋਢੀ, ਰਾਜਵੰਤ ਰਾਜ, ਪਿਆਰਾ ਸਿੰਘ ਕੁੱ-ਦੋਵਾਲ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਲਵੀਰ ਕੌਰ, ਤਾਹਿਰਾ ਸਰਾ, ਕੁਲਵਿੰਦਰ ਖਹਿਰਾ, ਭੁਪਿੰਦਰ ਦੂਲੇ, ਗੁਰਦੇਵ ਚੌਹਾਨ, ਗੁਰਮੀਤ ਪਨਾਗ ਅਤੇ ਹੋਰ ਕਈ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਕਾਨਫਰੰਸ ਦੇ ਪ੍ਰਬੰਧਕਾਂ ਨੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।




# ਔਲਾਦ ਕਰੇ ਬਜ਼ੁਰਗਾਂ ਦਾ ਸਤਿਕਾਰ

ਬਚਪਨ ਤੋਂ ਹੀ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ ਕਿ ਬਜ਼ੁਰਗ ਸਾਡੇ ਸਮਾਜ ਦਾ ਸਰਮਾਇਆ ਹਨ। ਉਹ ਘਰ ਦੀ ਨੀਂਹ ਹੁੰਦੇ ਹਨ। ਬਜ਼ੁਰਗਾਂ ਦਾ ਅਸ਼ੀਰਵਾਦ ਬਹੁਤ ਕਰਮਾਂ ਵਾਲਿਆਂ ਨੂੰ ਹੀ ਮਿਲਦਾ ਹੈ ਪਰ ਅੱਜ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਜ਼ਿਆਦਾਤਰ ਘਰਾਂ ਵਿਚ ਬਜ਼ੁਰਗਾਂ ਨੂੰ ਤ੍ਰਿਸਕਾਰਿਆ ਜਾ ਰਿਹਾ ਹੈ। ਹਰ ਸਾਲ ਮਾਂ-ਪਿਓ ਦਿਵਸ ਬਹੁਤ ਹੀ ਖ਼ੁਸ਼ੀ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਉਦੋਂ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਕਿਸੇ ਦੇ ਵੀ ਮਾਪੇ ਬਿਰਧ ਆਸ਼ਰਮ ਵਿਚ ਨਹੀਂ ਹਨ। ਇਕ ਅਕਤੂਬਰ ਨੂੰ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਬਜ਼ੁਰਗਾਂ ਨਾਲ ਹੋ ਰਿਹਾ ਮਾੜਾ ਵਤੀਰਾ, ਅਣਗਹਿਲੀ ਤੇ ਬੇਇਨਸਾਫ਼ੀ ਨੂੰ ਰੋਕਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਅੱਜ ਬਜ਼ੁਰਗਾਂ ਨੂੰ ਅਣਗੋਲਿਆ ਕੀਤਾ ਜਾ ਰਿਹਾ ਹੈ। ਅੱਜ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਕਿਤੇ ਨਾ ਕਿਤੇ ਅਸੀਂ ਆਪਣੇ ਸੰਸਕਾਰਾਂ ਤੋਂ ਮੂੰਹ ਫੇਰ ਰਹੇ ਹਾਂ। ਸਾਂਝੇ ਪਰਿਵਾਰ ਟੁੱਟ ਚੁੱਕੇ ਹਨ।

ਜ਼ਿਆਦਾਤਰ ਘਰਾਂ ਵਿਚ ਬਜ਼ੁਰਗਾਂ ਨਾਲ ਸਿੱਧੇ ਮੂੰਹ ਗੱਲ ਤੱਕ ਨਹੀਂ ਕੀਤੀ ਜਾਂਦੀ। ਉਨ੍ਹਾਂ ਦੇ ਦੁੱਖ-ਸੁੱਖ ਦਾ ਵੀ ਧਿਆਨ ਨਹੀਂ ਰੱਖਿਆ ਜਾਂਦਾ। ਬਜ਼ੁਰਗਾਂ ਨੇ ਆਪਣੀ ਸਾਰੀ ਉਮਰ ਔਲਾਦ ਦੇ ਲੇਖੇ ਲਾਈ ਹੁੰਦੀ ਹੈ ਤੇ ਜਦੋਂ ਇਹੀ ਔਲਾਦ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਂਦੀ ਹੈ। ਇੱਥੋਂ ਤੱਕ ਕਿ ਮਾੜੇ ਲਫ਼ਜ਼ ਬੋਲੇ ਜਾਂਦੇ ਹਨ ਅਤੇ ਅਸੱਭਿਅਕ ਢੰਗ ਨਾਲ ਬਜ਼ੁਰਗਾਂ ਦੇ ਸਨਮੁੱਖ ਹੋਇਆ ਜਾਂਦਾ ਹੈ। ਅੱਜ ਦੇ ਜ਼ਮਾਨੇ ਵਿਚ ਬਿਰਧ ਆਸ਼ਰਮ ਸਮਾਜ ਦੇ ਮੱਥੇ 'ਤੇ ਬਹੁਤ ਵੱਡਾ ਕਲੰਕ ਹਨ। ਵਧੀਆ ਪਰਿਵਾਰਾਂ ਨਾਲ ਸਬੰਧ ਰੱਖਣ ਵਾਲੇ 50 ਫ਼ੀਸਦੀ ਬਜ਼ੁਰਗ ਘਰਾਂ ਵੱਲੋਂ ਨਕਾਰੇ ਹੁੰਦੇ ਹਨ। ਔਲਾਦ ਇੱਥੋਂ ਤੱਕ ਗਈ-ਗੁਜ਼ਰੀ ਬਣ ਚੁੱਕੀ ਹੈ ਕਿ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਆਪ ਮੌਜ-ਮਸਤੀ ਕਰਦੀ ਹੈ। ਪੁੱਤ ਕਪੁੱਤ ਬਣ ਚੁੱਕੇ ਹਨ ਜਦਕਿ ਮਾਂ-ਪਿਓ ਨੇ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੀ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਈ ਹੁੰਦੀ ਹੈ। ਅੱਜ ਜੋ ਬਜ਼ੁਰਗ ਸਰਕਾਰੀ ਪੈਨਸ਼ਨ ਲੈ ਰਹੇ ਹਨ, ਪੈਨਸ਼ਨ ਦੇ ਲਾਲਚ ਵਿਚ ਔਲਾਦ ਉਨ੍ਹਾਂ ਦੀ ਪੁੱਛ-ਪ੍ਰਤੀਤ ਕਰਦੀ ਹੈ। ਹਾਲਾਂਕਿ ਅੱਜ ਦੇ ਦੌਰ ਵਿਚ ਪਤੀ-ਪਤਨੀ ਦੋਵੇਂ ਹੀ ਨੌਕਰੀਪੇਸ਼ਾ ਹਨ। ਪਿੱਛੋਂ ਬਜ਼ੁਰਗ ਹੀ ਬੱਚਿਆਂ ਨੂੰ ਸਾਂਭਦੇ ਹਨ। ਉਨ੍ਹਾਂ ਵੇਲੇ ਚਾਹੇ ਸਿੱਖਿਆ ਦਾ ਘੱਟ ਪ੍ਰਸਾਰ ਸੀ ਪਰ ਬਜ਼ੁਰਗਾਂ ਕੋਲ ਜ਼ਿੰਦਗੀ ਦਾ ਨਿਚੋੜ ਹੁੰਦਾ ਹੈ। ਜਦੋਂ ਦੋਹਾਂ ਵਿੱਚੋਂ ਇਕ ਜੀਅ ਚਲਾ ਜਾਂਦਾ ਹੈ ਤਾਂ ਉਸ ਦੀ ਕਮੀ ਪਤਾ ਲੱਗਦੀ ਹੈ। ਜਿਉਂਦੇ-ਜੀਅ ਅਸੀਂ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ। ਚੌਵੀ ਘੰਟਿਆਂ ਵਿੱਚੋਂ 10 ਮਿੰਟ ਜੇ ਬਜ਼ੁਰਗਾਂ ਕੋਲ ਬੈਠ ਜਾਈਏ ਤਾਂ ਉਨ੍ਹਾਂ ਦੀ ਰੂਹ ਖ਼ੁਸ਼ ਹੋ ਜਾਂਦੀ ਹੈ। **- ਸੰਜੀਵ ਸਿੰਘ ਸੈਣੀ**







# ਤਾਕਤਵਰ ਮੁਲਕ ਵਿਚਕਾਰ ਕੀ ਭਾਰਤ ਸੰਤੁਲਨ ਬਿਠਾ ਸਕੇਗਾ?



ਸ਼ਿਵਕਾਂਤ ਸ਼ਰਮਾ

ਇਨ੍ਹੀਂ ਦਿਨੀਂ ਸੰਯੁਕਤ ਸੰਯੁਕਤ ਰਾਸ਼ਟਰ ਮਹਾਸਭਾ ਦਾ ਸਾਲਾ ਇਜਲਾਸ ਚੱਲ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਸਥਾਪਨਾ ਦੁਨੀਆ ਵਿਚ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ, ਆਰਥਿਕ, ਸਮਾਜਿਕ ਅਤੇ ਮਨੁੱਖੀ ਚੁਣੌਤੀਆਂ ਦਾ ਬਹੁ-ਪੱਖੀ ਸਹਿਯੋਗ ਨਾਲ ਹੱਲ ਕਰਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਕੀਤੀ ਗਈ ਸੀ।

ਪੱਛਮੀ ਦੇਸ਼ ਇਸ ਨੂੰ ਨਿਯਮਬੱਧ ਵਿਵਸਥਾ ਕਹਿੰਦੇ ਹਨ ਜਿਸ ਦਾ ਕਰਤਾ-ਧਰਤਾ ਅਤੇ ਸਰਪ੍ਰਸਤ ਅਮਰੀਕਾ ਸੀ। ਸੰਯੁਕਤ ਰਾਸ਼ਟਰ ਨੇ ਆਪਣੇ 80 ਸਾਲਾਂ ਦੇ ਇਤਿਹਾਸ ਵਿਚ ਬਸਤੀਵਾਦ ਨੂੰ ਖ਼ਤਮ ਕਰਨ, ਸ਼ਾਂਤੀ ਕਾਇਮ ਕਰਨ, ਮਹਾਮਾਰੀਆਂ 'ਤੇ ਨਿਯੰਤਰਣ ਰੱਖਣ, ਮੁਫ਼ਤ ਵਪਾਰ ਨੂੰ ਹੁਲਾਰਾ ਦੇਣ ਅਤੇ ਸਮੁੰਦਰਾਂ ਵਿਚ ਵਿਵਸਥਾ ਕਾਇਮ ਕਰਨ ਵਰਗੇ ਕਈ ਜ਼ਿਕਰਯੋਗ ਕੰਮ ਕੀਤੇ ਹਨ।

ਹਾਲਾਂਕਿ, ਦੇਸ਼ਾਂ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰੱਖਿਆ ਉਹ ਅਮਰੀਕਾ ਦੇ ਦਮ 'ਤੇ ਹੀ ਕਰਵਾ ਸਕਿਆ ਅਤੇ ਠੰਢੀ ਜੰਗ ਦੌਰਾਨ ਇਹ ਵੀ ਨਹੀਂ ਹੋ ਸਕਿਆ। ਅਮਰੀਕਾ ਦੀ ਦਿਲਚਸਪੀ ਨਾ ਰਹਿਣ ਦੇ ਕਾਰਨ ਹੀ ਨਾ ਭਾਰਤ ਨੂੰ ਪਾਕਿਸਤਾਨ ਅਤੇ ਚੀਨ ਦੁਆਰਾ ਕਬਜ਼ਾ ਕੀਤਾ ਹੋਇਆ ਕਸ਼ਮੀਰ ਮਿਲ ਸਕਿਆ ਅਤੇ ਨਾ ਹੀ ਫਲਸਤੀਨੀਆਂ ਨੂੰ ਉਨ੍ਹਾਂ ਦਾ ਦੇਸ਼। ਅਮਰੀਕਾ ਨੇ ਵੀਆਤਨਾਮ, ਇਰਾਕ ਅਤੇ ਅਫ਼ਗਾਨਿਸਤਾਨ ਵਿਚ ਆਪਣੀ ਮਨਮਾਨੀ ਕੀਤੀ ਪਰ ਸੱਚਾਈ ਇਹ ਹੈ ਕਿ ਉਸ ਦੇ ਬਿਨਾਂ ਸੰਯੁਕਤ ਰਾਸ਼ਟਰ ਲਈ ਇੰਨਾ ਹਾਸਲ ਕਰਨਾ ਵੀ ਸੰਭਵ ਨਹੀਂ ਹੁੰਦਾ, ਜਿੰਨਾ ਉਸ ਨੇ ਹਾਸਲ ਕੀਤਾ ਹੈ। ਆਪਣੀ ਮਨਮਾਨੀ ਦੇ ਬਾਵਜੂਦ ਸੰਯੁਕਤ ਰਾਸ਼ਟਰ ਦੀ ਨਿਯਮਬੱਧ ਵਿਵਸਥਾ ਦਾ ਸਰਪ੍ਰਸਤੀ ਕਰਨ 'ਤੇ ਅਮਰੀਕਾ ਨੂੰ ਇੱਜ਼ਤ ਅਤੇ ਚੜ੍ਹਤ ਦਾ ਬੇਹੱਦ ਲਾਭ ਮਿਲਿਆ ਜਿਸ ਕਾਰਨ ਪਿਛਲੀ ਸਦੀ ਨੂੰ ਅਮਰੀਕਾ ਦੀ ਸਦੀ ਕਿਹਾ ਜਾਂਦਾ ਹੈ।

ਫਿਰ ਵੀ, ਰਾਸ਼ਟਰਪਤੀ ਟਰੰਪ ਨੇ ਆਉਂਦੇ ਹੀ ਇਕ-ਇਕ ਕਰ ਕੇ ਸੰਯੁਕਤ ਰਾਸ਼ਟਰ ਦੀ ਪੈਰਿਸ ਜਲਵਾਯੂ ਸੰਧੀ, ਵਿਸ਼ਵ ਸਿਹਤ ਸੰਗਠਨ, ਯੂਨੈਸਕੋ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਵਰਗੀਆਂ ਸੰਸਥਾਵਾਂ ਤੋਂ ਹੱਥ ਖਿੱਚ ਲਏ ਅਤੇ ਅਮਰੀਕੀ ਰਾਹਤ ਸੰਸਥਾ ਯੂਐੱਸ ਏਡ ਨੂੰ ਵੀ ਰੋਕ ਦਿੱਤਾ। ਦੁਨੀਆ ਦੀ 26 ਪ੍ਰਤੀਸ਼ਤ ਆਰਥਿਕਤਾ ਹੋਣ ਕਾਰਨ ਅਮਰੀਕਾ ਇਨ੍ਹਾਂ ਸਭ ਸੰਸਥਾਵਾਂ ਵਿਚ ਸਭ ਤੋਂ ਵੱਧ ਯੋਗਦਾਨ ਦਿੰਦਾ ਹੈ। ਉਸ ਦੇ ਨਿਕਲ ਜਾਣ ਨਾਲ ਦੁਨੀਆ ਵਿਚ ਜਲਵਾਯੂ ਸੰਕਟ ਅਤੇ ਮਹਾਮਾਰੀਆਂ ਦੇ ਪ੍ਰਕੋਪ ਦਾ ਸਾਹਮਣਾ ਕਰਨ ਦੀ ਸਮਰੱਥਾ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਸਿਹਤ, ਸਿੱਖਿਆ, ਗ਼ਰੀਬੀ ਅਤੇ ਅਸਮਾਨਤਾ ਦੇ ਖ਼ਾਤਮੇ ਦੇ ਟੀਚਿਆਂ ਨੂੰ ਪ੍ਰਾਪਤ ਕਰਨਾ ਵੀ ਮੁਸ਼ਕਲ ਹੋ ਗਿਆ ਹੈ।

ਟਰੰਪ ਦੀਆਂ ਨੀਤੀਆਂ ਨਾਲ ਸਭ ਤੋਂ ਵੱਡਾ ਧੱਕਾ ਵਿਸ਼ਵ ਵਪਾਰ ਵਿਵਸਥਾ ਨੂੰ ਲੱਗਾ ਹੈ। ਪਿਛਲੇ ਪੰਜ ਦਹਾਕਿਆਂ ਵਿਚ ਮੁਕਤ ਵਪਾਰ ਅਤੇ ਗਲੋਬਲਾਈਜ਼ੇਸ਼ਨ ਕਾਰਨ ਜੋ ਸਪਲਾਈ ਦੇ ਰਸਤੇ ਬਣੇ ਅਤੇ ਆਰਥਿਕ ਪ੍ਰਗਤੀ ਹੋਈ, ਜਿਸ ਦੇ ਸਹਾਰੇ ਕਰੋੜਾਂ ਲੋਕ ਗ਼ਰੀਬੀ ਰੇਖਾ ਤੋਂ ਉੱਪਰ ਆਏ, ਉਹ ਸਾਰੀ ਪ੍ਰਣਾਲੀ ਤਹਿਸ-ਨਹਿਸ ਹੋ ਗਈ ਹੈ। ਟਰੰਪ ਜਿਸ ਰਫ਼ਤਾਰ ਨਾਲ ਮਨਮਾਨੇ ਫ਼ੁਰਮਾਨ ਜਾਰੀ ਕਰ ਰਹੇ ਹਨ ਅਤੇ ਆਪਣੇ ਹੀ ਬਿਆਨਾਂ ਤੋਂ ਪਲਟ ਰਹੇ ਹਨ, ਉਨ੍ਹਾਂ ਨੂੰ ਦੇਖ ਕੇ ਅਮਰੀਕਾ ਦੇ ਗੱਠਜੋੜ ਮਿੱਤਰ ਯੂਰਪੀ



ਕਮਿਸ਼ਨ ਦੀ ਪ੍ਰਧਾਨ ਅਰਸੂਲਾ ਵਾਨ ਡਰ ਲੇਨ ਨੂੰ ਆਪਣੀ ਰਿਪੋਰਟ ਵਿਚ ਲਿਖਣਾ ਪਿਆ ਹੈ, 'ਵਿਸ਼ਵ ਪ੍ਰਣਾਲੀ ਹੁਣ ਸੁਧਾਰ ਰਹਿਤ ਹੋ ਚੁੱਕੀ ਹੈ, ਇਸ ਲਈ ਯੂਰਪ ਨੂੰ ਜੰਗਲਰਾਜ ਲਈ ਤਿਆਰ ਹੋ ਜਾਣਾ ਚਾਹੀਦਾ ਹੈ।' ਇਸ ਸਿੱਟੇ 'ਤੇ ਪੁੱਜਣ ਦੀ ਵਜ੍ਹਾ ਉਹ ਘਟਨਾਵਾਂ ਹਨ ਜਿਨ੍ਹਾਂ ਦੀ ਇਕ ਸਾਲ ਪਹਿਲਾਂ ਤੱਕ ਕੋਈ ਕਲਪਨਾ ਵੀ ਨਹੀਂ ਕਰਦਾ ਸੀ। ਸੰਯੁਕਤ ਰਾਸ਼ਟਰ ਦੇ ਸਰਪ੍ਰਸਤ ਅਮਰੀਕਾ ਨੇ ਆਪਣੇ ਮਿੱਤਰ ਦੇਸ਼ ਡੈਨਮਾਰਕ ਨੂੰ ਕਿਹਾ ਕਿ ਗ੍ਰੀਨਲੈਂਡ ਸਾਨੂੰ ਸੌਂਪ ਦਿਉ, ਨਹੀਂ ਤਾਂ ਅਸੀਂ ਖੋਹ ਲਵਾਂਗੇ। ਵਿਸ਼ਵ ਵਪਾਰ ਸੰਗਠਨ ਨੂੰ ਅਮਰੀਕਾ ਨੇ ਹੀ ਮਨਮਰਜ਼ੀ ਵਾਲੀਆਂ ਟੈਰਿਫ ਨੀਤੀਆਂ ਨਾਲ ਗ਼ੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਸੁਰੱਖਿਆ ਕੌਂਸਲ ਯੂਕਰੇਨ ਅਤੇ ਗਾਜ਼ਾ ਦੇ ਯੁੱਧ ਰੁਕਵਾਉਣ ਲਈ ਕੋਈ ਪ੍ਰਸਤਾਵ ਪਾਸ ਨਹੀਂ ਕਰ ਪਾ ਰਹੀ ਹੈ।

ਗਾਜ਼ਾ ਵਿਚ ਮਨੁੱਖੀ ਰਾਹਤ ਪਹੁੰਚਾਉਣ ਲਈ ਵੀ ਪ੍ਰਸਤਾਵ 'ਤੇ ਸਹਿਮਤੀ ਨਹੀਂ ਬਣ ਰਹੀ ਹੈ। ਅਮਰੀਕਾ ਸੰਯੁਕਤ ਰਾਸ਼ਟਰ ਦੇ ਮਤਦਾਨ ਵਿਚ ਰੂਸ ਦਾ ਸਾਥ ਦੇ ਰਿਹਾ ਹੈ। ਰੂਸੀ ਹਮਲੇ ਲਈ ਰੂਸ 'ਤੇ ਜਾਂ ਫਿਰ ਉਸ ਤੋਂ ਸਭ ਤੋਂ ਵੱਧ ਤੇਲ ਖ਼ਰੀਦਣ ਵਾਲੇ ਚੀਨ 'ਤੇ ਕੋਈ ਕਾਰਵਾਈ ਕਰਨ ਦੀ ਬਜਾਏ ਭਾਰਤ 'ਤੇ ਟੈਰਿਫ ਲਗਾਏ ਜਾ ਰਹੇ ਹਨ ਅਤੇ ਯੂਕਰੇਨ ਦੀ ਜੰਗ ਨੂੰ ਮੋਦੀ ਦਾ ਯੁੱਧ ਨਾਂ ਦਿੱਤਾ ਜਾ ਰਿਹਾ ਹੈ। ਯੂਰਪ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਭਾਰਤ ਅਤੇ ਚੀਨ 'ਤੇ 100 ਪ੍ਰਤੀਸ਼ਤ ਟੈਰਿਫ ਲਗਾ ਦੇਵੇ। ਸਾਫ਼ ਹੈ ਕਿ ਨਿਯਮਬੱਧ ਮੰਨੀ ਜਾਣ ਵਾਲੀ ਵਿਵਸਥਾ ਨਿਯਮਹੀਣ ਹੋ ਕੇ ਟੁੱਟ ਚੁੱਕੀ ਹੈ। ਟਰੰਪ ਦੇ ਆਲੋਚਕ ਵੀ ਹੈਰਾਨ-ਪਰੇਸ਼ਾਨ ਹਨ ਅਤੇ ਕਹਿ ਰਹੇ ਹਨ ਕਿ ਵਿਦੇਸ਼ ਨੀਤੀ ਦੇ ਇਤਿਹਾਸ ਵਿਚ ਉਨ੍ਹਾਂ ਨੇ ਕਿਸੇ ਆਗੂ ਨੂੰ ਇਸ ਤਰ੍ਹਾਂ ਆਪਣੇ ਦੇਸ਼ ਦੇ ਹਿੱਤਾਂ ਦੀ ਹੋਲੀ ਖੇਡਦੇ ਨਹੀਂ ਦੇਖਿਆ। ਅਮਰੀਕਾ ਦੇ ਹੀ ਵਰਦਾਨ ਨਾਲ ਬਲਸ਼ਾਲੀ ਹੋਏ ਚੀਨ ਨੇ ਮੌਕਾ ਪਛਾਣਦਿਆਂ ਮਹਾਸਭਾ ਦੇ ਇਜਲਾਸ ਤੋਂ ਠੀਕ ਪਹਿਲਾਂ ਸ਼ੰਘਾਈ ਸਹਿਯੋਗ ਸੰਗਠਨ ਦੇ ਇਤਿਹਾਸ ਦੀ ਸਭ ਤੋਂ ਵੱਡੀ ਸਿਖਰ ਬੈਠਕ ਦਾ ਆਯੋਜਨ ਕੀਤਾ। ਇਸ ਵਿਚ ਰੂਸ ਅਤੇ ਭਾਰਤ ਸਮੇਤ 24 ਦੇਸ਼ਾਂ ਦੇ ਮੁਖੀਆਂ ਦੇ ਸਾਹਮਣੇ ਉਸ ਨੇ ਆਪਣੀ ਨਵੀਂ 'ਆਲਮੀ ਪ੍ਰਸ਼ਾਸਨ ਪਹਿਲ' ਦਾ ਐਲਾਨ ਕੀਤਾ।

ਇਸ ਦੀ ਬੁਨਿਆਦ ਪੰਜ ਸਿਧਾਂਤਾਂ 'ਤੇ ਟਿਕੀ ਹੈ : ਪ੍ਰਭੂਸੱਤਾ ਵਿਚ ਬਰਾਬਰੀ, ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ, ਬਹੁ-ਪੱਖੀ ਆਚਰਣ, ਲੋਕ-ਭਲਾਈ ਮੁਖੀ ਨਜ਼ਰੀਆ ਅਤੇ ਠੋਸ ਕਾਰਵਾਈਆਂ 'ਤੇ ਧਿਆਨ। ਟਰੰਪ ਵੱਲੋਂ ਪੈਦਾ ਕੀਤੀ ਗਈ ਅਸਥਿਰਤਾ ਦੇ ਦੌਰ ਵਿਚ ਚੀਨ ਨੂੰ ਸਥਿਰਤਾ, ਸਹਿਯੋਗ ਅਤੇ ਸ਼ਾਂਤੀ ਦੇ ਚੈਂਪੀਅਨ ਦੇ ਰੂਪ ਵਿਚ ਪੇਸ਼ ਕਰਨ ਲਈ ਸਿਧਾਂਤਕ ਤੌਰ 'ਤੇ ਇਹ ਸਾਰੀਆਂ ਗੱਲਾਂ ਬਹੁਤ ਚੰਗੀਆਂ ਹਨ ਪਰ ਤਿੱਬਤ ਵਿਚ ਭਾਰਤੀ ਸਰਹੱਦ 'ਤੇ ਤਾਇਵਾਨ ਨੂੰ ਲੈ ਕੇ ਅਤੇ ਦੱਖਣੀ ਚੀਨ ਸਮੁੰਦਰ ਵਿਚ ਚੀਨ ਦੀਆਂ ਵਿਸਥਾਰਵਾਦੀ ਹਰਕਤਾਂ ਇਨ੍ਹਾਂ ਸਿਧਾਂਤਾਂ ਦੇ ਉਲਟ ਰਹੀਆਂ ਹਨ। ਇਹੀ ਵਜ੍ਹਾ ਹੈ ਕਿ ਚੀਨ 'ਤੇ ਅੱਖਾਂ ਮੀਚ ਕੇ ਭਰੋਸਾ ਨਹੀਂ ਕੀਤਾ ਜਾ ਸਕਦਾ। ਬਿਲਕੁਲ ਉਸੇ ਤਰ੍ਹਾਂ ਜਿਵੇਂ ਐੱਸਸੀ ਦਾ ਬੁਨਿਆਦੀ ਟੀਚਾ ਤਾਂ ਅੱਤਵਾਦ ਨੂੰ ਨੱਥ ਪਾਉਣਾ ਹੈ ਪਰ ਪਾਕਿਸਤਾਨੀ ਅੱਤਵਾਦੀਆਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਅੱਤਵਾਦੀ ਐਲਾਨਣ ਦੇ ਪ੍ਰਸਤਾਵ 'ਤੇ ਚੀਨ ਨੇ ਹਮੇਸ਼ਾ ਟੰਗ ਅੜਾਈ ਹੈ। ਦੁਨੀਆ ਵਿਚ ਕਿਹੋ ਜਿਹੀ ਵਿਵਸਥਾ ਹੋਵੇ, ਇਸ ਨੂੰ ਲੈ ਕੇ ਦੋ ਧੁਰੀਆਂ ਬਣ ਗਈਆਂ ਹਨ। ਇਕ ਪਾਸੇ ਅਮਰੀਕਾ ਹੈ ਜਿਸ ਦੇ ਆਗੂ ਟਰੰਪ ਆਪਣੇ ਹੀ ਦੇਸ਼ ਦੇ ਬਣਾਏ ਨਿਯਮਾਂ ਨੂੰ ਖ਼ਾਰਜ ਕਰ ਰਹੇ ਹਨ।

ਦੂਜੇ ਪਾਸੇ ਚੀਨ ਹੈ ਜੋ ਗੱਲਾਂ ਤਾਂ ਨਿਯਮਬੱਧ ਅਤੇ ਨਿਆਂਸੰਗਤ ਵਿਵਸਥਾ ਦੀਆਂ ਕਰਦਾ ਹੈ ਪਰ ਆਚਰਣ ਵਿਚ ਉਲਟਾ ਹੈ। ਭਾਵੇਂ ਰੂਸ, ਭਾਰਤ ਤੇ ਚੀਨ ਮਿਲ ਕੇ ਅਮਰੀਕਾ ਦੇ ਟੈਰਿਫ ਦੇ ਤੋੜ ਲਈ ਅੱਗੇ ਆਏ ਹਨ ਤੇ ਅਮਰੀਕਾ ਸਮੇਤ ਸਾਰੀ ਦੁਨੀਆ ਦੀਆਂ ਇਨ੍ਹਾਂ 'ਤੇ ਨਜ਼ਰਾਂ ਇਨ੍ਹਾਂ 'ਤੇ ਟਿਕੀਆਂ ਹੋਈਆਂ ਹਨ ਪਰ ਉਨ੍ਹਾਂ ਨੂੰ ਅਮਰੀਕਾ ਦੀ ਟੈਰਿਫ ਨੀਤੀ ਤੇ ਹੋਰ ਕਾਰਵਾਈਆਂ ਦਾ ਤੋੜ ਬਣਨ ਵਾਸਤੇ ਬਹੁਤ ਘਾਲਣਾਵਾਂ ਘਾਲਣੀਆਂ ਹੋਣਗੀਆਂ। ਜਿਸ ਵਿਵਸਥਾ ਨੂੰ ਟਰੰਪ ਨੇ ਤੋੜਿਆ, ਉਹ ਬਰਾਬਰੀ ਅਤੇ ਨਿਆਂ 'ਤੇ ਆਧਾਰਤ ਨਹੀਂ ਸੀ, ਇਸ ਲਈ ਭਾਰਤ ਬਦਲਾਅ ਚਾਹੁੰਦਾ ਸੀ।

ਜਿਸ ਦਾ ਪ੍ਰਸਤਾਵ ਚੀਨ ਨੇ ਰੱਖਿਆ ਹੈ ਉਹ ਪ੍ਰਣਾਲੀ ਬਿਹਤਰ ਤਾਂ ਹੈ ਪਰ ਉਸ ਨੂੰ ਅਮਲ ਵਿਚ ਲਿਆਉਣ ਲਈ ਚੀਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਸ ਲਈ ਭਾਰਤ ਨੂੰ ਚੀਨ ਤੋਂ ਸਾਵਧਾਨ ਰਹਿਣਾ ਹੋਵੇਗਾ ਅਤੇ ਵਿਸ਼ਾ ਆਧਾਰਤ ਸਬੰਧ ਬਣਾ ਕੇ ਚੱਲਣਾ ਹੋਵੇਗਾ ਅਤੇ ਅਮਰੀਕਾ ਨਾਲ ਸਬੰਧ ਸੁਧਾਰਨ ਦੇ ਯਤਨ ਕਰਨੇ ਹੋਣਗੇ। ਕਿਉਂਕਿ ਹੁਣ ਗੁਆਂਢੀ ਬਹੁਤ ਮਜ਼ਬੂਤ ਹੋ ਗਿਆ ਹੈ, ਇਸ ਲਈ ਆਪਣੀ ਸੈਨਿਕ ਅਤੇ ਆਰਥਿਕ ਸ਼ਕਤੀ 'ਤੇ ਵੀ ਦਿਲ ਲਗਾ ਕੇ ਕੰਮ ਕਰਨਾ ਹੋਵੇਗਾ। ਭਾਰਤ ਨੂੰ ਇਕ ਅਜਿਹੀ ਬਹੁ-ਧਰਵੀ ਵਿਵਸਥਾ ਦੇ ਨਿਰਮਾਣ 'ਤੇ ਕੰਮ ਕਰਨਾ ਹੋਵੇਗਾ ਜੋ ਬਰਾਬਰੀ ਅਤੇ ਨਿਆਂ 'ਤੇ ਆਧਾਰਤ ਹੋਵੇ ਅਤੇ ਵਾਤਾਵਰਨ ਅਤੇ ਜਨ-ਕਲਿਆਣ ਨੂੰ ਧਿਆਨ ਵਿਚ ਰੱਖਦਿਆਂ ਮੁਫ਼ਤ ਵਪਾਰ ਦੇ ਮੌਕੇ ਖੋਲ੍ਹੇ। ਇਸ ਲਈ ਭਾਰਤ ਨੂੰ ਬ੍ਰਿਕਸ, ਆਸੀਆਨ, ਪੱਛਮੀ ਏਸ਼ੀਆ ਅਤੇ ਅਫ਼ਰੀਕੀ ਦੇਸ਼ਾਂ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਉਸ ਨੂੰ ਕਿਸੇ ਵੀ ਧੜੇ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ ਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਬਿਮਾਰੀ ਤੋਂ ਬਚਣਾ ਹੈ ਤਾਂ ਆਪਣੇ ਸਰੀਰ ਬਾਰੇ ਜਾਣਕਾਰੀ ਰੱਖੋ

ਕਮਲੇਸ਼ ਉੱਪਲ

ਮਨੁੱਖੀ ਸਰੀਰ ਦੀ ਤੰਦਰੁਸਤੀ ਸੁਖੀ ਜੀਵਨ ਦਾ ਆਧਾਰ ਹੈ। ਸਮਾਜ ਦੇ ਸਮੁੱਚੇ ਵਿਕਾਸ ਦਾ ਵੱਡਾ ਹਿੱਸਾ ਮੈਡੀਕਲ ਸਾਇੰਸ ਦੀ ਤਰੱਕੀ ਹੈ। ਸਾਡੀ ਉਮਰ ਵਿੱਚ ਦੇਖਦਿਆਂ-ਦੇਖਦਿਆਂ ਮੈਡੀਕਲ ਸਾਇੰਸ ਨੇ ਹੁਣ ਤੱਕ ਮਨੁੱਖ ਦੀ ਤੰਦਰੁਸਤੀ ਲਈ ਨਿੱਤ ਨਵੀਆਂ ਕਾਢਾਂ ਕੱਢ ਕੇ ਰੋਜ਼-ਬ-ਰੋਜ਼ ਤਰ੍ਹਾਂ-ਤਰ੍ਹਾਂ ਦੀਆਂ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ ਹਨ। ਫਿਰ ਵੀ ਅਜੋਕੇ ਭਾਰਤੀ ਸਮਾਜ ਵਿਚ ਸਿਹਤ ਸਹੂਲਤਾਂ ਪੱਖੋਂ ਇਕ ਖ਼ਾਸ ਕਮਤਰੀ ਅਤੇ ਬਦਹਾਲੀ ਬਰਪੀ ਹੋਈ ਹੈ। ਵੱਡੇ-ਵੱਡੇ ਹਸਪਤਾਲਾਂ ਵਿਚ ਦੂਰੋਂ ਨੇੜਿਉਂ ਅਤੇ ਪਛੜੇ ਹੋਏ ਇਲਾਕਿਆਂ ਵਿੱਚੋਂ ਪੁੱਜਦੇ ਮਰੀਜ਼ਾਂ ਦੀ ਗਿਣਤੀ ਦਿਨ ਪਰ ਦਿਨ ਵਧ ਰਹੀ ਹੈ। ਅਜੋਕਾ ਸਿਹਤ ਤੰਤਰ ਨਵੀਆਂ ਤਕਨੀਕਾਂ ਅਪਣਾ ਕੇ ਆਮ ਆਦਮੀ ਲਈ ਜੋਖ਼ਿਮ ਭਰਿਆ ਵੀ ਹੋ ਗਿਆ ਹੈ। ਇੱਕ-ਇੱਕ ਬਿਮਾਰੀ ਲਈ ਕਈ-ਕਈ ਟੈਸਟ ਕਰਵਾਉਣੇ ਜ਼ਰੂਰੀ ਹੋ ਗਏ ਹਨ। ਬਿਜਲਾਣੂ ਮਾਧਿਅਮਾਂ ਅਤੇ ਨਵੀਂ ਤਕਨਾਲੋਜੀ ਆਧਾਰਿਤ ਇਲਾਜ ਪ੍ਰਣਾਲੀ ਹੁਣ ਹੱਦੋਂ ਵਧ ਬਰੀਕਬੀਨੀ ਅਖ਼ਤਿਆਰ ਕਰ ਗਈ ਹੈ। ਕਿਸੇ ਵੀ ਮਰਜ਼ ਦੀ ਸ਼ਨਾਖ਼ਤ ਹੁਣ ਬਹੁ-ਪੱਧਰੀ ਅਤੇ ਬਹੁ-ਪਾਸਾਰੀ ਟੈਸਟਾਂ ਦੇ ਨਤੀਜਿਆਂ ਉਤੇ ਨਿਰਭਰ ਕਰਦੀ ਹੈ। ਬਿਮਾਰੀ ਦੀ ਅਜਿਹੀ ਪਛਾਣ ਲਈ ਹੀ ਮਰੀਜ਼ ਅਤੇ ਉਨ੍ਹਾਂ ਦੇ ਸਾਥੀ/ਸਹਾਇਕ (ਅਟੈਂਡੈਂਟ) ਘਰ-ਬਾਰ ਛੱਡ ਕੇ ਵੱਡੇ ਹਸਪਤਾਲਾਂ ਵਿਚ ਰੁਲਣ ਲਈ ਮਜਬੂਰ ਹੁੰਦੇ ਹਨ। ਇਹ ਕਸ਼ਟਦਾਈ ਪ੍ਰਕਿਰਿਆ ਹੈ।



ਸਿਹਤ ਸਹੂਲਤ ਅਤੇ ਸਿਹਤਯਾਬੀ ਬੰਦੇ ਦੀ ਜੀਵਨ ਜਾਚ ਦਾ ਅਹਿਮ ਹਿੱਸਾ ਬਣ ਜਾਣੀ ਚਾਹੀਦੀ ਹੈ। ਸਰੀਰ ਬਾਰੇ ਬੁਨਿਆਦੀ ਗਿਆਨ ਹਾਸਲ ਕਰਾਉਣਾ ਸਾਡੇ ਸਕੂਲਾਂ ਵਿਚ ਪ੍ਰਾਇਮਰੀ ਪੱਧਰ ਤੋਂ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਹ ਗਿਆਨ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਹਰ ਸ਼ਖ਼ਸ ਨੂੰ ਘੱਟੋ-ਘੱਟ ਇੰਨੀ ਸੋਝੀ ਕਰਾ ਦੇਵੇ ਕਿ ਸਰੀਰ ਉਸ ਦੀ ਉਹ ਮਲਕੀਅਤ ਹੈ ਜਿਸ ਨੂੰ ਠੀਕ ਅਤੇ ਸਿਹਤਮੰਦ ਰੱਖਣਾ ਜੀਵਨ ਦਾ ਪਰਮ ਉਦੇਸ਼ ਹੈ। ਆਪਣੀ ਕਾਇਆ ਨਾਲ ਇਕਸੁਰ ਹੋ ਕੇ ਜਿਊਣ ਨਾਲ ਬੰਦਾ ਆਪਣੇ ਲਈ ਅੱਧਾ ਡਾਕਟਰ ਬਣ ਸਕਦਾ ਹੈ, ਪਰ ਅਜਿਹੀ ਵਿਵਸਥਾ ਲਈ ਜਿਸ ਪ੍ਰਬੰਧ ਦੀ ਲੋੜ ਹੈ, ਉਹ ਹਰ ਆਮ-ਖ਼ਾਸ ਦੀ ਨਿਰੋਗਤਾ ਨੂੰ ਆਪਣਾ ਮੁੱਖ ਉਦੇਸ਼ ਬਣਾਵੇ। ਸਾਡੇ ਸਿਹਤ ਮੰਤਰਾਲੇ ਅਤੇ ਉਨ੍ਹਾਂ ਦੇ ਸੂਤਰਧਾਰ ਜੇਕਰ ਪਿੰਡਾਂ ਦੀਆਂ ਡਿਸਪੈਂਸਰੀਆਂ ਵਿਚ ਅਜਿਹਾ ਪੈਰਾ-ਮੈਡੀਕਲ ਅਮਲਾ ਤਾਇਨਾਤ ਕਰ ਦੇਣ ਜੋ ਲੋਕਾਂ ਨੂੰ ਦਵਾਈ ਵੰਡਣ ਦੇ ਨਾਲ-ਨਾਲ ਸਰੀਰ ਬਾਰੇ ਗਿਆਨ ਵੀ ਮੁਹੱਈਆ ਕਰਾਵੇ ਤਾਂ ਜਨਤਾ ਦਾ ਭਲਾ ਹੋ ਸਕਦਾ ਹੈ।

ਬਦਕਿਸਮਤੀ ਨਾਲ ਸਾਡੇ ਪ੍ਰਬੰਧਕਾਂ ਅਤੇ ਸਮੁੱਚੀ ਵਿਵਸਥਾ ਦਾ ਵਾਹ ਜਿਹੜੀ ਸਿਆਸੀ ਸੱਤਾ ਨਾਲ ਹੈ, ਉਸ ਦੀਆਂ ਨੀਤੀਆਂ ਅਤੇ ਪੈਂਤੜੇ ਜਨਹਿਤ ਆਧਾਰਿਤ ਨਹੀਂ ਹਨ। ਸਾਡੇ ਸੱਤਾਧਾਰੀ, ਭਾਵੇਂ ਕਿਸੇ ਵੀ ਪਾਰਟੀ ਦੇ ਹੋਣ, ਹਰ ਖੇਤਰ ਵਿਚਲੀ ਸਹੂਲਤ ਨੂੰ ਪਹਿਲਾਂ ਆਪਣੀ ਵੋਟ ਗਿਣਤੀ ਜਾਂ ਆਪਣੇ ਵਰਗਿਆਂ ਲਈ ਵਰਤਣ ਦਾ ਵਿਸ਼ੇਸ਼ ਅਧਿਕਾਰ ਵਰਤਦੇ ਹਨ। ਇਨ੍ਹਾਂ ਨੂੰ ਫ਼ਿਕਰ ਰਹਿੰਦੀ ਹੈ ਤਾਂ ਸਿਰਫ਼ ਆਪਣੇ ਮੰਤਰੀਆਂ, ਸੰਸਦ ਮੈਂਬਰਾਂ, ਸੰਸਦੀ ਸਕੱਤਰਾਂ ਆਦਿ ਦੇ ਮੈਡੀਕਲ ਭੱਤਿਆਂ ਅਤੇ ਸਿਹਤ ਸਹੂਲਤਾਂ ਵਿਚ ਵਾਧੇ ਦੀ। ਇਨ੍ਹਾਂ ਦਾ ਵੋਟਰ ਸਿਹਤ ਪੱਖੋਂ ਕਿਸ ਤਰ੍ਹਾਂ ਦਾ ਜੀਵਨ ਜਿਉਂ ਰਿਹਾ ਹੈ, ਉਹ ਇਨ੍ਹਾਂ ਦੀਆਂ ਤਰਜੀਹਾਂ ਵਿਚ ਸ਼ਾਮਿਲ ਹੀ ਨਹੀਂ ਹੈ।

ਸਾਡੇ ਬਚਪਨ ਵਿਚ ਹਸਪਤਾਲ ਲਈ ਇਕ ਸ਼ਬਦ ਸ਼ਫ਼ਾਖਾਨਾ ਵੀ ਵਰਤਿਆ ਜਾਂਦਾ ਸੀ। ਸ਼ਫ਼ਾਖਾਨਾ ਯਾਨੀ ਉਹ ਜਗ੍ਹਾ ਜਿਥੋਂ ਸ਼ਫ਼ਾ ਜਾਂ ਤੰਦਰੁਸਤੀ ਲਈ ਦਵਾਈ ਮਿਲੇ। ਹੁਣ ਕਿਸੇ ਦੀ 'ਹਸਪਤਾਲ' ਪਹੁੰਚਣ ਦੀ ਖ਼ਬਰ ਸੁਣ ਕੇ ਧੱਕਾ ਜਿਹਾ ਲਗਦਾ ਹੈ ਤੇ ਬੰਦਾ ਫ਼ਿਕਰ 'ਚ ਗ੍ਰਸਿਆ ਜਾਂਦਾ ਹੈ। ਹੁਣ ਹੈਲਥ ਇੰਸ਼ੋਰੈਂਸ, ਆਯੂਸ਼ਮਾਨ ਭਾਰਤ ਅਤੇ ਗਲੀ ਮਹੱਲਾ ਜਾਂ ਆਮ ਆਦਮੀ ਕਲੀਨਿਕ ਵਰਗੀਆਂ ਕਈ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਤਾਂ ਭਾਵੇਂ ਮੁਹੱਈਆ ਹੋ ਰਹੀਆਂ ਹਨ ਪਰ ਲੋਕਾਂ ਦੀ ਸਿਹਤ ਦਾ ਮਿਆਰ ਫਿਰ ਵੀ ਥੱਲੇ ਹੈ। ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ, ਖਾਣ-ਪੀਣ, ਰਹਿਣ-ਸਹਿਣ, ਉੱਠਣ-ਬਹਿਣ ਅਤੇ ਸਜਣ-ਸੰਵਰਨ ਦੇ ਤੌਰ-ਤਰੀਕੇ ਬਹੁਤ ਤੇਜ਼ੀ ਨਾਲ ਬਦਲ ਚੁੱਕੇ ਹਨ ਤੇ ਬਦਲ ਰਹੇ ਹਨ। ਇਸ ਸਾਰੀ ਰੱਦੋ-ਬਦਲ ਦੇ ਸਨਮੁਖ ਇਹ ਤੱਥ ਫਿਰ ਵੀ ਸਦੀਵੀ ਹੈ ਕਿ ਮਨੁੱਖੀ ਸਰੀਰ ਉਹੀ ਹੈ ਜੋ ਪਹਿਲਾਂ ਸੀ। ਬਦਲੇ ਹਾਲਾਤ ਨਾਲ ਨਜਿੱਠਦਿਆਂ ਸਰੀਰ ਦੀ ਸਰਗਰਮੀ ਕਮਜ਼ੋਰ ਪੈ ਰਹੀ ਹੈ। ਜਵਾਨ ਲੋਕ ਦਿਲ ਦੇ ਦੌਰੇ ਕਾਰਨ ਮਰ ਰਹੇ ਹਨ। ਨੌਜਵਾਨਾਂ ਨੂੰ ਲਾਇਲਾਜ ਹੋ ਜਾਣ ਦੀ ਇੰਤਹਾ ਤੱਕ ਸ਼ੂਗਰ (ਡਾਇਬਿਟੀਜ਼) ਘੇਰ ਲੈਂਦੀ ਹੈ ਤੇ ਪਿੱਛਾ ਨਹੀਂ ਛੱਡਦੀ।

ਇਸ ਸਾਰੇ ਹਾਲਾਤ ਨੂੰ ਮੁੱਖ ਰੱਖ ਕੇ ਸਾਡੀ ਸਿਹਤ ਪ੍ਰਣਾਲੀ ਵਿਚ ਵੱਡੇ ਰੱਦੋ-ਬਦਲ ਅਤੇ ਸੁਧਾਰ ਦੀ ਲੋੜ ਹੈ। ਵੱਧ ਹਸਪਤਾਲ ਜਾਂ ਵੱਧ ਡਾਕਟਰ ਮੁਹੱਈਆ ਕਰਾ ਦੇਣਾ ਇਸ ਸਮੱਸਿਆ ਦਾ ਹੱਲ ਨਹੀਂ ਹੈ। ਲੋਕਾਂ ਨੂੰ ਅਤੇ ਖ਼ਾਸ ਕਰ ਕੇ ਸਾਧਾਰਨ ਤਬਕੇ ਨੂੰ ਸਿਹਤ ਪੱਖੋਂ ਜਾਗਰੂਕ ਕਰਨਾ ਦਵਾਈਆਂ ਜਾਂ ਸਹੂਲਤਾਂ ਦੇਣ ਤੋਂ ਵੱਧ ਜ਼ਰੂਰੀ ਹੈ। ਕੈਂਸਰ ਅਤੇ ਏਡਜ਼ ਵਰਗੀਆਂ ਗੰਭੀਰ ਬਿਮਾਰੀਆਂ ਰੋਕਣ ਲਈ ਮੁਹਿੰਮਾਂ, ਚੇਤਨਾ ਪ੍ਰੋਗਰਾਮ ਆਦਿ ਚਲਦੇ ਰਹਿੰਦੇ ਹਨ। ਖਾਂਦੇ ਪੀਂਦੇ ਤਬਕੇ ਅਤੇ ਪ੍ਰਬੰਧਕੀ ਅਦਾਰੇ ਸਾਈਕਲ ਯਾਤਰਾਵਾਂ, ਦੌੜਾਂ ਜਾਂ ਸਕੂਲਾਂ ਆਦਿ ਵਿੱਚ ਰੈਲੀਆਂ, ਸਭਾਵਾਂ ਵੀ ਕਰਵਾਉਂਦੇ ਰਹਿੰਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਪਹਿਲਾਂ ਆਮ ਆਦਮੀ ਦੀ ਸਿਹਤ ਪੱਖੋਂ ਸੋਝੀ ਜਾਂ ਸਿਆਣਪ ਵਿੱਚ ਸੁਧਾਰ ਦੀ ਲੋੜ ਹੈ।

ਬੰਦੇ ਦੀ ਆਪਣੇ ਸਰੀਰ ਪ੍ਰਤੀ ਸੋਚ ਨੂੰ ਵਿਗਿਆਨਕ ਬਣਾ ਕੇ ਉਸ ਨੂੰ ਸਭ ਤੋਂ ਸੌਖੀਆਂ ਪੈਥੀਆਂ-ਹਰਬਲ ਜਾਂ ਹੋਮੀ ਵੱਲ ਪ੍ਰੇਰਨ ਦੇ ਸਿੱਟੇ ਲਾਭਦਾਇਕ ਹੋ ਸਕਦੇ ਹਨ। ਛੋਟੀ ਜਿਹੀ ਤਕਲੀਫ਼ ਤੋਂ ਘਬਰਾ ਕੇ ਬੰਦਾ ਝੱਟ ਡਾਕਟਰ ਜਾਂ ਹਸਪਤਾਲ ਵੱਲ ਭੱਜਦਾ ਹੈ। ਡਾਕਟਰੀ ਪੇਸ਼ਾ ਹੁਣ ਵਪਾਰ ਆਧਾਰਿਤ ਹੋ ਗਿਆ ਹੈ। ਇਸ ਵਪਾਰੀ ਭੇਡਚਾਲ ਨੇ ਡਾਕਟਰੀ ਕਸਬ ਨੂੰ ਮੈਡੀਕਲ ਤੰਤਰ ਅਤੇ ਮੈਡੀਕਲ ਉਦਯੋਗ ਬਣਾ ਦਿੱਤਾ ਹੈ। ਭਾਰਤ ਵਿਚ ਜਨਤਾ ਦੀ ਇਸ ਤੰਤਰ ਹੱਥੋਂ ਖੁਆਰੀ ਰੋਕਣ ਦਾ ਇੱਕੋ-ਇੱਕ ਰਾਹ ਬਦਲਵੀਆਂ ਪੈਥੀਆਂ ਦੀ ਵਰਤੋਂ ਅਤੇ ਸਰੀਰ ਪ੍ਰਤੀ ਚੇਤਨਾ ਹੈ। ਵੱਡੇ ਹਸਪਤਾਲਾਂ ਨੂੰ ਸਰਜਰੀਆਂ ਅਤੇ ਦੁਰਘਟਨਾਵਾਂ ਲਈ ਰਾਖਵੇਂ ਰੱਖ ਕੇ ਆਮ ਬੰਦੇ ਨੂੰ ਸਿਹਤ ਬਾਰੇ ਵੱਧ ਤੋਂ ਵੱਧ ਜਾਗਰੂਕ ਬਣਾਉਣ ਦੀ ਲੋੜ ਹੈ।

## 07 ਜੂਨ 2025 ਤੱਕ ਵਾਰਤਕ ਵਿਅੰਗ ਭੇਜੋ ਜੀ

07 ਜੂਨ 2025 ਤੱਕ ਵਾਰਤਕ ਵਿਅੰਗ ਭੇਜੋ ਜੀ ਸਾਲ 2024 ਦਾ ਚੋਣਵਾਂ ਹਾਸ-ਵਿਅੰਗ ਦਾ ਸਾਂਝਾ ਸੰਗ੍ਰਹਿ ਛਪਵਾਇਆ ਜਾ ਰਿਹਾ ਹੈ। ਉਮੀਦ ਹੈ ਕਿ ਇਕ ਸਾਹਿਤ ਪ੍ਰੇਮੀ ਸੰਸਥਾ ਇਸ ਨੂੰ ਸਪਾਂਸਰ ਕਰਨ ਦੀ ਜ਼ਿੰਮੇਵਾਰੀ ਲੈ ਰਹੀ ਹੈ। ਇਸ ਲਈ ਤੁਸੀ 2024 ਵਿੱਚ ਪੰਜਾਬੀ ਵਿੱਚ ਕਿਤੇ ਵੀ ਛਪਿਆ ਆਪਣਾ ਵਿਅੰਗ (ਵਾਰਤਕ) ਇਹਨਾਂ ਵੱਟਸਐਪ ਨੰਬਰਾਂ +1 (425) 286 0163 Mangat Kuljind , +91 95018-77033 Jagdish Rai Kulrian ਜਾਂ ਇਹਨਾਂ ਈਮੇਲਾਂ-mangatraimittal1956@gmail.com ਉੱਪਰ ਭੇਜ ਦਿਉ ਜੀ—ਜਿੰਨੀ ਜਲਦੀ ਹੋ ਸਕੇ। ਇਹਨਾਂ ਨੰਬਰਾਂ ਤੇ ਗੱਲ ਵੀ ਕੀਤੀ ਜਾ ਸਕਦੀ ਹੈ ਜੀ। ਇਸ ਤੋ ਬਾਅਦ ਪਹੁੰਚੀਆਂ ਰਚਨਾਵਾਂ ਸ਼ਾਮਿਲ ਕਰਨ 'ਚ ਅਸਮਰੱਥ ਹੋਵਾਂਗੇ ਮੰਗਤ ਕੁਲਜਿੰਦ।

# ਬੰਦਿਆਂ ਦੀਆਂ ਬਣਾਈਆਂ ਰੋਕਾਂ ਅਤੇ ਸਰਹੱਦਾਂ ਨਹੀਂ ਦੇਖਦੇ ਚਲਦੇ ਪਾਣੀ



ਜਯੋਤੀ ਮਲਹੋਤਰਾ

'ਹਰ ਪਾਸੇ ਪਾਣੀ ਹੀ ਪਾਣੀ', ਬਿਲਕੁਲ, ਕਵੀ ਦੀ ਆਖੀ ਇਹ ਸਤਰ ਦਿਮਾਗ ਅੰਦਰ ਉਦੋਂ ਜ਼ੋਰ-ਜ਼ੋਰ ਨਾਲ ਗੂੰਜਦੀ ਹੈ, ਜਦ ਤੁਸੀਂ ਸੁਲਤਾਨਪੁਰ ਲੋਧੀ ਦੇ ਮੰਡ ਇਲਾਕੇ ਨੂੰ ਦੇਖਦੇ ਹੋ, ਜਿੱਥੇ ਬਿਆਸ ਨੇ ਕੰਢੇ ਤੋੜ ਝੋਨੇ ਦੀ ਫ਼ਸਲ ਨੂੰ ਹੜ੍ਹ ਦੀ ਭੇਟ ਚੜ੍ਹਾ ਦਿੱਤਾ ਹੈ। ਇਹ ਅਜਿਹਾ ਬਿਰਤਾਂਤ ਹੈ, ਜਿਸ ਦਾ ਪਿੱਛਾ 'ਟ੍ਰਿਬਿਊਨ' ਅਦਾਰਾ ਵੀ ਕਰ ਰਿਹਾ ਹੈ, ਜਿਹੜਾ ਦੋ-ਫ਼ਸਲੀ ਖੇਤੀ ਚੱਕਰ ਦੇ ਅੱਧੇ ਹਿੱਸੇ ਦੇ ਨੁਕਸਾਨ ਅਤੇ ਤਬਾਹੀ ਬਾਰੇ ਹੈ।

ਪਿਛਲੇ ਕੁਝ ਹਫ਼ਤਿਆਂ ਤੋਂ ਪੰਜਾਬ ਦੇ ਦਰਿਆਵਾਂ ਦੇ ਵਧਦੇ ਪੱਧਰ ਨੂੰ ਦੇਖਣਾ ਇਤਿਹਾਸ ਤੇ ਭੂਗੋਲ, ਦੋਵਾਂ ਦਾ ਸਬਕ ਰਿਹਾ ਹੈ। ਅਸੀਂ ਜਾਣਦੇ ਹਾਂ ਕਿ ਦੋ ਫ਼ਾਰਸੀ ਸ਼ਬਦਾਂ- ਪੰਜ ਤੇ ਆਬ, ਦੇ ਸੁਮੇਲ ਨਾਲ 'ਪੰਜਾਬ' ਸ਼ਬਦ ਬਣਿਆ ਹੈ, ਜਿਸ ਦਾ ਅਰਥ ਹੈ 'ਪੰਜ ਪਾਣੀਆਂ ਦੀ ਧਰਤੀ'। ਇਸ ਦਾ ਸਿਹਰਾ ਟੈਂਜੀਅਰ ਦੇ ਯਾਤਰੀ ਇਬਨ ਬਤੂਤਾ ਨੂੰ ਦਿੱਤਾ ਜਾਂਦਾ ਹੈ, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ 14ਵੀਂ ਸਦੀ 'ਚ ਇਸ ਖੇਤਰ ਵਿੱਚ ਘੁੰਮਦਾ ਰਿਹਾ ਸੀ।

ਉਂਝ, ਇਹ ਤੱਥ ਵੀ ਹਨ ਕਿ ਬਤੂਤਾ ਦੇ ਆਉਣ ਤੋਂ ਪਹਿਲਾਂ, ਪੰਜਾਬ ਨੂੰ 'ਪੰਚਨਦ' ਵਜੋਂ ਜਾਣਿਆ ਜਾਂਦਾ ਸੀ। ਇਹ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਪੰਜ ਦਰਿਆਵਾਂ ਦੀ ਧਰਤੀ'। ਇਹ ਸ਼ਬਦ ਮਹਾਭਾਰਤ ਦੇ ਸਮੇਂ ਦਾ ਹੈ, ਤੇ ਇਹ ਅੱਜ ਵੀ ਪਾਕਿਸਤਾਨ 'ਚ ਉਸ ਨਦੀ ਦਾ ਨਾਂ ਹੈ, ਜਿਸ ਵਿੱਚ ਅਣਵੰਡੇ ਪੰਜਾਬ ਦੀਆਂ ਸਾਰੀਆਂ ਪੰਜ ਨਦੀਆਂ- ਜਿਹਲਮ, ਚਨਾਬ, ਸਤਲੁਜ, ਬਿਆਸ ਤੇ ਰਾਵੀ, ਡਿੱਗਦੀਆਂ ਹਨ; ਇਸ ਤੋਂ ਪਹਿਲਾਂ ਕਿ ਇਹ ਅਰਬ ਸਾਗਰ 'ਚ ਸਮਾ ਜਾਏ।

ਹੁਣ ਨੋਟ ਕਰੋ, ਕਿਵੇਂ ਵਿਰਾਟ ਕੁਦਰਤ ਬੰਦੇ ਦੀਆਂ ਪਾਈਆਂ ਛੋਟੀਆਂ-ਛੋਟੀਆਂ ਵੰਡੀਆਂ ਅਤੇ ਤਕਸੀਮਾਂ ਦਾ ਤਿਰਸਕਾਰ ਕਰਦੀ ਹੈ, ਚਾਹੇ ਉਹ 1947 ਦੀਆਂ ਹੋਣ (ਜਦੋਂ ਖ਼ੂਨ ਪਾਣੀ ਵਾਂਗ ਵਗਿਆ) ਜਾਂ ਬਾਅਦ ਵਿੱਚ। ਹਾਲ ਹੀ ਵਿੱਚ ਅਪਰੈਲ 2025 ਵਿੱਚ, ਜਦੋਂ ਖੌਫ਼ਨਾਕ ਪਹਿਲਗਾਮ ਕਤਲੇਆਮ ਦੇ ਮੱਦੇਨਜ਼ਰ, ਕ੍ਰੋਧਿਤ ਭਾਰਤ ਨੇ 1960 ਦੀ ਸਿੰਧੂ ਜਲ ਸੰਧੀ (ਆਈਡਬਲਿਊਟੀ) ਲਗਭਗ ਰੱਦ ਹੀ ਕਰ ਦਿੱਤੀ। ਆਈਡਬਲਿਊਟੀ ਦੋ ਮੁਕੰਮਲ ਯੁੱਧਾਂ ਅਤੇ ਇੱਕ ਸੀਮਤ ਜਿਹਾ ਟਕਰਾਅ ਹੋਣ ਦੇ ਦੇ ਬਾਵਜੂਦ ਕਾਇਮ ਰਹੀ ਸੀ, ਕਿਉਂਕਿ ਇਸ 'ਚ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਨੂੰ ਵਰਤਣ ਸਬੰਧੀ ਨਿਯਮ ਸਨ।

ਅਪਰੇਸ਼ਨ ਸਿੰਧੂਰ ਤੋਂ ਇਕ ਦਿਨ ਪਹਿਲਾਂ, ਭਾਰਤ ਨੇ ਜੰਮੂ ਵਿੱਚ ਚਨਾਬ 'ਤੇ ਬਗਲੀਹਾਰ ਡੈਮ ਦੇ ਗੇਟ ਬੰਦ ਕਰ ਦਿੱਤੇ ਸਨ ਅਤੇ ਐਲਾਨ ਕੀਤਾ ਸੀ ਕਿ ਪਹਿਲਗਾਮ ਹਮਲੇ ਦਾ ਜਵਾਬ ਦੇਣ ਲਈ 'ਇੱਕ ਬੂੰਦ ਪਾਣੀ' ਵੀ ਪਾਕਿਸਤਾਨ ਨਹੀਂ ਜਾਣ ਦਿੱਤਾ ਜਾਵੇਗਾ। ਕਈ ਦਹਾਕਿਆਂ ਬਾਅਦ ਪਹਿਲੀ ਵਾਰ, ਜੰਮੂ ਦੇ ਲੋਕ ਸੁੱਕੇ ਚਨਾਬ ਦੀ ਤਹਿ 'ਤੇ ਘੁੰਮਣ ਅਤੇ ਇੰਸਟਾਗ੍ਰਾਮ 'ਤੇ ਇਸ ਦੀਆਂ ਤਸਵੀਰਾਂ ਪੋਸਟ ਕਰਨ ਲਈ ਇਕੱਠੇ ਹੋਏ। ਪਾਕਿਸਤਾਨੀ ਅਧਿਕਾਰੀਆਂ ਨੇ ਆਪਣੀਆਂ ਫ਼ਸਲਾਂ ਅਤੇ ਮਨੁੱਖੀ ਵਸੋਂ ਲਈ ਸਥਿਤੀ ਬਦਤਰ ਹੋਣ ਤੋਂ ਡਰਦਿਆਂ ਘਬਰਾਹਟ ਵਿਚ ਇਸ 'ਤੇ ਪ੍ਰਤੀਕਿਰਿਆ ਦਿੱਤੀ।

ਤਿੰਨ ਮਹੀਨਿਆਂ ਬਾਅਦ, ਹੁਣ ਵਾਰੀ ਭੂਗੋਲ ਦੀ ਆਈ ਹੈ, ਤੇ ਇਹ ਭੂ-ਰਾਜਨੀਤੀ 'ਤੇ ਭਾਰੂ ਪੈ ਗਿਆ ਹੈ। ਜਿਵੇਂ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦਹਾਕਿਆਂ ਬਾਅਦ ਐਨਾ ਤਿੱਖਾ ਮੌਨਸੂਨ ਦੇਖ ਰਹੇ ਹਨ; ਭਾਖੜਾ, ਰਣਜੀਤ ਸਾਗਰ ਤੇ ਪੌਂਗ ਡੈਮ ਦੀਆਂ ਝੀਲਾਂ ਜੋ ਸਾਲ ਭਰ ਉੱਤਰੀ ਭਾਰਤ ਨੂੰ ਜੀਵਨ-ਦਾਇਕ ਪਾਣੀ ਦਿੰਦੀਆਂ ਹਨ, ਸਮਰੱਥਾ



ਤੱਕ ਭਰ ਗਈਆਂ ਹਨ, ਜਿਸ ਕਾਰਨ ਅਧਿਕਾਰੀਆਂ ਨੂੰ ਪੰਜਾਬ ਦੀਆਂ ਤਿੰਨ ਪੂਰਬੀ ਨਦੀਆਂ ਵਿੱਚ ਪਾਣੀ ਛੱਡਣ ਲਈ ਮਜਬੂਰ ਹੋਣਾ ਪਿਆ ਹੈ ਤਾਂ ਜੋ ਡੈਮ ਦੇ ਢਾਂਚੇ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਉਂਝ, ਸਾਰਾ ਮਾਜਰਾ ਇਹੀ ਨਹੀਂ ਹੈ। ਸਰਹੱਦ ਦੇ ਦੋਵਾਂ ਪਾਸਿਆਂ ਤੋਂ ਹੁਣ ਸਵਾਲ ਉਠਾਏ ਜਾ ਰਹੇ ਹਨ। ਉਦਾਹਰਨ ਲਈ, ਕੀ ਅਧਿਕਾਰੀਆਂ ਨੂੰ ਇਨ੍ਹਾਂ ਉੱਤਰੀ ਭਾਰਤੀ ਡੈਮਾਂ ਤੋਂ ਪਾਣੀ ਨਹੀਂ ਛੱਡਣਾ ਚਾਹੀਦਾ ਸੀ, ਜਿਸ ਨੇ ਸਰਹੱਦ ਦੇ ਦੋਵਾਂ ਪਾਸੇ ਹੜ੍ਹਾਂ ਦੀ ਸਥਿਤੀ ਪੈਦਾ ਕੀਤੀ ਹੈ?

ਅਜਨਾਲਾ, ਕਪੂਰਥਲਾ, ਸੁਲਤਾਨਪੁਰ ਲੋਧੀ, ਫ਼ਿਰੋਜ਼ਪੁਰ, ਕਰਤਾਰਪੁਰ ਸਾਹਿਬ, ਇਹ ਪੰਜਾਬ ਦੇ ਉਹ ਕਸਬੇ ਹਨ ਜਿਹੜੇ ਇਨ੍ਹੀਂ ਦਿਨੀਂ ਤਰਦੇ ਦਿਸ ਰਹੇ ਹਨ। ਇਨ੍ਹਾਂ 'ਤੇ ਕਈ ਆਨਲਾਈਨ ਚੁਟਕਲੇ ਜਾਂ ਵਿਅੰਗ ਵੀ ਬਣ ਰਹੇ ਹਨ; ਇਨ੍ਹਾਂ ਵਿਚੋਂ ਇਕ 'ਉਡਦਾ ਪੰਜਾਬ' ਨਾਲ ਰਲਦਾ-ਮਿਲਦਾ 'ਭਿੱਜਦਾ ਪੰਜਾਬ' ਹੈ। ਫ਼ਿਰੋਜ਼ਪੁਰ ਖੇਤਰ ਵਿੱਚ ਹੜ੍ਹ ਇੰਨਾ ਜ਼ਿਆਦਾ ਹੈ ਕਿ ਇਸ ਨੇ ਰੈਡਕਲਿਫ ਲਾਈਨ 'ਤੇ ਜਾਣੇ-ਪਛਾਣੇ ਚਿੰਨ੍ਹਾਂ ਨੂੰ ਵੀ ਮਿਟਾ ਦਿੱਤਾ ਹੈ। ਭਾਰਤ ਨੂੰ ਪਾਕਿਸਤਾਨ ਤੋਂ ਵੱਖ ਕਰਦੀ ਸਰਹੱਦੀ ਤਾਰ ਦੇ ਕੁਝ ਹਿੱਸੇ ਡੁੱਬ ਗਏ ਹਨ। ਜਿੱਥੇ ਤੱਕ ਵੀ ਨਿਗ੍ਹਾ ਜਾਂਦੀ ਹੈ, ਪਾਣੀ ਤੇ ਜ਼ਮੀਨ ਆਕਾਸ਼ ਨਾਲ ਇੱਕ ਹੁੰਦੇ ਦਿਖਦੇ ਹਨ। ਇਹ ਇੰਝ ਹੈ, ਜਿਵੇਂ ਇਤਿਹਾਸ ਤੋਂ ਭੂਗੋਲ ਆਪਣਾ ਬਦਲਾ ਲੈ ਰਿਹਾ ਹੋਵੇ।

ਇਸ ਦੌਰਾਨ ਗੁੱਸੇ ਦੀ ਥਾਂ ਵਿਹਾਰਕ ਸਮਝ ਤੋਂ ਕੰਮ ਲਿਆ ਜਾ ਰਿਹਾ ਹੈ। ਭਾਰਤ ਨੇ ਆਈਡਬਲਿਊਟੀ ਨੂੰ ਮੁਅੱਤਲ ਕਰ ਦਿੱਤਾ ਹੋ ਸਕਦਾ ਹੈ, ਪਰ ਇਹ ਇਸਲਾਮਾ-ਬਾਦ ਵਿੱਚ ਆਪਣੇ ਹਾਈ ਕਮਿਸ਼ਨ ਰਾਹੀਂ ਪਾਕਿਸਤਾਨ ਨੂੰ ਪਾਣੀ ਦੀ ਜਾਣਕਾਰੀ ਭੇਜ ਰਿਹਾ ਹੈ। ਇਹ ਇਸ ਲਈ ਹੈ ਕਿਉਂਕਿ ਭਾਰਤ ਉਤਾਂਹ ਦੇ ਤਟਵਰਤੀ ਦੇਸ਼ ਵਜੋਂ ਆਪਣੀ ਜ਼ਿੰਮੇਵਾਰੀ ਸਮਝਦਾ ਹੈ; ਕਲਪਨਾ ਕਰੋ ਕਿ ਚੀਨ ਜੋ ਬ੍ਰਹਮਪੁੱਤਰ ਦੇ ਮਾਮਲੇ ਵਿੱਚ ਉਤਲਾ ਰਾਇਪੇਰੀਅਨ ਮੁਲਕ ਹੈ ਤੇ ਜਿਹੜਾ ਤਿੱਬਤ 'ਚ ਯਾਰਲੁੰਗ ਸਾਂਗਪੋ ਤੋਂ ਨਿਕਲਦਾ ਹੈ, ਜੇ ਉਹ ਹੇਠਲੇ ਰਾਇਪੇਰੀਅਨ ਮੁਲਕ ਭਾਰਤ ਨੂੰ ਪਾਣੀ ਦੀ ਜਾਣਕਾਰੀ ਨਾ ਦੇਵੇ ਤਾਂ ਕੀ ਹੋਵੇਗਾ? ਸੋਚ ਕੇ ਹੀ ਕੰਬਣੀ ਛਿੜਦੀ ਹੈ।

ਕਿਸੇ ਵੀ ਸੂਰਤ ਵਿੱਚ, ਜੰਮੂ ਕਸ਼ਮੀਰ ਵਿੱਚ ਚਨਾਬ ਅਤੇ ਜਿਹਲਮ ਤੋਂ ਇੰਨਾ ਪਾਣੀ ਵਗਦਾ ਹੈ, ਖ਼ਾਸ ਕਰ ਕੇ ਮੌਨਸੂਨ ਦੌਰਾਨ, ਸਾਲਾਨਾ 13162 ਕਰੋੜ ਏਕੜ ਫੁੱਟ (ਐੱਮਏਐੱਫ), ਕਿ ਦਰਿਆਵਾਂ ਦੇ ਰਾਹ 'ਚ ਉਸਰੇ ਬਗਲੀਹਾਰ ਤੇ ਕਿਸ਼ਨਗੰਗਾ ਡੈਮਾਂ ਕੋਲ ਪਾਕਿਸਤਾਨ ਵੱਲ ਨੂੰ ਪਾਣੀ ਵਗਣ ਦੇਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਇਸ ਲਈ ਸਿੰਧੂ ਜਲ ਸੰਧੀ (ਆਈਡਬਲਿਊਟੀ) ਨੂੰ ਮੁਅੱਤਲ ਕਰਨਾ ਜਾਂ ਰੱਦ ਕਰਨਾ ਜ਼ਮੀਨੀ ਪੱਧਰ 'ਤੇ ਬਹੁਤਾ ਮਾਇਨੇ ਨਹੀਂ ਰੱਖਦਾ। ਪਾਣੀ, ਜਿਵੇਂ ਇਸ ਦੀ ਮਰਜ਼ੀ ਹੈ, ਪਹਾੜਾਂ ਤੋਂ ਸਮੁੰਦਰ ਵੱਲ ਵਗਦਾ ਰਹੇਗਾ। ਇਸ ਕੇਸ 'ਚ ਪਹਾੜ ਹਿਮਾਲਿਆ ਪਰਬਤ ਹਨ ਅਤੇ ਸਮੁੰਦਰ, ਅਰਬ ਸਾਗਰ। ਪਾਣੀ ਨਕਸ਼ਿਆਂ ਅਤੇ ਸੰਧੀਆਂ ਤੇ ਸਮਝੌਤਿਆਂ ਦੀ ਪਰਵਾਹ ਨਹੀਂ ਕਰਦਾ। ਇਹ ਆਪਣਾ ਰਾਹ ਤਲਾਸ਼ ਹੀ ਲਵੇਗਾ।

ਹਾਲਾਂਕਿ, ਇਸ ਵਿਆਪਕ ਦ੍ਰਿਸ਼ਟੀਕੋਣ 'ਚ ਇਕ ਵੱਡੇ ਸਵਾਲ ਨੇ ਆਪਣੇ ਲਈ ਕਿਸੇ ਤਰ੍ਹਾਂ ਜਗ੍ਹਾ ਬਣਾ ਲਈ ਹੈ, ਉਹ ਸਵਾਲ ਹੈ ਡੈਮ ਦੇ ਭੰਡਾਰ, ਅਧਿਕਾਰ ਅਤੇ ਜ਼ਿੰਮੇਵਾਰੀਆਂ। ਊਧਮਪੁਰ ਦੇ ਸੰਸਦ ਮੈਂਬਰ ਅਤੇ ਰਸੂਖ਼ਵਾਨ ਜੂਨੀਅਰ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਕਿਹਾ ਹੈ ਕਿ ਆਈਡਬਲਿਊਟੀ ਕਾਰਨ ਭਾਰਤ ਆਪਣੀਆਂ ਪੱਛਮੀ ਨਦੀਆਂ (ਚਨਾਬ, ਜਿਹਲਮ) 'ਤੇ ਬਣੇ ਡੈਮਾਂ ਦੀ ਡੀਸਿਲਟਿੰਗ (ਗਾਰ ਕੱਢਣ) ਨਹੀਂ ਕਰ ਸਕਿਆ ਹੈ ਪਰ ਸੰਧੀ ਨੂੰ ਧਿਆਨ ਨਾਲ ਪੜ੍ਹੋ- ਕੇਂਦਰੀ ਮੰਤਰੀ ਦਾ ਤਰਕ ਸਿਰਫ਼ ਅੰਸ਼ਕ ਤੌਰ 'ਤੇ ਸਹੀ ਹੈ, ਕਿਉਂਕਿ ਆਈ ਡਬਲਿਊ ਟੀ ਸਿਰਫ਼ ਮੌਨਸੂਨ ਦੌਰਾਨ ਗਾਰ ਕੱਢਣ 'ਤੇ ਪਾਬੰਦੀ ਲਗਾਉਂਦਾ ਹੈ; ਭਾਰਤ ਕਿਸੇ ਵੀ ਹੋਰ ਸਮੇਂ ਡੀਸਿਲਟਿੰਗ ਕਰਨ ਲਈ ਸੁਤੰਤਰ ਹੈ। ਇਸ ਤੋਂ ਇਲਾਵਾ, ਸੰਧੀ ਪੂਰਬੀ ਨਦੀਆਂ (ਸਤਲੁਜ, ਰਾਵੀ ਤੇ ਬਿਆਸ) 'ਤੇ ਡੈਮਾਂ ਦੀ ਡੀ-ਸਿਲਟਿੰਗ ਬਾਰੇ ਕੁਝ ਨਹੀਂ ਕਹਿੰਦੀ, ਤੇ ਜਿਵੇਂ ਮੇਰੇ ਸਹਿਕਰਮੀ ਲਲਿਤ ਮੋਹਨ ਵੀ 'ਦਿ ਟ੍ਰਿਬਿਊਨ' ਲਈ ਰੋਪੜ ਤੋਂ ਰਿਪੋਰਟ ਕਰਦੇ ਹਨ ਕਿ ਭਾਖੜਾ ਨੰਗਲ ਡੈਮ ਦੀ ਸਮਰੱਥਾ ਦਹਾਕਿਆਂ ਤੋਂ ਗਾਰ ਇਕੱਠੇ ਹੋਣ ਕਾਰਨ 19 ਪ੍ਰਤੀਸ਼ਤ ਘਟ ਗਈ ਹੈ। ਅਸਲ ਵਿੱਚ, ਵੱਡੀ ਖ਼ਬਰ ਇਹ ਹੈ ਕਿ ਭਾਖੜਾ ਡੈਮ ਨੂੰ 1963 ਵਿੱਚ ਬਣਾਏ ਜਾਣ ਤੋਂ ਬਾਅਦ ਕਦੇ ਵੀ 'ਡੀਸਿਲਟ' (ਗਾਰ ਕੱਢਣਾ) ਨਹੀਂ ਕੀਤਾ ਗਿਆ ਹੈ। ਜੇ ਸਤਲੁਜ 'ਤੇ ਬਣੇ ਭਾਖੜਾ ਨੰਗਲ 'ਚ ਸਚਮੁੱਚ ਅਜਿਹਾ ਹੋਇਆ ਹੈ ਤਾਂ ਕੀ ਇਹ ਬਿਆਸ ਤੇ ਰਾਵੀ ਦਰਿਆਵਾਂ 'ਤੇ ਉਸਰੇ ਪੌਂਗ ਅਤੇ ਰਣਜੀਤ ਸਾਗਰ ਡੈਮਾਂ ਬਾਰੇ ਵੀ ਸੱਚ ਹੋ ਸਕਦਾ ਹੈ? ਤੇ ਜੇ ਇਹ ਤਿੰਨਾਂ ਲਈ ਸੱਚ ਹੈ ਤਾਂ ਕੀ ਇਸ ਦਾ ਨਤੀਜਾ ਇਹ ਹੈ ਕਿ ਡੈਮ ਅਧਿਕਾਰੀਆਂ ਨੂੰ ਇਸ ਮੌਨਸੂਨ 'ਚ ਇਨ੍ਹਾਂ ਡੈਮਾਂ ਤੋਂ ਪਾਣੀ ਛੱਡਣ ਲਈ ਮਜਬੂਰ ਹੋਣਾ ਪਿਆ ਜਿਸ ਨਾਲ ਪੰਜਾਬ ਵਿੱਚ ਹੜ੍ਹ ਆਏ- ਕਿਉਂਕਿ ਉਹ ਡੈਮ ਦੇ ਢਾਂਚੇ ਨੂੰ ਸੁਰੱਖਿਅਤ ਰੱਖਣ ਬਾਰੇ ਚਿੰਤਤ ਸਨ?

ਚਲੋ ਵਰਜਿਤ ਸਵਾਲ ਪੁੱਛੀਏ: ਜੇ ਇਨ੍ਹਾਂ ਡੈਮਾਂ ਵਿਚੋਂ ਸਾਲਾਂ ਦੌਰਾਨ ਗਾਰ ਕੱਢੀ ਗਈ ਹੁੰਦੀ ਤਾਂ ਕੀ ਇਹ ਵੱਧ ਪਾਣੀ ਰੋਕਣ ਦੇ ਸਮਰੱਥ ਹੁੰਦੇ, ਖਾਸ ਕਰ ਕੇ ਅਜਿਹੇ ਸਮੇਂ ਵਿੱਚ ਜਦੋਂ ਆਮ ਨਾਲੋਂ ਵੱਧ ਮੀਂਹ ਪਏ ਹੋਣ ਜਿਵੇਂ ਇਸ ਮੌਨਸੂਨ ਵਿੱਚ ਹੋਇਆ ਹੈ? ਭਾਵ, ਕੀ ਪੰਜਾਬ ਦੇ ਪਿੰਡਾਂ ਦੇ ਨਿਆਰੇ ਅਤੇ ਜਾਨਦਾਰ ਲੋਕ ਆਪਣੇ ਘਰਾਂ 'ਚ ਭਿੱਜਣ ਤੋਂ ਬਚੇ ਰਹਿੰਦੇ?

ਸ਼ਾਇਦ ਇਹ ਲੋਕਾਂ ਬਾਰੇ ਸਭ ਤੋਂ ਵੱਧ ਸੋਚਣ, ਕੁਦਰਤ ਨਾਲ ਕੋਮਲਤਾ ਵਰਤਣ ਅਤੇ ਸੰਵੇਦਨਸ਼ੀਲਤਾ ਰੱਖਣ ਦਾ ਸਮਾਂ ਹੈ, ਰਾਜਨੀਤੀ ਤੋਂ ਇਸ ਨੂੰ ਐਨ ਪਾਸੇ ਕਰ ਕੇ। ਰਾਜ ਘਰਾਣਿਆਂ ਅਤੇ ਸਾਮਰਾਜਾਂ ਦਾ ਉਭਾਰ ਤੇ ਪਤਨ, ਨਕਸ਼ਿਆਂ ਦਾ ਬਦਲ ਜਾਣਾ, ਕੁਦਰਤ ਦੇ ਆਪਣੇ ਨਿਯਮ ਹਨ, ਜਿਨ੍ਹਾਂ ਦਾ ਉਹ ਪਾਲਣ ਕਰਦੀ ਹੈ। ਆ ਅਸੀਂ ਉਨ੍ਹਾਂ ਦਾ ਸਤਿਕਾਰ ਕਰੀਏ।

# ਪੰਜਾਬ ਦੀਆਂ ਉਪਜਾਊ ਜ਼ਮੀਨ ਉਪਰ ਵਿਛੀ ਗਾਰ ਬਣੀ ਵੱਡੀ ਸਮੱਸਿਆ

ਡਾ. ਮਿਲਖਾ ਸਿੰਘ ਔਲਖ, ਡਾ. ਕਾਬਲ ਸਿੰਘ ਗਿੱਲ

ਪੰਜਾਬ ਵਿੱਚ 2025 ਦੇ ਹੜ੍ਹਾਂ ਨੇ 20 ਜ਼ਿਲ੍ਹਿਆਂ ਦੇ 2100 ਤੋਂ ਵੱਧ ਪਿੰਡਾਂ ਦੀ ਲੱਖਾਂ ਏਕੜ ਜ਼ਮੀਨ ਵਿੱਚ ਫ਼ਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ ਅਤੇ ਇਸ ਵਿੱਚੋਂ ਬਹੁਤ ਵੱਡੇ ਹਿੱਸੇ ਦੀ ਉਪਜਾਊ ਜ਼ਮੀਨ ਉਪਰ ਗਾਰ (ਰੇਤ, ਭਲ ਤੇ ਕੁਝ ਮਿੱਟੀ ਦਾ ਮਿਸ਼ਰਨ) ਵਿਛਾ ਦਿੱਤੀ ਹੈ। ਇਸ ਗਾਰ ਦੀ ਤਹਿ ਕੁਝ ਸੈਂਟੀਮੀਟਰ ਤੋਂ ਕਈ ਮੀਟਰ ਮੋਟੀ ਹੋਣ ਦੇ ਨਾਲ ਖੇਤਾਂ ਨੂੰ ਉੱਚਾ ਨੀਵਾਂ ਕਰ ਦਿੱਤਾ ਹੈ, ਜਿਸ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਹੋਇਆ ਹੈ। ਧਰਤੀ ਉਪਰ ਕੁਦਰਤ ਵੱਲੋਂ ਬਣੀ ਤਹਿ, ਜੋ 2 ਮਿਲੀਮੀਟਰ ਤੋਂ ਛੋਟੇ ਕਣਾਂ (ਰੇਤ, ਭਲ (ਸਿਲਟ) ਤੇ ਚੀਕਣਾ ਮਾਦਾ), ਖਣਿਜ, ਜੈਵਿਕ ਪਦਾਰਥਾਂ ਤੇ ਸੂਖਮ ਜੀਵਾਂ ਦਾ ਸੁਮੇਲ ਹੋਵੇ, ਉਹ ਉਪਜਾਊ ਜ਼ਮੀਨ ਬਣਦੀ ਹੈ। ਇਸ ਵਿੱਚ ਪੌਦਿਆਂ ਵਾਸਤੇ ਲੋੜੀਂਦੇ ਪੌਸ਼ਟਿਕ ਤੱਤ, ਪਾਣੀ ਅਤੇ ਹਵਾ ਮੁਹੱਈਆ ਕਰਨ ਦੀ ਸ਼ਕਤੀ ਹੋਣੀ ਜ਼ਰੂਰੀ ਹੈ। ਉਪਜਾਊ ਜ਼ਮੀਨ ਜ਼ਰੂਰੀ ਪੌਸਟਿਕ ਤੱਤ ਤੇ ਪਾਣੀ ਸੰਭਾਲਦੀ ਹੈ ਅਤੇ ਜੜ੍ਹਾਂ ਤੱਕ ਪਹੁੰਚਾਉਣ ਦਾ ਸਾਧਨ ਬਣਦੀ ਹੈ। ਆਮ ਕਰ ਕੇ ਖੇਤ ਦੀ 15 ਸੈਂਟੀਮੀਟਰ ਉਪਰਲੀ ਤਹਿ, ਜੋ ਹਲ ਨਾਲ ਵਾਹੀ ਜਾਂਦੀ ਹੈ, ਨੂੰ 'ਹਲ ਪਰਤ' ਕਿਹ ਜਾਂਦਾ ਹੈ। ਹਲ ਪਰਤ 'ਚ ਉਪਜਾਊ ਸ਼ਕਤੀ ਦਾ ਬਹੁਤਾ ਹਿੱਸਾ ਹੁੰਦਾ ਹੈ ਅਤੇ ਪੌਦਿਆਂ ਦੀਆਂ ਜ਼ਿਆਦਾ ਜੜ੍ਹਾਂ ਵੀ ਇਸੇ ਵਿੱਚ ਵਧਦੀਆਂ ਫੁੱਲਦੀਆਂ ਹਨ ਤੇ ਖੁਰਾਕ ਲੈਂਦੀਆਂ ਹਨ।





ਜ਼ਮੀਨ ਵਿੱਚ ਜੈਵਿਕ ਪਦਾਰਥ ਪੌਦਿਆਂ, ਸੂਖਮ ਜੀਵਾਣੂਆਂ, ਹੋਰ ਜੀਵਾਂ ਆਦਿ ਲਈ ਪੌਸ਼ਟਿਕ ਤੱਤਾਂ ਦਾ ਸੋਮਾ (ਜਿਵੇਂ ਸਾਡਾ ਮਿਹਦਾ ਖੁਰਾਕ ਦਾ) ਬਣਦਾ ਹੈ। ਨਾਲ ਹੀ ਜ਼ਮੀਨ ਦੀ ਸਿਹਤ ਸੁਧਾਰਦਾ ਹੈ ਜਿਸ ਕਾਰਨ ਪੌਸ਼ਟਿਕ ਤੱਤਾਂ ਤੇ ਪਾਣੀ ਨੂੰ ਸੰਭਾਲਣ ਦੀ ਸ਼ਕਤੀ ਵਧਾ ਕੇ ਇਨ੍ਹਾਂ ਨੂੰ ਜ਼ਿਆਦਾ ਡੂੰਘਾਈ ਵਿੱਚ ਜਾਣ ਤੋਂ ਰੋਕਦਾ ਹੈ।

ਜ਼ਮੀਨ ਪਾਣੀ ਸੋਖਣ/ਜਜ਼ਬ ਕਰਨ, ਸਾਫ਼ ਕਰਨ ਅਤੇ ਬਨਸਪਤੀ, ਜੀਵਾਂ ਤੇ ਮਨੁੱਖਤਾ ਲਈ ਲੋੜੀਂਦਾ ਪਾਣੀ ਦੇਣ ਦੀਆਂ ਪ੍ਰਕਿਰਿਆਵਾਂ ਜਾਰੀ ਰੱਖਦੀ ਹੈ। ਮੀਂਹ ਤੇ ਸਿੰਜਾਈ ਰਾਹੀਂ ਆਏ ਪਾਣੀ ਨੂੰ ਜ਼ਮੀਨ ਆਪਣੇ ਅੰਦਰ ਜਜ਼ਬ ਕਰ ਕੇ ਪਾਣੀ ਦਾ ਭੰਡਾਰ ਬਣਾ ਲੈਂਦੀ ਹੈ। ਇਹ ਪਾਣੀ ਪੌਦਿਆਂ ਦੀਆਂ ਜੜ੍ਹਾਂ ਚੂਸ ਲੈਂਦੀਆਂ ਹਨ ਤੇ ਜ਼ਮੀਨ ਵਿੱਚ ਰਹਿੰਦੇ ਜੀਵ ਵੀ ਪੀਂਦੇ ਹਨ। ਜ਼ਮੀਨ ਜੀਵਤ ਵਾਤਾਵਰਨ ਪ੍ਰਣਾਲੀ ਹੈ। ਇਸ ਵਿੱਚ 20,000 ਤੋਂ ਵੱਧ ਸੂਖਮ ਜੀਵਾਣੂਆਂ (ਬੈਕਟੀਰੀਆ, ਉੱਲੀ ਤੇ ਹੋਰ ਕਿਸਮਾਂ) ਅਤੇ ਵੱਡੇ ਅਕਾਰ ਵਾਲੇ ਕਈ ਜੀਵਾਂ (ਗੰਡੋਏ ਆਦਿ) ਦੀਆਂ ਲਾਭਦਾਇਕ ਕਿਸਮਾਂ ਰਹਿੰਦੀਆਂ ਹਨ। ਵਾਤਾਵਰਨ ਦੇ ਕੁਲ ਜੀਵਾਂ ਤੇ ਸੂਖਮ ਜੀਵਾਣੂਆਂ ਦੀਆਂ ਪ੍ਰਜਾਤੀਆਂ ਦਾ 60-75% ਅਨੁਪਾਤ ਜ਼ਮੀਨ ਵਿੱਚ ਰਹਿੰਦੀਆਂ ਹਨ। ਇਹ ਪੌਸ਼ਟਿਕ ਤੱਤਾਂ ਦੇ ਚੱਕਰ ਰਾਹੀਂ ਕੁਦਰਤ, ਖੇਤੀ, ਮਨੁੱਖਤਾ ਅਤੇ ਸਨਅਤ ਤੋਂ ਪੈਦਾ ਰਹਿੰਦ-ਖੂੰਹਦ ਨੂੰ ਗਲਣ-ਸੜਨ ਦੀ ਪ੍ਰਕਿਰਿਆ ਰਾਹੀਂ ਪੌਦਿਆਂ ਲਈ ਖੁਰਾਕ ਅਤੇ ਉਪਜਾਊ ਜ਼ਮੀਨ ਬਣਾਉਣ ਵਿੱਚ ਲੋੜੀਂਦੀ, ਅਨੋਖੀ ਤੇ ਅਤਿਅੰਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਪੌਦੇ 90 ਤੱਤ ਲੈਂਦੇ ਹਨ, ਜਿਨ੍ਹਾਂ ਵਿੱਚੋਂ 17 ਤੱਤ ਜੀਵਨ ਪੂਰਾ ਕਰਨ ਲਈ ਜ਼ਰੂਰੀ ਹਨ। ਚੌਦਾਂ (14) ਜ਼ਰੂਰੀ ਤੱਤ ਜ਼ਮੀਨ ਵਿੱਚੋਂ ਜੜ੍ਹਾਂ ਰਾਹੀਂ (ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਸਲਫਰ, ਜ਼ਿੰਕ, ਮੈਂਗਨੀਜ਼, ਲੋਹਾ, ਮੌਲੀਬਿਡਨਮ, ਬੋਰੋਨ, ਕਲੋਰਾਈਡ, ਤਾਂਬਾ ਤੇ ਨਿੱਕਲ) ਅਤੇ 3 ਜ਼ਰੂਰੀ ਤੱਤ (ਕਾਰਬਨ, ਆਕਸੀਜਨ, ਹਾਈਡਰੋਜਨ) ਹਵਾ 'ਚੋਂ ਮਿਲਦੇ ਹਨ।

### ਖੇਤਾਂ ਵਿੱਚ ਵਿਛੀ ਗਾਰ ਦੇ ਨੁਕਸਾਨ

ਗਾਰ ਵਿੱਚ ਕੁਝ ਪੌਸ਼ਟਿਕ ਤੱਤ ਥੋੜ੍ਹੀ ਬਹੁਤ ਮਾਤਰਾ ਵਿੱਚ ਮੌਜੂਦ ਹੋ ਸਕਦੇ ਹਨ ਪਰ ਉਪਜਾਊ ਜ਼ਮੀਨ ਦੀਆਂ ਬਾਕੀ ਵਿਸ਼ੇਸ਼ਤਾਵਾਂ ਨਾ ਹੋਣ ਕਰ ਕੇ ਇਸ ਵਿੱਚ ਪੌਦੇ ਵਧ-ਫੁਲ ਨਹੀਂ ਸਕਦੇ। ਇਸ ਗਾਰ ਦੀ ਤਹਿ ਵੱਧ ਘੱਟ ਮੋਟੀ ਹੋਣ ਕਰ ਕੇ ਖੇਤ ਦਾ ਪੱਧਰ ਉਚਾ ਨੀਵਾਂ ਹੋ ਜਾਂਦਾ ਹੈ, ਜਿਸ ਕਾਰਨ ਵਹਾਈ ਅਤੇ ਫ਼ਸਲਾਂ ਦੀ ਬਿਜਾਈ, ਸਿੰਜਾਈ, ਪਾਲਣ, ਕਟਾਈ ਆਦਿ ਮੁਸ਼ਕਿਲ ਹੋ ਸਕਦੀ ਹੈ।

ਗਾਰ ਵਿੱਚ ਜੈਵਿਕ ਪਦਾਰਥ ਨਹੀਂ ਹੁੰਦੇ। ਇਨ੍ਹਾਂ ਦੇ ਬਣਨ ਲਈ ਫ਼ਸਲਾਂ ਦੀ ਰਹਿੰਦ-ਖੂੰਹਦ, ਪਸ਼ੂਆਂ ਦਾ ਮਲ-ਮੂਤਰ, ਰੂੜੀ ਆਦਿ ਪਾ ਕੇ ਇਸ ਦਾ ਘਾਟਾ ਪੂਰਾ ਕਰਨ ਵਿੱਚ ਕੁਝ ਸਾਲ ਲੱਗ ਸਕਦੇ ਹਨ। ਨਾਲ ਹੀ, ਗਾਰ ਵਿੱਚ ਲਾਭਦਾਇਕ ਜੀਵਾਣੂਆਂ ਤੇ ਵੱਡੇ ਜੀਵਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੋਣ ਕਰ ਕੇ ਇਨ੍ਹਾਂ ਦੀ ਗਿਣਤੀ ਤੇ ਵਿਭਿੰਨਤਾ ਵਧਣ ਲਈ ਕਈ ਸਾਲ ਲੱਗ ਸਕਦੇ ਹਨ। ਗਾਰ ਦੀ ਪਾਣੀ ਜਜ਼ਬ ਕਰਨ ਦੀ ਸਮਰੱਥਾ ਨਾਂਹ ਦੇ ਬਰਾਬਰ ਹੈ। ਨਤੀਜੇ ਵਜੋਂ ਕਈ ਸਾਲ ਫ਼ਸਲਾਂ ਦਾ ਝਾੜ ਘੱਟ ਰਹਿਣ ਦਾ ਖ਼ਦਸ਼ਾ ਹੋਵੇਗਾ। ਕਈ ਵਾਰ ਹੜ੍ਹ ਦਾ ਤੇਜ਼ ਵਹਾਅ ਖੇਤਾਂ ਵਿੱਚ ਡੂੰਘੇ ਟੋਏ ਵੀ ਪਾ ਦਿੰਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਭਰਨ ਤੋਂ ਬਿਨਾਂ ਫ਼ਸਲ ਨਹੀਂ ਉਗਾਈ ਜਾ ਸਕਦੀ।

### ਹੜ੍ਹਾਂ ਨਾਲ ਵਿਛੀ ਗਾਰ ਦੇ ਕਾਰਗਰ ਹੱਲ

ਜੇਕਰ ਗਾਰ ਦੀ ਤਹਿ 10 ਸੈਂਟੀਮੀਟਰ ਤੱਕ ਹੋਵੇ ਤਾਂ ਇਸ ਨੂੰ ਕਰਾਹੇ ਨਾਲ ਪੱਧਰ ਕਰ ਕੇ 2-3 ਵਾਰ

(ਬਾਕੀ ਅਗਲੇ ਸਫੇ 'ਤੇ)

# ਮਾਈਗ੍ਰੇਨ ਔਰਤਾਂ ਨੂੰ ਸਭ ਤੋਂ ਵੱਧ ਕਿਉਂ ਪ੍ਰਭਾਵਿਤ ਕਰਦਾ ਹੈ?

ਮਾਈਗ੍ਰੇਨ ਦਾ ਅਰਥ ਹੈ ਸਿਰ ਵਿੱਚ ਤੇਜ਼ ਦਰਦ... ਅਤੇ ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਦੁਨੀਆ ਦੇ ਲਗਭਗ ਇੱਕ ਅਰਬ ਲੋਕ ਇਸ ਤੋਂ ਪੀੜਤ ਹਨ। ਇਹ ਇੱਕ ਅਜਿਹੀ ਬਿਮਾਰੀ ਹੈ ਜਿਸ ਕਾਰਨ ਸਿਰ ਦਰਦ ਇੰਨਾ ਤੇਜ਼ ਹੁੰਦਾ ਹੈ ਕਿ ਰੋਜ਼ਾਨਾ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ। ਅਮਰੀਕਾ ਦੇ ਸਕਾਟਸਡੇਲ ਵਿੱਚ ਮੇ ਕਲੀਨਿਕ ਦੇ ਨਿਊਰੋਲੋਜਿਸਟ ਡਾ। ਅਮਲ ਸਟਾਰਲਿੰਗ ਦਾ ਕਹਿਣਾ ਹੈ ਕਿ ਮਾਈਗ੍ਰੇਨ ਸਿਰਫ਼ ਸਿਰ ਦਰਦ ਨਹੀਂ ਹੈ, ਸਗੋਂ ਇਹ ਦਿਮਾਗ ਦੇ ਕੰਮ ਕਰਨ ਦੇ ਸਾਰੇ ਤਰੀਕਿਆਂ ਨੂੰ ਪ੍ਰਭਾਵਿਤ ਕਰਦਾ ਹੈ। ਉਹ ਕਹਿੰਦੀ ਹੈ, "ਜਿਸ ਵਿਅਕਤੀ ਨੂੰ ਮਾਈਗ੍ਰੇਨ ਦਾ ਦੌਰਾ ਪੈਂਦਾ ਹੈ, ਉਸ ਦਾ ਇਲਾਜ ਸਿਰਫ਼ ਐਸਪਰੀਨ ਲੈਣ ਨਾਲ ਨਹੀਂ ਹੁੰਦਾ। ਦੌਰੇ ਦੌਰਾਨ, ਦਰਦ ਇੰਨਾ ਵੱਧ ਜਾਂਦਾ ਹੈ ਕਿ ਦਿਮਾਗ ਦੀ ਕੰਮ ਕਰਨ ਦੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ।"

**1. ਔਰਤਾਂ ਦੀਆਂ ਸਮੱਸਿਆਵਾਂ ਦਾ ਇੱਕ ਵੱਡਾ ਕਾਰਨ ਮਾਈਗ੍ਰੇਨ**

ਇੱਕ ਖੋਜ ਦੇ ਅਨੁਸਾਰ, 15 ਤੋਂ 49 ਸਾਲ ਦੀ ਉਮਰ ਦੀਆਂ ਔਰਤਾਂ ਵਿੱਚ ਦਿਮਾਗ਼ੀ ਸਮੱਸਿਆਵਾਂ ਦੇ ਸਭ ਤੋਂ ਵੱਡੇ ਕਾਰਨਾਂ ਵਿੱਚੋਂ ਇੱਕ ਮਾਈਗ੍ਰੇਨ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਇਸ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ। ਚਾਰ ਵਿੱਚੋਂ ਤਿੰਨ ਮਰੀਜ਼ ਔਰਤਾਂ ਹੁੰਦੀਆਂ ਹਨ। ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ ਦੇ ਸੀਨੀਅਰ ਪ੍ਰੋਫੈਸਰ ਅਤੇ ਨਿਊਰੋਲੋਜੀ ਵਿਭਾਗ ਦੇ ਮੁਖੀ ਡਾ. ਭਾਵਨਾ ਸ਼ਰਮਾ ਦਾ ਕਹਿਣਾ ਹੈ, "ਹਾਰਮੋਨਲ ਬਦਲਾਅ ਦਾ ਮਾਈਗ੍ਰੇਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਇਹ ਬਦਲਾਅ ਸਭ ਤੋਂ ਵੱਧ ਔਰਤਾਂ ਵਿੱਚ ਪਾਏ ਜਾਂਦੇ ਹਨ।" ਉਹ ਕਹਿੰਦੀ ਹੈ, "ਇਸਦਾ ਇੱਕ ਕਾਰਨ ਇਹ ਹੈ ਕਿ ਔਰਤਾਂ ਦੋਹਰੀ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਨੂੰ ਘਰ ਅਤੇ ਦਫ਼ਤਰ ਵਿਚਕਾਰ ਘੱਟ ਆਰਾਮ ਦਾ ਸਮਾਂ ਮਿਲ ਰਿਹਾ ਹੈ। ਇਸ ਕਾਰਨ ਉਨ੍ਹਾਂ ਨੂੰ ਲੋੜੀਂਦੀ ਨੀਂਦ ਨਹੀਂ ਮਿਲ ਰਹੀ ਹੈ ਅਤੇ ਇਸ ਤੋਂ ਪੈਦਾ ਹੋਣ ਵਾਲਾ ਤਣਾਅ ਵੀ ਮਾਈਗ੍ਰੇਨ ਨੂੰ ਟ੍ਰਿਗਰ ਕਰ ਰਿਹਾ ਹੈ।" ਉਨ੍ਹਾਂ ਦਾ ਕਹਿਣਾ ਹੈ ਕਿ ਨੀਂਦ ਦੀ ਘਾਟ ਅਤੇ ਤਣਾਅ ਕਾਰਨ ਮਾਈਗ੍ਰੇਨ ਦੀ ਸਮੱਸਿਆ ਲਗਾਤਾਰ ਹੋ ਸਕਦੀ ਹੈ। ਇਸ ਕਾਰਨ ਮਰੀਜ਼ ਦੀ ਕੰਮ ਕਰਨ ਦੀ ਸਮਰੱਥਾ ਵੀ ਪ੍ਰਭਾਵਿਤ ਹੁੰਦੀ ਹੈ। ਡਾ. ਸ਼ਰਮਾ ਦਾ ਕਹਿਣਾ ਹੈ, "ਦੌਰੇ ਦੇ ਆਖਰੀ ਪੜਾਅ ਵਿੱਚ, ਦਿਮਾਗ ਨੂੰ ਧੁੰਦਲਾ ਜਿਹਾ ਮਹਿਸੂਸ ਹੁੰਦਾ ਹੈ ਅਤੇ ਬਹੁਤ ਜ਼ਿਆਦਾ ਥਕਾਵਟ ਹੁੰਦੀ ਹੈ। ਇਹ ਸਥਿਤੀ ਇੰਨੀ ਦਰਦਨਾਕ ਹੁੰਦੀ ਹੈ ਕਿ ਮਰੀਜ਼ ਹਮੇਸ਼ਾ ਚਿੰਤਤ ਰਹਿੰਦੇ ਹਨ ਕਿ ਅਗਲਾ ਦੌਰਾ ਕਦੋਂ ਵੀ ਪੈ ਸਕਦਾ ਹੈ।" ਇਸ ਡਰ ਕਾਰਨ, ਉਨ੍ਹਾਂ ਕੋਲੋਂ ਕੰਮ ਨੂੰ ਲੈ ਕੇ ਚੀਜ਼ਾਂ ਪਲਾਨ ਨਹੀਂ ਹੁੰਦੀਆਂ ਕਿ ਉਹ ਅਗਲੇ ਦਿਨ ਜਾਂ ਕੁਝ ਦਿਨਾਂ ਬਾਅਦ ਕਿਵੇਂ ਕੰਮ ਕਰਨਗੇ ਜਾਂ ਬਾਹਰ ਜਾਣਗੇ।



**2. ਮਾਈਗ੍ਰੇਨ ਦੇ ਲੱਛਣ**

ਮਾਈਗ੍ਰੇਨ ਦੇ ਹਮਲੇ ਦੇ ਲੱਛਣ ਕਈ ਪੜਾਵਾਂ ਵਿੱਚ ਆਉਂਦੇ ਹਨ। ਡਾ. ਅਮਲ ਸਟਾਰਲਿੰਗ ਨੇ ਕਿਹਾ, "ਮਾਈਗ੍ਰੇਨ ਦੇ ਹਮਲੇ ਦੇ ਪਹਿਲੇ ਪੜਾਅ ਵਿੱਚ ਕੁਝ ਨਾ ਕੁਝ ਖਾਣ ਦੀ ਇੱਛਾ ਹੁੰਦੀ ਹੈ ਜਾਂ ਚਿੜਚਿੜਾਪਣ ਹੁੰਦਾ ਹੈ। ਬਹੁਤ ਜ਼ਿਆਦਾ ਥਕਾਵਟ ਹੁੰਦੀ ਹੈ, ਉਬਾਸੀਆਂ ਆਉਂਦੀਆਂ ਹਨ ਅਤੇ ਗਰਦਨ ਵਿੱਚ ਦਰਦ ਸ਼ੁਰੂ ਹੋ ਜਾਂਦਾ ਹੈ।" "ਪਹਿਲੇ ਪੜਾਅ ਤੋਂ ਕੁਝ ਘੰਟਿਆਂ ਬਾਅਦ ਤੇਜ਼ ਸਿਰ ਦਰਦ ਸ਼ੁਰੂ ਹੋ ਜਾਂਦਾ ਹੈ। ਤੇਜ਼ ਸਿਰ ਦਰਦ ਦੌਰਾਨ, ਰੌਸ਼ਨੀ ਤੇਜ਼ ਲੱਗਦੀ ਹੈ, ਸਰੀਰ ਵਿੱਚ ਝਰਨਾਹਟ ਮਹਿਸੂਸ ਹੁੰਦੀ ਹੈ ਅਤੇ ਸੁੰਘਣ ਦੀ ਸੰਵੇਦਨਾ ਪ੍ਰਭਾਵਿਤ ਹੁੰਦੀ ਹੈ। ਜੀਅ ਕੱਚਾ ਹੋਣਾ ਸ਼ੁਰੂ ਹੋ ਜਾਂਦਾ ਹੈ।" ਸਟਾਰਲਿੰਗ ਕਹਿੰਦੀ ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਸਾਰੇ ਮਰੀਜ਼ਾਂ ਵਿੱਚ ਇਹ ਸਾਰੇ ਲੱਛਣ ਹੋਣ। ਕੁਝ ਲੋਕਾਂ ਨੂੰ ਇਨ੍ਹਾਂ ਵਿੱਚੋਂ ਕੁਝ ਲੱਛਣ ਹੀ ਦਿਖਾਈ ਦਿੰਦੇ ਹਨ। ਮਾਈਗ੍ਰੇਨ ਦੇ ਲੱਛਣਾਂ ਬਾਰੇ ਹੋਰ ਵੀ ਬਹੁਤ ਸਾਰੀਆਂ ਗ਼ਲਤ ਧਾਰਨਾਵਾਂ ਹਨ। ਕਈ ਵਾਰ ਲੋਕ ਗਰਦਨ ਜਾਂ ਸਾਈਨਸ ਕਾਰਨ ਹੋਣ ਵਾਲੇ ਸਿਰ ਦਰਦ ਅਤੇ ਮਾਈਗ੍ਰੇਨ ਵਿੱਚ ਫਰਕ ਨਹੀਂ ਸਮਝਦੇ।

ਡਾ. ਅਮਲ ਸਟਾਰਲਿੰਗ ਦੇ ਅਨੁਸਾਰ, "ਕਈ ਵਾਰ ਮਰੀਜ਼ਾਂ ਵਿੱਚ ਮਾਈਗ੍ਰੇਨ ਦੇ ਲੱਛਣ ਸਪੱਸ਼ਟ ਅਤੇ ਤੀਬਰ ਨਹੀਂ ਹੁੰਦੇ। ਪਰ ਚੱਕਰ ਆਉਣਾ ਮਾਈਗ੍ਰੇਨ ਦਾ ਇੱਕ ਸਥਾਈ ਅਤੇ ਮੁੱਖ ਲੱਛਣ ਹੈ। ਆਮ ਤੌਰ 'ਤੇ ਕੁਝ ਲੋਕਾਂ ਨੂੰ ਲੱਗਦਾ ਹੈ ਕਿ ਇਹ ਕੰਨ ਵਿੱਚ ਸਮੱਸਿਆ ਕਾਰਨ ਹੋ ਰਿਹਾ ਹੈ। ਪਰ ਕੰਨ ਦੀ ਜਾਂਚ ਕਰਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਸ ਵਿੱਚ ਕੋਈ ਸਮੱਸਿਆ ਨਹੀਂ ਹੈ।" "ਅਸਲ ਵਿੱਚ ਸਮੱਸਿਆ ਇਹ ਹੈ ਕਿ ਜਦੋਂ ਕੰਨ ਦਿਮਾਗ ਨੂੰ ਸਿਗਨਲ ਭੇਜਦਾ ਹੈ, ਤਾਂ ਮਾਈਗ੍ਰੇਨ ਤੋਂ ਪ੍ਰਭਾਵਿਤ ਦਿਮਾਗ ਇਸਨੂੰ ਸਹੀ ਢੰਗ ਨਾਲ ਪ੍ਰਕਿਰਿਆ ਕਰਨ ਦੇ ਯੋਗ ਨਹੀਂ ਹੁੰਦਾ, ਜਿਸ ਕਾਰਨ ਸਰੀਰ ਦਾ ਸੰਤੁਲਨ ਅਸਥਿਰ ਹੋ ਜਾਂਦਾ ਹੈ ਜਾਂ ਸਿਰ ਚਕਰਾਉਣਾ ਸ਼ੁਰੂ ਹੋ ਜਾਂਦਾ ਹੈ।" "ਜੇਕਰ ਸਮੇਂ ਸਿਰ ਮਾਈਗ੍ਰੇਨ ਦੀ ਪਛਾਣ ਅਤੇ ਇਲਾਜ ਨਾ ਕੀਤਾ ਜਾਵੇ, ਤਾਂ ਸਥਿਤੀ ਵਿਗੜ ਸਕਦੀ ਹੈ ਅਤੇ ਮਾਈਗ੍ਰੇਨ ਕ੍ਰੋਨਿਕ (ਪੁਰਾਣੀ) ਮਾਈਗ੍ਰੇਨ ਵਿੱਚ ਬਦਲ ਸਕਦਾ ਹੈ। ਦੂਜਾ, ਹਰ ਮਰੀਜ਼ ਨੂੰ ਇੱਕ ਵੱਖਰੀ ਕਿਸਮ ਦਾ ਮਾਈਗ੍ਰੇਨ ਹੋ ਸਕਦਾ ਹੈ।"

**3. ਮਾਈਗ੍ਰੇਨ ਦੌਰਾਨ ਸਰੀਰ ਵਿੱਚ ਕੀ ਹੁੰਦਾ ਹੈ?**

ਡਾ. ਭਾਵਨਾ ਸ਼ਰਮਾ ਦੱਸਦੀ ਹੈ ਕਿ ਦਰਅਸਲ, ਮਾਈਗ੍ਰੇਨ ਦੌਰਾਨ, ਦਿਮਾਗ ਅਤੇ ਗਰਦਨ ਤੋਂ ਆਉਣ ਵਾਲੇ ਸਿਗਨਲ ਵਿਗੜ ਜਾਂਦੇ ਹਨ। ਇਸ ਕਾਰਨ, ਦਿਮਾਗ਼ ਤੋਂ ਕੁਝ ਕਿਸਮ ਦੇ ਰਸਾਇਣ ਨਿਕਲਦੇ ਹਨ ਜੋ ਸਿਰ ਦੀਆਂ ਨਾੜੀਆਂ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਰਸਾਇਣ ਸੀਜੀਆਰਪੀ ਹੈ, ਜੋ ਨਾੜੀਆਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਹ ਉਹ ਥਾਂ ਹੈ ਜਿੱਥੇ ਦਰਦ ਸ਼ੁਰੂ ਹੁੰਦਾ ਹੈ। ਜਿਵੇਂ-ਜਿਵੇਂ ਇਹ ਸਥਿਤੀ ਵਧਦੀ ਹੈ, ਜੀਅ ਘਬਰਾਉਣਾ ਸ਼ੁਰੂ ਹੋ ਜਾਂਦਾ ਹੈ ਅਤੇ ਰੌਸ਼ਨੀ ਅਤੇ ਆਵਾਜ਼ ਪ੍ਰਤੀ ਚਿੜਚਿੜਾਪਣ ਵਧ ਜਾਂਦਾ ਹੈ।

**4. ਮਾਈਗ੍ਰੇਨ ਦੀ ਸਮੱਸਿਆ ਵੱਡੀ ਹੈ**

ਮਾਈਗ੍ਰੇਨ ਦੀ ਸਮੱਸਿਆ ਕਲਪਨਾ ਤੋਂ ਵੀ ਕਿਤੇ ਵੱਡੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੇ ਅਨੁਸਾਰ, ਦੁਨੀਆ ਭਰ ਵਿੱਚ ਲਗਭਗ ਇੱਕ ਅਰਬ ਲੋਕ ਮਾਈਗ੍ਰੇਨ ਤੋਂ ਪ੍ਰਭਾਵਿਤ ਹਨ। ਸੰਸਥਾ ਨੇ ਮਾਈਗ੍ਰੇਨ ਨੂੰ ਦੁਨੀਆ ਵਿੱਚ ਸੱਤਵਾਂ ਸਭ ਤੋਂ ਵੱਧ ਅਪਾਹਜ ਕਰਨ ਵਾਲਾ ਰੋਗ ਮੰਨਿਆ ਹੈ।

**5. ਮਾਈਗ੍ਰੇਨ ਨਾਲ ਨਜਿੱਠਣ ਦਾ ਤਰੀਕਾ ਕੀ ਹੈ?**

ਚੰਗੀ ਨੀਂਦ ਮਾਈਗ੍ਰੇਨ ਨੂੰ ਘਟਾਉਣ ਦਾ ਇੱਕ ਕੁਦਰਤੀ ਤਰੀਕਾ ਹੈ। ਇਸ ਤੋਂ ਇਲਾਵਾ, ਦਵਾਈਆਂ, ਬੋਟੌਕਸ ਜਾਂ ਨਰਵ ਬਲਾਕ ਵਰਗੇ ਡਾਕਟਰੀ ਤਰੀਕੇ ਵੀ ਇਸ ਵਿੱਚ ਮਦਦ ਕਰਦੇ ਹਨ। ਡਾ. ਭਾਵਨਾ ਸ਼ਰਮਾ ਕਹਿੰਦੀ ਹੈ ਕਿ ਔਰਤਾਂ ਲਈ ਧੁੱਪ ਵਿੱਚ ਬਾਹਰ ਜਾਂਦੇ ਸਮੇਂ ਧੁੱਪ ਦੀਆਂ ਐਨਕਾਂ ਦੀ ਵਰਤੋਂ ਕਰਨਾ ਮਹੱਤਵਪੂਰਨ ਹੈ। ਉਨ੍ਹਾਂ ਦੇ ਅਨੁਸਾਰ, ਰੋਜ਼ਾਨਾ ਰੁਟੀਨ ਵਿੱਚ ਯੋਗਾ ਤੇ ਧਿਆਨ ਨੂੰ ਸ਼ਾਮਲ ਕਰਨਾ ਅਤੇ ਤਣਾਅ ਨੂੰ ਘੱਟ ਰੱਖਣਾ ਮਾਈਗ੍ਰੇਨ ਨਾਲ ਨਜਿੱਠਣ ਲਈ ਬਹੁਤ ਜ਼ਰੂਰੀ ਹੈ। ਕਈ ਵਾਰ ਕੁਝ ਭੋਜਨ ਜਾਂ ਸਥਿਤੀਆਂ ਵੀ ਮਾਈਗ੍ਰੇਨ ਨੂੰ ਟ੍ਰਿਗਰ ਕਰਦੀਆਂ ਹਨ। ਡਾ. ਸ਼ਰਮਾ ਕਹਿੰਦੀ ਹੈ ਕਿ ਪਨੀਰ, ਕੇਲਾ, ਟਮਾਟਰ, ਚਾਕਲੇਟ, ਚਾਹ ਅਤੇ ਕੌਫੀ ਅਜਿਹੇ ਤੱਤ ਹਨ ਜੋ ਬਹੁਤ ਸਾਰੇ ਲੋਕਾਂ ਵਿੱਚ ਦਰਦ ਵਧਾ ਸਕਦੇ ਹਨ। ਜਿਨ੍ਹਾਂ ਨੂੰ ਇਸ ਦੀ ਸਮੱਸਿਆ ਮਹਿਸੂਸ ਹੁੰਦੀ ਹੈ ਉਨ੍ਹਾਂ ਨੂੰ ਤੁਰੰਤ ਉਨ੍ਹਾਂ ਤੋਂ ਦੂਰੀ ਬਣਾ ਲੈਣੀ ਚਾਹੀਦੀ ਹੈ। ਉਹ ਕਹਿੰਦੀ ਹੈ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਨਾਸ਼ਤਾ ਕਰਨਾ। ਇਹ ਨਾ ਸਿਰਫ਼ ਸਰੀਰ ਨੂੰ ਪੋਸ਼ਣ ਦਿੰਦਾ ਹੈ ਬਲਕਿ ਮਾਈਗ੍ਰੇਨ ਨਾਲ ਨਜਿੱਠਣ ਵਿੱਚ ਵੀ ਮਦਦ ਕਰਦਾ ਹੈ। ਮਾਈਗ੍ਰੇਨ ਨੂੰ ਹੁਣ ਜੈਨੇਟਿਕਸ ਅਤੇ ਜੀਨੋਮਿਕਸ ਨਾਲ ਜੋੜਿਆ ਜਾ ਰਿਹਾ ਹੈ। ਕਈ ਅਧਿਐਨਾਂ ਵਿੱਚ ਇਹ ਸਾਹਮਣੇ ਆਇਆ ਹੈ ਕਿ ਇਹ ਖ਼ਾਨਦਾਨੀ ਕਾਰਨਾਂ ਨਾਲ ਵੀ ਸਬੰਧਤ ਹੋ ਸਕਦਾ ਹੈ।

**6. ਭੋਜਨ ਦਾ ਕਿੰਨਾ ਪ੍ਰਭਾਵ ਪੈਂਦਾ ਹੈ?**

ਚਾਕਲੇਟ ਤੋਂ ਲੈ ਕੇ ਪਨੀਰ ਤੱਕ, ਤੁਸੀਂ ਜੋ ਵੀ ਖਾਂਦੇ-ਪੀਂਦੇ ਹੋ, ਇਸ ਬਾਰੇ ਡਾਕਟਰੀ ਮਾਹਰਾਂ ਦੀ ਆਪਣੀ ਰਾਏ ਹੈ। ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ ਦੇ ਗੈਸਟ੍ਰੋਐਂਟਰੋਲੋਜੀ ਵਿਭਾਗ ਦੇ ਪ੍ਰੋਫੈਸਰ ਡਾ। ਸੁਧੀਰ ਮਹਾਰਿਸ਼ੀ ਦੱਸਦੇ ਹਨ ਕਿ ਮਾਈਗ੍ਰੇਨ ਮੂਲ ਰੂਪ ਵਿੱਚ ਨਸਾਂ ਨਾਲ ਸਬੰਧਤ ਸਮੱਸਿਆ ਹੈ, ਪਰ ਕੁਝ ਖਾਣ-ਪੀਣ ਵਾਲੀਆਂ ਚੀਜ਼ਾਂ ਇਸ ਦਾ ਅਸਰ ਵਧਾ ਸਕਦੀਆਂ ਹਨ। ਉਹ ਕਹਿੰਦੇ ਹਨ, "ਚਾਕਲੇਟ, ਸ਼ਰਾਬ, ਬੀਅਰ, ਸ਼ੂਗਰ ਫ੍ਰੀ ਉਤਪਾਦ, ਪ੍ਰੋਸੈਸਡ ਭੋਜਨ, ਪੁਰਾਣਾ ਚੀਜ਼, ਪਨੀਰ, ਕਾਫੀ, ਚਾਹ ਅਤੇ ਹੋਰ ਕੈਫੀਨ ਵਾਲੇ ਪਦਾਰਥ ਮਾਈਗ੍ਰੇਨ ਦੇ ਦਰਦ ਨੂੰ ਵਧਾ ਸਕਦੇ ਹਨ। ਹਾਲਾਂਕਿ, ਚਾਹ ਅਤੇ ਕੌਫੀ ਵੀ ਬਹੁਤ ਸਾਰੇ ਲੋਕਾਂ ਨੂੰ ਦਰਦ ਤੋਂ ਰਾਹਤ ਵੀ ਦਿੰਦੇ ਹਨ।" ਉਨ੍ਹਾਂ ਦੇ ਅਨੁਸਾਰ, "ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਅਸਰ ਵੱਖ-ਵੱਖ ਹੋ ਸਕਦਾ ਹੈ। ਪਰ ਤੈਅ ਸਮੇਂ 'ਤੇ ਨਾ ਖਾਣਾ ਜਾਂ ਖਾਣਾ ਛੱਡਣਾ ਵੀ ਮਾਈਗ੍ਰੇਨ ਦਾ ਕਾਰਨ ਬਣ ਸਕਦਾ ਹੈ।" ਡਾ. ਮਹਾਰਿਸ਼ੀ ਦੱਸਦੇ ਹਨ, "ਖ਼ਰਾਬ ਖਾਣ-ਪੀਣ ਅਤੇ ਰੁਟੀਨ ਇਸ ਦੇ ਕਾਰਨ ਹੋ ਸਕਦੇ ਹਨ। ਇਸ ਲਈ, ਇਹ ਮਹੱਤਵਪੂਰਨ ਹੈ ਕਿ ਰੁਟੀਨ ਸੰਤੁਲਿਤ ਰਹੇ ਅਤੇ ਭੋਜਨ ਜਿੰਨਾ ਸੰਭਵ ਹੋ ਸਕੇ ਘਰ ਦਾ ਬਣਾਇਆ ਜਾਵੇ। ਇਹ ਮਾਈਗ੍ਰੇਨ ਦੇ ਦਰਦ ਨਾਲ ਨਜਿੱਠਣ ਵਿੱਚ ਮਦਦ ਕਰ ਸਕਦਾ ਹੈ।"

# ਖਤਰੇ ਦੇ ਬੰਨ੍ਹ- ਰਿੰਗ, ਐਡਵਾਂਸ ਅਤੇ ਧੁੱਸੀ ਬੰਨ੍ਹ

"ਜੇ ਇਹ ਬੰਨ੍ਹ ਨਾ ਬੱਝਦਾ ਤਾਂ ਕਈ ਘਰ ਅਤੇ ਇੱਕ ਸਕੂਲ ਡੁੱਬ ਜਾਣਾ ਸੀ। ਧੁੱਸੀ ਬੰਨ੍ਹ ਵੀ ਢਹਿ ਜਾਣਾ ਸੀ।" ਇਹ ਕਹਿੰਦਿਆਂ ਨੂਰੂਵਾਲ ਪਿੰਡ ਦੇ ਵਸਨੀਕ 51 ਸਾਲਾ ਹੁਕਮ ਸਿੰਘ ਖ਼ੁਦ ਉੱਤੇ ਮਾਣ ਮਹਿਸੂਸ ਕਰਦੇ ਹਨ। ਹੁਕਮ ਸਿੰਘ ਉਨ੍ਹਾਂ ਕਿਸਾਨਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੇ ਬਿਆਸ ਦਰਿਆ ਨਾਲ ਟਾਕਰਾ ਕਰ ਕੇ ਆਪਣੀਆਂ ਜ਼ਮੀਨਾਂ ਅਤੇ ਘਰ ਬਚਾਏ।

ਮੰਗੂਪੁਰ, ਹੁਸੈਨਪੁਰ, ਦੂਲੋਵਾਲ, ਨੂਰੂਵਾਲ, ਬਾਜਾ, ਛੱਟਾ, ਮੁੰਡੀ ਮੋੜ, ਮਹਿਮਦਵਾਲ ਸੁਲਤਾਨਪੁਰ ਲੋਧੀ ਤਹਿਸੀਲ ਦੇ ਇਹ ਉਹ ਪਿੰਡ ਹਨ, ਜਿੱਥੋਂ ਦੇ ਵਸਨੀਕਾਂ ਨੇ ਇੱਕੋ ਰਾਤ ਵਿੱਚ ਲਗਭਗ 4500 ਏਕੜ ਜ਼ਮੀਨ ਬਰਬਾਦ ਹੋਣ ਤੋਂ ਬਚਾ ਲਈ। ਇਨ੍ਹਾਂ ਪਿੰਡਾਂ ਦੇ ਕਿਸਾਨ ਨੇ ਆਪਣੇ ਬਲਬੂਤੇ ਉੱਤੇ ਪਹਿਲਾਂ ਅੱਠ ਕਿਲੋਮੀਟਰ ਲੰਬਾ ਐਡਵਾਂਸ ਬੰਨ੍ਹ ਬਣਾਇਆ ਸੀ ਤੇ ਫਿਰ ਇਸ ਐਡਵਾਂਸ ਬੰਨ੍ਹ ਪਿੱਛੇ ਇੱਕੋ ਰਾਤ ਵਿੱਚ 500 ਮੀਟਰ ਲੰਬਾ ਰਿੰਗ ਬੰਨ੍ਹ ਬਣਾਇਆ। 2023 ਦੇ ਹੜ੍ਹਾਂ ਵਿੱਚ ਫ਼ਸਲਾਂ ਬਰਬਾਦ ਹੋਣ ਮਗਰੋਂ ਕਿਸਾਨਾਂ ਨੇ ਡੇਢ ਸਾਲ ਵਿੱਚ ਅੱਠ ਕਿਲੋਮੀਟਰ ਲੰਬਾ ਐਡਵਾਂਸ ਬੰਨ੍ਹ ਬਣਾਇਆ ਸੀ ਅਤੇ ਸੱਤ ਸਤੰਬਰ ਨੂੰ ਜਦੋਂ ਇਹ ਬੰਨ੍ਹ ਟੁੱਟਾ ਤਾਂ ਕਿਸਾਨਾਂ ਨੇ ਇੱਕੋ ਰਾਤ ਵਿੱਚ ਰਿੰਗ ਬਣਾ ਲਿਆ। ਮੰਗੂਪੁਰ ਪਿੰਡ ਦੇ ਸਰਪੰਚ ਅਤੇ ਸਾਬਕਾ ਖੇਤੀਬਾੜੀ ਅਫਸਰ 62 ਸਾਲ ਰੇਸ਼ਮ ਸਿੰਘ ਉਨ੍ਹਾਂ ਕਿਸਾਨਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੇ ਇਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਬਚਾਉਣ ਦੀ ਮੁਹਿੰਮ ਵਿੱਚ ਅਗਵਾਈ ਕੀਤੀ। ਰੇਸ਼ਮ ਸਿੰਘ ਦੱਸਦੇ ਹਨ ਕਿ ਸਾਲ 2023 ਵਿੱਚ ਇੰਨਾ ਪਿੰਡਾਂ ਦੀ ਸਾਰੀ ਜ਼ਮੀਨ ਹੜ੍ਹਾਂ ਦੀ ਮਾਰ ਕਾਰਨ ਨੁਕਸਾਨੀ ਗਈ ਸੀ। "ਸਾਲ 2023 ਵਿੱਚ ਹੜ੍ਹਾਂ ਦੀ ਮਾਰ ਝੱਲਣ ਤੋਂ ਬਾਅਦ ਅਸੀਂ ਇੱਕ ਐਡਵਾਂਸ ਬੰਨ੍ਹ ਬਣਾਉਣ ਦਾ ਫੈਸਲਾ ਕੀਤਾ। ਲਗਭਗ ਡੇਢ ਸਾਲ ਵਿੱਚ ਅਸੀਂ 8 ਕਿਲੋਮੀਟਰ ਲੰਬਾ ਐਡਵਾਂਸ ਬੰਨ੍ਹ ਬਣਾਉਣ ਵਿੱਚ ਕਾਮਯਾਬ ਹੋ ਗਏ।" ਰੇਸ਼ਮ ਸਿੰਘ ਮੁਤਾਬਕ ਉਨ੍ਹਾਂ ਨੂੰ ਉਮੀਦ ਸੀ ਕਿ ਇਹ ਐਡਵਾਂਸ ਬੰਨ੍ਹ ਹੜ੍ਹਾਂ ਦੀ ਮਾਰ ਝੱਲ ਲਵੇਗਾ ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਨੇ ਦੱਸਿਆ, "ਇੱਕ ਰਾਤ ਸਾਨੂੰ ਸੁਨੇਹੇ ਮਿਲਿਆ ਬੰਨ੍ਹ ਟੁੱਟ ਗਿਆ ਹੈ। ਇਸ ਖ਼ਬਰ ਨਾਲ ਸਾਰਿਆਂ ਦੇ ਸਬਰ ਵੀ ਟੁੱਟ ਗਏ।" ਰੇਸ਼ਮ ਸਿੰਘ ਦੱਸਦੇ ਹਨ ਕਿ ਐਡਵਾਂਸ ਬੰਨ੍ਹ ਟੁੱਟਣ ਮਗਰੋਂ ਉਨ੍ਹਾਂ ਨੇ ਇੱਕੋ ਰਾਤ ਵਿੱਚ 500 ਮੀਟਰ ਲੰਬਾ ਇੱਕ ਹੋਰ ਰਿੰਗ ਬੰਨ੍ਹ ਬਣਾਇਆ। ਇਹ ਰਿੰਗ ਬੰਨ੍ਹ ਐਡਵਾਂਸ ਬੰਨ੍ਹ ਦੇ ਮਗਰ ਬਣਾਇਆ ਗਿਆ। ਉਨ੍ਹਾਂ ਦਾ ਕਹਿਣਾ ਹੈ, "ਇਹ ਰਿੰਗ ਬੰਨ੍ਹ ਲਗਭਗ 12 ਘੰਟਿਆਂ ਵਿੱਚ ਬਣਾ ਦਿੱਤਾ ਗਿਆ। ਸੰਗਤਾਂ ਦੀ ਮਿਹਨਤ ਸਫ਼ਲ ਹੋਈ ਅਤੇ ਅਸੀਂ ਇਸ ਏਰੀਏ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਵਿੱਚ ਕਾਮਯਾਬ ਹੋਏ।" ਰੇਸ਼ਮ ਸਿੰਘ ਦੱਸਦੇ ਹਨ ਕਿ ਕਿਸਾਨਾਂ ਨੇ ਐਡਵਾਂਸ ਬੰਨ੍ਹ ਬਣਾਉਣ ਉੱਤੇ ਲਗਭਗ 85 ਲੱਖ ਰੁਪਏ ਖ਼ਰਚੇ ਸਨ ਅਤੇ ਹੁਣ ਰਿੰਗ ਬੰਨ੍ਹ ਬਣਾਉਣ ਉੱਤੇ ਲਗਭਗ 36 ਲੱਖ ਰੁਪਏ ਤੋਂ ਵੱਧ ਖ਼ਰਚ ਚੁੱਕੇ ਹਨ। ਰੇਸ਼ਮ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੇ ਆਪਣੀ ਜੇਬ ਵਿੱਚੋਂ ਪੈਸੇ ਖ਼ਰਚੇ ਹਨ। ਇਸ ਤੋਂ ਇਲਾਵਾ ਨਜ਼ਦੀਕੀ ਧਾਰਮਿਕ ਸੰਸਥਾਵਾਂ ਨੇ ਵੀ ਵੱਡੇ ਪੱਧਰ ਉੱਤੇ ਆਰਥਿਕ ਅਤੇ ਹੋਰ ਸਾਧਨਾਂ ਜ਼ਰੀਏ ਉਨ੍ਹਾਂ ਦੀ ਮੱਦਦ ਕੀਤੀ ਹੈ।



**ਰਿੰਗ ਬੰਨ੍ਹ, ਐਡਵਾਂਸ ਬੰਨ੍ਹ ਅਤੇ ਧੁੱਸੀ ਬੰਨ੍ਹ ਕੀ ਹਨ**

ਦਰਿਆਵਾਂ ਦੇ ਦੋਵੇਂ ਕਿਨਾਰਿਆਂ ਉੱਤੇ ਬਣੇ ਬੰਨ੍ਹਾਂ ਨੂੰ ਧੁੱਸੀ ਬੰਨ੍ਹ ਕਿਹਾ ਜਾਂਦਾ ਹੈ। ਇਸ ਨਾਲ ਬੰਨ੍ਹ ਦੀ ਦੇਖ-ਰੇਖ ਅਤੇ ਸੁਰੱਖਿਆ ਸਰਕਾਰ ਕਰਦੀ ਹੈ। ਦਰਿਆਵਾਂ ਦੇ ਤਲ ਵੱਲ ਇਨ੍ਹਾਂ ਧੁੱਸੀ ਬੰਨ੍ਹਾਂ ਤੋਂ ਅੱਗੇ ਬਣੇ ਬੰਨ੍ਹਾਂ ਨੂੰ ਐਡਵਾਂਸ ਬੰਨ੍ਹ ਆਖਿਆ ਜਾਂਦਾ ਹੈ। ਇਨ੍ਹਾਂ ਬੰਨ੍ਹਾਂ ਨੂੰ ਅਸਥਾਈ ਬੰਨ੍ਹ ਵੀ ਆਖਿਆ ਜਾਂਦਾ ਹੈ। ਇਹ ਲੋਕਾਂ ਵੱਲੋਂ ਖ਼ੁਦ ਉਸਾਰੇ ਜਾਂਦੇ ਹਨ। ਸਾਬਕਾ ਖੇਤੀਬਾੜੀ ਅਫ਼ਸਰ ਰੇਸ਼ਮ ਸਿੰਘ ਦੱਸਦੇ ਹਨ ਕਿ ਧੁੱਸੀ ਬੰਨ੍ਹ ਵਿਚਕਾਰ ਅਤੇ ਦਰਿਆਵਾਂ ਦੇ ਕੰਢੇ ਖੇਤੀ ਕਰਦੇ ਕਿਸਾਨ ਆਪਣੀਆਂ ਜ਼ਮੀਨਾਂ ਨੂੰ ਹੜ੍ਹਾਂ ਤੋਂ ਬਚਾਉਣ ਵਾਸਤੇ ਐਡਵਾਂਸ ਬੰਨ੍ਹ ਉਸਾਰਦੇ ਹਨ। ਰਿੰਗ ਬੰਨ੍ਹ ਧੁੱਸੀ ਬੰਨ੍ਹਾਂ ਜਾਂ ਐਡਵਾਂਸ ਬੰਨ੍ਹਾਂ ਦੇ ਪਿੱਛੇ ਉਸਾਰੇ ਜਾਂਦੇ ਹਨ। ਇਹ ਰਿੰਗ ਬੰਨ੍ਹ ਦੇ ਦੋਵੇਂ ਸਿਰੇ ਇਸ ਤੋਂ ਅੱਗੇ ਸਥਿਤ ਬੰਨ੍ਹ ਨਾਲ ਜੁੜੇ ਹੁੰਦੇ ਹਨ।

ਰੇਸ਼ਮ ਸਿੰਘ ਦੱਸਦੇ ਹਨ ਕਿ ਜਦੋਂ ਐਡਵਾਂਸ ਜਾਂ ਧੁੱਸੀ ਬੰਨ੍ਹ ਟੁੱਟਣ ਵਾਲਾ ਹੁੰਦਾ ਹੈ ਤਾਂ ਪਿੱਛੇ ਇੱਕ ਹੋਰ ਬੰਨ੍ਹ ਬਣਾਕੇ ਦਰਿਆ ਦੇ ਪਾਣੀ ਨੂੰ ਅੱਗੇ ਵੱਧਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# ਪੰਜਾਬ ਦੀਆਂ ਉਪਜਾਊ ਜ਼ਮੀਨ ਉਪਰ ਵਿਛੀ ਗਾਰ ਬਣੀ ਵੱਡੀ ਸਮੱਸਿਆ

(ਸਫਾ 20 ਦੀ ਬਾਕੀ)

ਡੂੰਘਾ ਉਲਟਾਵਾਂ ਹਲ ਜਾਂ ਤਵੀਆਂ ਨਾਲ ਵਾਹ ਕੇ ਖੇਤ ਫ਼ਸਲ ਉਗਾਉਣ ਯੋਗ ਬਣ ਸਕਦਾ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ, ਪਸ਼ੂਆਂ ਦਾ ਮਲ-ਮੂਤਰ, ਰੂੜੀ, ਰਸਾਇਣਕ ਖਾਦਾਂ ਆਦਿ ਪਾ ਕੇ ਫ਼ਸਲਾਂ ਦਾ ਝਾੜ ਠੀਕ ਰੱਖਣ ਵਿੱਚ ਮਦਦ ਮਿਲ ਸਕਦੀ ਹੈ। ਜਿਹੜੇ ਖੇਤਾਂ ਵਿੱਚ ਗਾਰ ਦੀ ਤਹਿ ਜ਼ਿਆਦਾ ਮੋਟੀ ਹੈ, ਵੱਤਰ ਆਉਣ ਤੋਂ ਬਾਅਦ ਉਨ੍ਹਾਂ ਵਿੱਚੋਂ ਗਾਰ ਬਾਹਰ ਕੱਢਣੀ ਪਵੇਗੀ। ਪਹਿਲਾਂ ਕਰਾਹੇ ਜਾਂ ਜੇਸੀਬੀ ਮਸ਼ੀਨ ਨਾਲ ਇੱਕ ਪਾਸੇ ਗਾਰ ਦਾ ਢੇਰ ਲਾ ਲਿਆ ਜਾਵੇ ਤਾਂ ਕਿ ਬਾਕੀ ਖੇਤ ਵਿੱਚ ਫ਼ਸਲ ਉਗਾਈ ਜਾ ਸਕੇ। ਇਸ ਪ੍ਰਕਿਰਿਆ ਨੂੰ ਗਾਰ ਦੀ ਤਹਿ ਦੀ ਮੋਟਾਈ, ਕਿਸਾਨ ਦੇ ਕਿੰਨੇ ਨੁਕਸਾਨੇ ਖੇਤ, ਉਪਲਬਧ ਮਸ਼ੀਨਰੀ ਅਤੇ ਵਿੱਤੀ ਸਰੋਤਾਂ ਅਨੁਸਾਰ ਕੁਝ ਦਿਨਾਂ ਤੋਂ ਮਹੀਨੇ ਤੱਕ ਦਾ ਸਮਾਂ ਲੱਗ ਸਕਦਾ ਹੈ। ਜੇ ਹੜ੍ਹਾਂ ਦੇ ਤੇਜ਼ ਵਹਾਅ ਨਾਲ ਖੇਤਾਂ 'ਚ ਡੂੰਘੇ ਟੋਏ ਪਏ ਹੋਣ ਤਾਂ ਇਨ੍ਹਾਂ ਨੂੰ ਦੂਜੀ ਜਗ੍ਹਾ ਤੋਂ ਉਪਜਾਊ ਜ਼ਮੀਨ ਵਿੱਚੋਂ ਮਿੱਟੀ ਜਾਂ ਗਾਰ ਨਾਲ ਜੈਵਿਕ ਪਦਾਰਥ ਮਿਲਾ ਕੇ ਭਰਿਆ ਜਾਵੇ। ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਅਕਤੂਬਰ ਵਿੱਚ ਸ਼ੁਰੂ ਹੋ ਜਾਂਦੀ ਹੈ।

ਇਸ ਲਈ ਕਿਸਾਨ ਆਪਣੇ ਨਿੱਜੀ ਸਰੋਤਾਂ ਅਤੇ ਸਰਕਾਰ ਦੀ ਮਾਲੀ ਸਹਾਇਤਾ ਨਾਲ ਗਾਰ ਹੇਠ ਦੱਬੀ ਉਪਜਾਊ ਜ਼ਮੀਨ ਦੇ ਵੱਧ ਤੋਂ ਵੱਧ ਹਿੱਸੇ ਨੂੰ ਖਾਲੀ ਕਰ ਕੇ ਹਾੜ੍ਹੀ ਦੀ ਫ਼ਸਲ ਬੀਜਣ ਦੀ ਕੋਸ਼ਿਸ਼ ਕਰਨ। ਬਾਅਦ ਵਿੱਚ ਇਕੱਠੀ ਹੋਈ ਗਾਰ ਦੇ ਨਿਬੇੜੇ ਲਈ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਸ ਥੱਲੇ ਨੱਪੀ ਜ਼ਮੀਨ ਨੂੰ ਵੀ ਮੁੜ ਖੇਤੀ ਯੋਗ ਬਣਿਆ ਜਾ ਸਕੇ।

**ਕਿਸਾਨਾਂ ਦੀ ਲੋੜੀਂਦੀ ਮਦਦ ਲਈ ਕੁਝ ਸੁਝਾਅ**

ਭਾਰਤ ਸਰਕਾਰ ਦੀ ਖਣਿਜ ਨੀਤੀ ਅਨੁਸਾਰ ਗਾਰ ਨੂੰ ਧਰਤੀ ਹੇਠੋਂ ਕੱਢਣ ਤੇ ਵੇਚਣ ਦਾ ਅਧਿਕਾਰ ਸਿਰਫ਼ ਸਰਕਾਰ ਕੋਲ ਹੈ ਪਰ ਹੜ੍ਹਾਂ ਰਾਹੀਂ ਉਪਜਾਊ ਜ਼ਮੀਨ ਉਪਰ ਵਿਛੀ ਗਾਰ ਧਰਤੀ ਹੇਠੋਂ ਨਹੀਂ ਨਿਕਲ ਰਹੀ ਅਤੇ ਹੜ੍ਹਾਂ ਦੀ ਕੁਦਰਤੀ ਆਫ਼ਤ ਨੇ ਕਿਸਾਨ ਦੀ ਜ਼ਮੀਨ ਵਿੱਚ ਫ਼ਸਲ ਉਗਾਉਣ ਦਾ ਹੱਕ ਖ਼ਤਮ ਕਰ ਦਿੱਤਾ ਹੈ। ਇਸ ਲਈ ਕਿਸਾਨ ਦਾ ਇਸ ਗਾਰ 'ਤੇ ਹੱਕ ਹੋਣਾ ਹੀ ਚਾਹੀਦਾ ਹੈ।

ਇਸ ਪ੍ਰਕਿਰਿਆ ਨੂੰ ਗਾਰ ਜਾਂ ਟੋਇਆਂ ਦੀ ਮਿਕਦਾਰ, ਉਪਲਬਧ ਮਸ਼ੀਨਰੀ ਤੇ ਵਿੱਤੀ ਸਰੋਤਾਂ ਅਤੇ ਖ਼ਰੀਦਦਾਰ ਜਾਂ ਉਪਲਬਧ ਮਿੱਟੀ ਦੀ ਹੋਂਦ ਅਨੁਸਾਰ ਲੰਮਾ ਸਮਾਂ ਵੀ ਲੱਗ ਸਕਦਾ ਹੈ। ਉਸ ਲੰਮੇ ਸਮੇਂ ਦੌਰਾਨ ਕਿਸਾਨ ਨੂੰ ਗਾਰ ਥੱਲੇ ਨੱਪੀ ਜ਼ਮੀਨ ਵਿੱਚ ਫ਼ਸਲ ਨਾ ਹੋਣ ਕਰ ਕੇ ਨੁਕਸਾਨ ਸਹਿਣ ਕਰੇਗਾ ਅਤੇ ਇਸ ਕਰ ਕੇ ਉਹ ਛੇਤੀ ਤੋਂ ਛੇਤੀ ਹੱਲ ਕਰਨ ਦੀ ਕੋਸ਼ਿਸ਼ ਕਰੇਗਾ। ਇਸ ਸਬੰਧ ਵਿੱਚ ਪਹਿਲ ਦੇ ਆਧਾਰ 'ਤੇ ਸਰਕਾਰ ਜਾਂ ਹੋਰ ਸੰਸਥਾਵਾਂ ਰਾਹੀਂ ਕਿਸਾਨਾਂ ਦੀ ਮਦਦ ਕਰਨ ਲਈ ਹੇਠ ਲਿਖੇ ਸੁਝਾਅ ਹਨ:

(ੳ) ਪੰਜਾਬ ਸਰਕਾਰ ਦੀ 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ ਅਧੀਨ 31 ਦਸੰਬਰ 2025 ਤੱਕ ਕਿਸਾਨ ਆਪਣੇ ਖੇਤਾਂ ਵਿੱਚ ਇਕੱਠੀ ਹੋਈ ਗਾਰ ਵੇਚ ਸਕਦੇ ਹਨ, ਪਰ ਕਿਸੇ ਇਲਾਕੇ ਵਿੱਚ ਅਗਰ ਬਹੁਤ ਜ਼ਿਆਦਾ ਗਾਰ ਇਕੱਠੀ ਹੋ ਗਈ ਹੋਵੇ ਅਤੇ ਉਪਰ ਲਿਖੇ ਕਾਰਨਾਂ ਕਰ ਕੇ ਜੇਕਰ ਕਿਸਾਨ ਗਾਰ ਨਹੀਂ ਵੇਚ ਸਕਦਾ ਤਾਂ ਇਸ ਨੀਤੀ ਦਾ ਸਮਾਂ ਅਨਿਸ਼ਚਿਤ ਕਰ ਦਿੱਤਾ ਜਾਵੇ। ਨਾਲ ਹੀ ਗਾਰ ਰੇਤ ਦੀ ਥਾਂ ਵਰਤਣ ਲਈ ਸ਼ਾਇਦ ਠੀਕ ਨ ਹੋਵੇ, ਜਿਸ ਕਾਰਨ ਇਸ ਨੂੰ ਵੇਚਣਾ ਮੁਸ਼ਕਿਲ ਹੋਵੇ।

(ਅ) ਗਾਰ ਇਕੱਠੀ ਹੋਣ ਜਾਂ ਟੋਇਆਂ ਵਾਲੇ ਖੇਤਾਂ ਦੀ ਸਪੈਸ਼ਲ ਗਰਦਾਵਰੀ ਕਰ ਕੇ ਸਰਕਾਰ ਹਰ ਖੇਤ ਵਿੱਚ ਗਾਰ ਦੀ ਮਿਕਦਾਰ ਜਾਂ ਟੋਇਆਂ ਦੇ ਹੱਲ ਬਾਰੇ ਖ਼ਰਚੇ ਦਾ ਹਿਸਾਬ ਲਾਵੇ।

(ੲ) ਗਾਰ ਦੇ ਹੱਲ ਅਨੁਸਾਰ ਗਾਰ ਨੂੰ ਜ਼ਮੀਨ ਵਿੱਚ ਰਲਾਉਣ, ਹਟਾਉਣ ਜਾਂ ਇੱਕ ਪਾਸੇ ਇਕੱਠੀ ਕਰਨ ਲਈ ਮਸ਼ੀਨਰੀ ਆਦਿ ਉਪਲਬਧ ਕਰ ਕੇ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇ ਤਾਂ ਕਿ ਵੱਧ ਤੋਂ ਵੱਧ ਰਕਬੇ ਵਿੱਚ ਹਾੜ੍ਹੀ ਦੀ ਫ਼ਸਲ ਬੀਜੀ ਜਾ ਸਕੇ। ਗਰੀਬ ਤੇ ਛੋਟੇ ਕਿਸਾਨਾਂ ਨੂੰ ਲੋੜੀਂਦੇ ਬੀਜ, ਖਾਦਾਂ ਆਦਿ ਦੇ ਕੇ ਬਿਜਾਈ ਲਈ ਉਤਸ਼ਾਹਿਤ ਕੀਤਾ ਜਾਵੇ।


(ਸ) ਜੇਕਰ ਗਾਰ ਕਾਰਨ ਇੱਕ ਜਾਂ ਵੱਧ ਮੌਸਮਾਂ ਵਿੱਚ ਫ਼ਸਲ ਨਾ ਬੀਜੀ ਜਾ ਸਕੇ ਤਾਂ ਹਰ ਮੌਸਮ ਗਰਦਾਵਰੀ ਕਰ ਕੇ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇ।

(ਹ) ਜੇਕਰ ਗਾਰ ਵਿੱਚ ਭਲ (ਸਿਲਟ) ਦੀ ਜ਼ਿਆਦਾ ਮਾਤਰਾ ਹੋਣ ਕਰ ਕੇ ਵਿਕ ਨਾ ਸਕੇ ਤਾਂ ਇਸ ਗਾਰ ਨੂੰ ਨੇੜੇ ਵਾਲੇ ਧੁੱਸੀ ਬੰਨ੍ਹ ਵਿੱਚ ਵਰਤਣ ਹਿਤ ਉਥੇ ਪਹੁੰਚਾਉਣ ਲਈ ਕਿਸਾਨ ਦੀ ਮਦਦ ਕੀਤੀ ਜਾਵੇ।

ਇਹ ਸਾਰੇ ਸੁਝਾਅ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਦੁਬਾਰਾ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਅਤੇ ਦੇਸ਼ ਦੀ ਭੋਜਨ ਸੁਰੱਖਿਆ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਨਗੇ।

# ਅੰਗਰੇਜ਼ਾਂ ਨੇ ਜਦੋਂ ਮਹਾਰਾਜਾ ਰਣਜੀਤ ਸਿੰਘ ਕੋਲ ਕਿਸ਼ਤੀਆਂ ਰਾਹੀਂ ਤੋਹਫ਼ੇ ਵਜੋਂ ਪੰਜ ਘੋੜੇ ਭੇਜੇ





ਸਾਲ 1831 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਲਈ ਕਿੰਗ ਵਿਲੀਅਮ ਚੌਥੇ ਵੱਲੋਂ ਤੋਹਫ਼ੇ ਵਜੋਂ ਪੰਜ ਘੋੜੇ ਭੇਜੇ ਗਏ। ਲਾਹੌਰ ਤੱਕ ਇਹ ਤੋਹਫ਼ੇ ਸੜਕੀ ਰਾਹ ਦੀ ਥਾਂ ਬੇੜੀਆਂ ਰਾਹੀਂ ਭੇਜੇ ਗਏ। ਇਸ ਦਾ ਮਕਸਦ ਇਹ ਪਤਾ ਲਾਉਣਾ ਸੀ ਕਿ ਕੀ ਸਿੰਧ ਅਤੇ ਪੰਜਾਬ ਦੇ ਹੋਰ ਦਰਿਆਵਾਂ ਨੂੰ ਜਹਾਜ਼ਾਂ ਦੀ ਆਵਾਜਾਈ ਲਈ ਵਰਤਿਆ ਜਾ ਸਕਦਾ ਹੈ ਜਾਂ ਨਹੀਂ। ਇਸ ਜਾਸੂਸੀ ਮਿਸ਼ਨ ਦੀ ਅਗਵਾਈ ਕੈਪਟਨ ਐਲਗਜ਼ੈਂਡਰ ਬਰਨਜ਼ ਕਰ ਰਹੇ ਸਨ। ਅੰਗਰੇਜ਼ਾਂ ਦੇ ਇਸ ਜਾਸੂਸੀ ਮਿਸ਼ਨ ਬਾਰੇ ਪੀਟਰ ਹੋਪਕਿਰਕ ਦੀ ਮਸ਼ਹੂਰ ਕਿਤਾਬ 'ਦ ਗ੍ਰੇਟ ਗੇਮ, ਸੀਕ੍ਰੇਟ ਸਰਵਿਸ ਇੰਨ ਹਾਈ ਏਸ਼ੀਆ' ਵਿੱਚ ਜ਼ਿਕਰ ਮਿਲਦਾ ਹੈ।

ਪੀਟਰ ਲਿਖਦੇ ਹਨ, "ਕੱਛ ਤੋਂ ਸਿੰਧ ਵਿੱਚ ਦਾਖ਼ਲ ਹੋਣ ਤੋਂ ਬਾਅਦ ਉਹ ਘੋੜੇ ਲੈ ਕੇ ਪੰਜ ਮਹੀਨਿਆਂ ਬਾਅਦ ਲਾਹੌਰ ਪਹੁੰਚੇ।" "ਉੱਥੇ ਪਹੁੰਚ ਕੇ ਉਨ੍ਹਾਂ ਨੇ ਇਹ ਸਾਬਤ ਕੀਤਾ ਕਿ ਸਿੰਧ ਦੇ ਕੰਢੇ ਤੋਂ 700 ਮੀਲ ਦੂਰ ਲਾਹੌਰ ਤੱਕ ਦਰਿਆ ਰਾਹੀਂ ਪਹੁੰਚਿਆ ਜਾ ਸਕਦਾ ਹੈ।" ਅੰਗਰੇਜ਼ ਅਫ਼ਸਰਾਂ ਦੀ ਯੋਜਨਾ ਸੀ ਕਿ ਜੇ ਮਹਾਰਾਜਾ ਰਣਜੀਤ ਸਿੰਘ ਪ੍ਰਵਾਨਗੀ ਦੇ ਦੇਵੇ ਤਾਂ ਲਾਹੌਰ ਤੋਂ ਬ੍ਰਿਟਿਸ਼ ਵਸਤਾਂ ਸੜਕ ਦੇ ਰਸਤੇ ਅਫ਼ਗਾਨਿਸਤਾਨ ਅਤੇ ਤੁਰਕਿਸਤਾਨ ਭੇਜੀਆਂ ਜਾ ਸਕਦੀਆਂ ਹਨ। ਦੋ ਮਹੀਨੇ ਠਹਿਰਨ ਮਗਰੋਂ ਬਰਨਜ਼ ਬ੍ਰਿਟਿਸ਼ ਰਾਜ ਦੀ ਗਰਮੀਆਂ ਦੀ ਰਾਜਧਾਨੀ ਸ਼ਿਮਲਾ ਵਿੱਚ ਪਹੁੰਚੇ ਅਤੇ ਇਸ ਬਾਰੇ ਰਿਪੋਰਟ ਕੀਤੀ ਕਿ ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਲਾਹੌਰ ਤੱਕ ਫਲੈਟ-ਤਲ ਵਾਲੇ ਜੰਗੀ ਬੇੜੇ ਜਾਂ ਸਮਾਨ ਵਾਲੇ ਬੇੜੇ ਪਹੁੰਚ ਸਕਦੇ ਹਨ। ਇਸ ਮਗਰੋਂ ਇਨ੍ਹਾਂ ਦਰਿਆਵਾਂ ਉੱਤੇ ਸਟੀਮਰ (ਭਾਫ਼ ਵਾਲੇ ਜਹਾਜ਼) ਜਾਂ ਬੇੜੇ ਚਲਾਏ ਜਾਣ ਦੀ ਤਿਆਰੀ ਦਾ ਫ਼ੈਸਲਾ ਹੋਇਆ। ਹਾਲਾਂਕਿ ਪੰਜਾਬ ਵਿੱਚ ਦਰਿਆਵਾਂ ਉੱਤੇ ਸਮਾਨ ਢੋਣ ਅਤੇ ਸਫ਼ਰ ਲਈ ਸਥਾਨਕ ਬੇੜੀਆਂ ਚੱਲਦੀਆਂ ਸਨ। ਪੰਜਾਬ ਦੇ ਸਤਲੁਜ, ਰਾਵੀ, ਚਨਾਬ ਅਤੇ ਜਿਹਲਮ ਦਰਿਆ ਰਲਕੇ ਪੰਜਨਦ ਦਰਿਆ ਬਣਦੇ ਹਨ ਅਤੇ ਮਿਠਾਂਕੋਟ ਵਿੱਚ ਪੰਜਨਦ ਸਿੰਧ ਦਰਿਆ ਵਿੱਚ ਸ਼ਾਮਲ ਹੁੰਦਾ ਹੈ ਤੇ ਸਿੰਧ ਅੱਗੇ ਜਾ ਕੇ ਅਰਬ ਸਾਗਰ ਵਿੱਚ ਡਿੱਗਦਾ ਹੈ। ਬਿਆਸ ਦਰਿਆ ਪੂਰਬੀ ਪੰਜਾਬ ਦੇ ਹਰੀਕੇ ਵਿੱਚ ਸਤਲੁਜ ਵਿੱਚ ਰਲਦਾ ਹੈ। ਪੰਜਾਬ ਦੇ ਦਰਿਆਵਾਂ ਨੂੰ ਜਹਾਜ਼ੀ ਆਵਾਜਾਈ ਲਈ ਵਰਤਣ ਅਤੇ ਇਨ੍ਹਾਂ ਉੱਤੇ ਸਟੀਮਰ (ਭਾਫ਼ ਵਾਲੇ ਜਹਾਜ਼) ਚਲਾਉਣ ਦੀ ਅੰਗਰੇਜ਼ਾਂ ਦੀ ਯੋਜਨਾ ਕੀ ਸੀ, ਇਹ ਸਿਰੇ ਕਿਉਂ ਨਹੀਂ ਚੜ੍ਹ ਸਕੀ?

### ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਵਿਚਾਲੇ ਸੰਧੀਆਂ

1832 ਵਿੱਚ ਹੋਈ ਸੰਧੀ ਵਿੱਚ ਸਿੰਧ ਅਤੇ ਸਤਲੁਜ ਨੂੰ ਬ੍ਰਿਟਿਸ਼ ਰਾਜ ਅਤੇ ਸਿੱਖ ਰਾਜ ਵਿਚਕਾਰ ਵਪਾਰ ਨੂੰ ਵਧਾਉਣ ਲਈ ਖੋਲ੍ਹਿਆ ਗਿਆ। ਸੰਧੀ ਮੁਤਾਬਕ, ਮਿਠਾਂਕੋਟ ਅਤੇ ਹਰੀਕੇ ਵਿੱਚ ਟੈਕਸ ਵਸੂਲਣ ਲਈ ਚੌਂਕੀਆਂ ਬਣਾਈਆਂ ਗਈਆਂ।

ਵਪਾਰੀਆਂ ਨੂੰ ਦਰਿਆ ਲੰਘਣ ਲਈ ਪਾਸਪੋਰਟ ਲੈਣਾ ਪੈਂਦਾ ਸੀ, ਜੋ ਕਿ ਸ਼ਰਤਾਂ ਮੁਤਾਬਕ ਬ੍ਰਿਟਿਸ਼ ਜਾਂ ਲਾਹੌਰ ਦਰਬਾਰ ਵੱਲੋਂ ਜਾਰੀ ਕੀਤਾ ਜਾਂਦਾ ਸੀ। ਸਾਲ 1834 ਅਤੇ 1839 ਵਿੱਚ ਇਸ ਸੰਧੀ ਵਿੱਚ ਬਦਲਾਅ ਹੋਏ।

### ਪੰਜਾਬ ਦੇ ਸਾਰੇ ਦਰਿਆਵਾਂ ਉੱਤੇ ਸਟੀਮਰ ਚਲਾਉਣ ਦੀ ਚਾਹ

ਪੰਜਾਬ ਉੱਤੇ ਕਬਜ਼ੇ ਤੋਂ ਬਾਅਦ ਅੰਗਰੇਜ਼ੀ ਰਾਜ ਦੀ ਨੀਤੀ ਦਾ ਇੱਕ ਟੀਚਾ ਦਰਿਆਵਾਂ ਰਾਹੀਂ ਵਪਾਰ ਨੂੰ ਵਧਾਉਣਾ ਵੀ ਸੀ। ਸਾਲ 1930 ਵਿੱਚ ਪੰਜਾਬ ਸਰਕਾਰ ਵੱਲੋਂ ਦਰਿਆਵਾਂ ਰਾਹੀਂ ਵਪਾਰ ਲਈ ਬ੍ਰਿਟਿਸ਼ ਸਰਕਾਰ ਵੱਲੋਂ ਕੀਤੀ ਗਈ ਚਾਰਾਜ਼ੋਈ ਬਾਰੇ ਇੱਕ ਕਿਤਾਬਚੇ ਛਾਪਿਆ ਗਿਆ। ਇਸ ਦਾ ਨਾਮ ਹੈ - 'ਕਾਮਰਸ ਬਾਏ ਰਿਵਰ ਇੰਨ ਪੰਜਾਬ ਰ ਅ ਸਰਵੇ ਆਫ਼ ਦ ਐਕਟੀਵਿਟੀਜ਼ ਆਫ ਦ ਮਰੀਨ ਡਿਪਾਰਟਮੈਂਟ ਆਫ ਦ ਪੰਜਾਬ ਗਵਰਨਮੈਂਟ।' ਇਸ ਮੁਤਾਬਕ, "ਸਿੰਧ ਨਦੀ ਦਾ ਰੂਟ ਨਾ ਸਿਰਫ਼ ਕੇਂਦਰੀ ਏਸ਼ੀਆ ਬਲਕਿ ਉੱਤਰੀ ਯੂਰਪ ਅਤੇ ਪੂਰੇ ਪੱਛਮ ਨਾਲ ਇੱਕ ਵਪਾਰਕ ਹਾਈਵੇਅ ਵਜੋਂ 7ਵੀਂ ਸਦੀ ਜਿੰਨਾ ਪੁਰਾਣਾ ਹੈ।" ਅੰਗਰੇਜ਼ ਆਪਣੇ ਵਪਾਰਕ ਅਤੇ ਫੌਜੀ ਹਿੱਤਾਂ ਕਰਕੇ ਦਰਿਆਵਾਂ ਨੂੰ ਆਵਾਜਾਈ ਦਾ ਕਾਰਗਰ ਜ਼ਰੀਆ ਬਣਾਉਣਾ ਚਾਹੁੰਦੇ ਸਨ। ਪੰਜਾਬ ਦੇ ਹੋਰਾਂ ਦਰਿਆਵਾਂ ਦੇ ਵਾਂਗ ਹੀ ਸਿੰਧ ਵੀ ਉੱਤਰ ਤੋਂ ਦੱਖਣੀ ਸ਼ਹਿਰਾਂ ਵਿਚਾਲੇ ਇੱਕ ਹਾਈਵੇਅ ਵਾਂਗ ਕੰਮ ਕਰਦਾ ਹੈ।

ਇਸੇ ਕਿਤਾਬਚੇ ਦੇ ਮੁਤਾਬਕ, "ਪੰਜਾਬ ਦੇ ਅੰਦਰੂਨੀ ਸ਼ਹਿਰਾਂ ਅਤੇ ਸਮੁੰਦਰ ਵਿਚਾਲੇ ਇੱਕ ਲਿੰਕ ਬਣ ਗਿਆ ਸੀ, ਪੰਜਾਬ ਵਿੱਚ ਸਥਾਨਕ ਬੇੜੀਆਂ ਚਲਦੀਆਂ ਸਨ ਜਦਕਿ ਸਿੰਧ ਵਿੱਚ ਸਟੀਮਰ ਚੱਲਦੇ ਸਨ, ਕਿਉਂਕਿ ਪੰਜਾਬ ਦੇ ਦਰਿਆਵਾਂ ਉੱਤੇ ਸਟੀਮਰ ਨਹੀਂ ਚੱਲ ਸਕਦੇ ਸਨ।" ਕਿਤਾਬਚੇ ਦੇ ਮੁਤਾਬਕ, "ਬੰਬੇ ਸਰਕਾਰ ਦੇ ਫਲੋਟਿਲਾ (ਬੇੜੇ) ਸਿੰਧ ਦਰਿਆ ਦੇ ਥੱਲੜੇ ਹਿੱਸੇ ਤੱਕ ਸਨ ਪਰ ਇਸਦੇ ਸਟੀਮਰ ਮੁਲਤਾਨ ਤੱਕ ਚਲੇ ਜਾਂਦੇ।"

ਮੀਂਹ ਵਾਲੇ ਮੌਸਮ ਵਿੱਚ ਇਹ ਸਟੀਮਰ ਸਿੰਧ ਨਦੀ ਦੇ ਕਾਲਾਬਾਗ਼, ਜੇਹਲਮ ਦਰਿਆ ਨਾਲ ਲੱਗਦੇ ਜੇਹਲਮ ਸ਼ਹਿਰ, ਰਾਵੀ ਰਾਹੀਂ ਲਾਹੌਰ ਅਤੇ ਸਤਲੁਜ ਰਾਹੀਂ ਫ਼ਿਰੋਜ਼ਪੁਰ ਤੱਕ ਜਾਂਦੇ ਸਨ, ਪਰ ਅਜਿਹਾ ਕਦੇ-ਕਦੇ ਹੁੰਦਾ ਸੀ, ਇਸ ਲਈ ਇਹ ਵਪਾਰ ਲਈ ਠੀਕ ਨਹੀਂ ਸੀ। ਇਸ ਲਈ ਫਲੋਟਿਲਾ ਸਟੀਮਰ ਮੁਲਤਾਨ ਤੱਕ ਹੀ ਜਾਂਦੇ ਸਨ, ਇਸ ਤੋਂ ਅੱਗੇ ਸਥਾਨਕ ਬੇੜੀਆਂ ਰਾਹੀਂ ਮਾਲ ਢੋਇਆ ਜਾਂਦਾ ਸੀ। ਕਿਤਾਬ ਦੇ ਮੁਤਾਬਕ ਬ੍ਰਿਟਿਸ਼ ਅਫ਼ਸਰਾਂ ਦਾ ਇਹ ਖ਼ਿਆਲ ਸੀ ਕਿ ਜੇਕਰ ਇਸ ਦਾ ਪੂਰਾ ਲਾਭ ਲੈਣਾ ਹੈ ਤਾਂ ਸਟੀਮ ਨੈਵੀਗੇਸ਼ਨ (ਜਹਾਜ਼ਾਂ ਦੀ ਆਵਾਜਾਈ) ਸਾਰੇ ਦਰਿਆਵਾਂ ਉੱਤੇ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ, ਜੇਕਰ ਇਹ ਸੰਭਵ ਹੋਵੇ।

### ਸਟੀਮਰ ਚਲਾਉਣ ਵਿੱਚ ਕੀ-ਕੀ ਚੁਣੌਤੀਆਂ ਆਈਆਂ?

ਇਹ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਦਰਿਆਵਾਂ ਨੂੰ ਵਰਤਣਾਂ ਚਾਹੁੰਦੀ ਸੀ ਪਰ ਸਫ਼ਲਤਾ ਇਸ ਗੱਲ ਉੱਤੇ ਨਿਰਭਰ ਕਰਦੀ ਸੀ ਕਿ ਕੀ ਦਰਿਆਵਾਂ ਦੇ ਵਹਾਅ (ਚੈਨਲ) ਨੂੰ ਇਕਸਾਰ ਕੀਤਾ ਜਾ ਸਕਦਾ ਹੈ ਜਾਂ ਨਹੀਂ? ਇਹ ਇੱਕ ਮੁਸ਼ਕਲ ਕੰਮ ਸੀ, ਕਿਤਾਬ ਵਿੱਚ ਅੱਗੇ ਦਰਜ ਹੈ ਕਿ ਪੰਜਾਬ ਦੇ ਦਰਿਆ ਆਪਣੇ ਗ਼ੈਰ-ਭਰੋਸੇਯੋਗ ਅਤੇ ਚੰਚਲ ਸੁਭਾਅ ਲਈ ਜਾਣੇ ਜਾਂਦੇ ਹਨ। ਅੰਗਰੇਜ਼ ਅਫ਼ਸਰਾਂ ਦੇ ਸਾਹਮਣੇ ਆਇਆ ਕਿ ਪੰਜਾਬ ਦੇ ਦਰਿਆਵਾਂ ਦੇ ਵਹਾਅ ਵਿੱਚ ਕਈ ਰੋਕਾਂ ਹਨ, ਕਿਤੇ ਰੇਤ, ਪੱਥਰਾਂ ਅਤੇ ਮਿੱਟੀ ਦੇ ਢੇਰ ਹਨ। ਪਿਛਲੇ ਸਮੇਂ ਵਿੱਚ ਇਨ੍ਹਾਂ ਨੇ ਆਪਣਾ ਰਾਹ ਕਈ ਵਾਰ ਬਦਲਿਆ ਹੈ, ਇਸ ਲਈ ਇਨ੍ਹਾਂ ਦੇ ਵਹਾਅ ਨੂੰ ਸੁਧਾਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ ਦਰਿਆਵਾਂ ਦੀ ਡੂੰਘਾਈ ਇਕਸਾਰ ਨਹੀਂ ਸੀ।

### ਕਿਉਂ ਠੱਪ ਕਰਨੀ ਪਈ ਯੋਜਨਾ?

ਚੁਣੌਤੀਆਂ ਨਾਲ ਨਜਿੱਠਣ ਲਈ ਅੰਗਰੇਜ਼ਾਂ ਵੱਲੋਂ ਪੰਜਾਬ ਦੇ ਦਰਿਆਵਾਂ ਦਾ ਸਰਵੇ ਸ਼ੁਰੂ ਕੀਤਾ ਗਿਆ। ਸਾਲ 1862 ਵਿੱਚ ਪੰਜਾਬ ਦੇ ਦਰਿਆਵਾਂ ਉੱਤੇ ਆਵਾਜਾਈ ਲਈ ਇੱਕ ਸਪੈਸ਼ਲ ਡਿਪਾਰਟਮੈਂਟ ਬਣਾਇਆ ਗਿਆ ਇਸ ਦਾ ਕੁਲ ਖਰਚਾ 4 ਲੱਖ ਤੋਂ ਵੱਧ ਸੀ। ਫਿਰ ਇਹ ਫ਼ੈਸਲਾ ਲਿਆ ਗਿਆ ਕਿ ਸਟੀਮਰ ਸਿਰਫ਼ ਸਿੰਧ ਉੱਤੇ ਚਲਾਏ ਜਾਣਗੇ, ਪਰ ਪੰਜਾਬ ਸਰਕਾਰ ਜੇਹਲਮ, ਚਨਾਬ ਅਤੇ ਸਤਲੁਜ ਨੂੰ ਛੱਡਣਾ ਨਹੀਂ ਚਾਹੁੰਦੀ ਸੀ ਅਤੇ ਇਹ ਚਾਹੁੰਦੀ ਸੀ ਕਿ ਕੋਈ ਨਿੱਜੀ ਕੰਪਨੀ ਇਹ ਕੰਮ ਕਰੇ। ਸਰਕਾਰ ਵੱਲੋਂ 'ਇੰਡਸ ਫਲੋਟਿਲਾ' ਕੰਪਨੀ ਬਣਾਏ ਜਾਣ ਤੋਂ ਇਲਾਵਾ ' ਰੀਐਂਟਲ ਇਨਲੈਂਡ ਟਰਾਂਜ਼ਿਟ' ਨਾਮ ਦੀ ਕੰਪਨੀ ਸਣੇ ਹੋਰ ਵੀ ਕੰਪਨੀਆਂ ਬਣੀਆਂ। ਹੋਰ ਸਟੀਮਰਾਂ ਤੋਂ ਇਲਾਵਾ, ਨੇਪੀਅਰ, ਬਿਆਸ, ਰਾਵੀ ਨਾਮ ਦੇ ਅਜਿਹੇ ਬੇੜੇ ਲਿਆਂਦੇ ਗਏ ਜੋ ਖ਼ਾਸ ਕਰਕੇ ਪੰਜਾਬ ਦੇ ਦਰਿਆਵਾਂ ਉੱਤੇ ਚੱਲ ਸਕਣ। ਬ੍ਰਿਟਿਸ਼ ਸਰਕਾਰ ਦਾ ਇਹ ਤਜ਼ਰਬਾ ਸਫ਼ਲ ਨਹੀਂ ਹੋ ਸਕਿਆ, ਇਸ ਦਾ ਕਾਰਨ ਦਰਿਆਵਾਂ ਉੱਤੇ ਜਹਾਜ਼ੀ ਆਵਾਜਾਈ ਵਿੱਚ ਆਈਆਂ ਦਿੱਕਤਾਂ, ਵਾਧੂ ਖਰਚਾ ਅਤੇ ਮੁਨਾਫ਼ਾ ਨਾ ਹੋਣਾ ਸੀ। ਇਨ੍ਹਾਂ ਸਾਰੇ ਯਤਨਾਂ ਵਿੱਚ ਬ੍ਰਿਟਿਸ਼ ਸਰਕਾਰ ਨੂੰ 14 ਲੱਖ ਰੁਪਏ ਦਾ ਘਾਟਾ ਪਿਆ ਅਤੇ ਮਈ 1871 ਵਿੱਚ ਇਹ ਯੋਜਨਾ ਠੱਪ ਕਰ ਦਿੱਤੀ ਗਈ ਸੀ।

### ਰੇਲਵੇ ਦਾ ਵਿਕਾਸ ਅਤੇ ਨਹਿਰੀਕਰਨ

ਪੰਜਾਬ ਦੇ ਭੂਗੋਲ ਨਾਲ ਜੁੜੇ ਵਿਸ਼ੇ ਉੱਤੇ ਪੀਐੱਚਡੀ ਕਰ ਚੁੱਕੇ ਡਾ. ਮਨਿੰਦਰਜੀਤ ਸਿੰਘ ਫਿਲਹਾਲ ਪੰਜਾਬ ਯੂਨੀਵਰਸਿਟੀ ਵਿੱਚ ਡਿਫੈਂਸ ਸਟੱਡੀਜ਼ ਪੜ੍ਹਾਉਂਦੇ ਹਨ। ਉਹ ਦੱਸਦੇ ਹਨ ਕਿ ਬ੍ਰਿਟਿਸ਼ ਇੱਕ ਨੇਵਲ ਪਾਵਰ ਸਨ, ਉਹ ਸਮੁੰਦਰਾਂ ਦੇ ਰਾਜੇ ਸਨ। "ਬ੍ਰਿਟਿਸ਼ ਸਰਕਾਰ ਦੇ ਲਈ ਟਰੇਡ ਸਭ ਤੋਂ ਮਹੱਤਵਪੂਰਨ ਸੀ, ਇਹੀ ਸ਼ਾਇਦ ਕਾਰਨ ਸੀ ਕਿ ਉਨ੍ਹਾਂ ਨੇ ਇਸ ਪਾਸੇ ਵੱਲ ਚਾਰਾਜੋਈ ਕੀਤੀ, ਪਰ ਉਸ ਸਮੇਂ ਦੌਰਾਨ ਰੇਲ ਆਵਾਜਾਈ ਦਾ ਵਿਸਤਾਰ ਹੋਇਆ ਜਿਸ ਕਰਕੇ ਦਰਿਆਵਾਂ ਦੀ ਵਰਤੋਂ ਇੰਨੀ ਫਾਇਦੇਮੰਦ ਅਤੇ ਕਾਰਗਰ ਨਹੀਂ ਰਹੀ।" "ਇੱਕ ਕਾਰਨ ਇਹ ਵੀ ਸੀ ਕਿ ਪੰਜਾਬ ਦੇ ਦਰਿਆ ਉਨੇ ਜ਼ਿਆਦਾ ਵੱਡੇ ਜਾਂ ਡੂੰਘੇ ਨਹੀਂ ਸਨ ਕਿ ਇਨ੍ਹਾਂ ਉੱਤੇ ਉਸ ਤਰੀਕੇ ਜਹਾਜ਼ ਚੱਲ ਸਕਦੇ।"

ਮਨਿੰਦਰਜੀਤ ਦੱਸਦੇ ਹਨ ਕਿ ਬ੍ਰਿਟਿਸ਼ ਸਰਕਾਰ ਵੱਲੋਂ ਪੰਜਾਬ ਦੇ ਦਰਿਆਵਾਂ ਵਿੱਚੋਂ ਨਹਿਰਾਂ ਕੱਢਣ ਉੱਤੇ ਵੀ ਜ਼ੋਰ ਦਿੱਤਾ ਗਿਆ ਜਿਸ ਕਰਕੇ ਦਰਿਆਵਾਂ ਵਿੱਚ ਪਾਣੀ ਘੱਟ ਗਿਆ।

# ਟਰੰਪ ਦੀਆਂ ਨੀਤੀਆਂ ਦੇ ਡਰ ਤੋਂ ਕੈਨੇਡਾ ਵਿੱਚ 'ਸ਼ਰਨ' ਮੰਗਣ ਲੱਗੇ ਲੋਕੀ

22 ਸਾਲ ਦੀ ਹੰਨਾਅ ਕ੍ਰੇਗਰ ਆਪਣੇ ਆਪ ਵਿੱਚ ਗੱਲ ਕਰ ਰਹੇ ਸਨ ਜਦੋਂ ਉਨ੍ਹਾਂ ਕਿਹਾ, "ਜਿੰਨੀ ਜਲਦੀ ਹੋ ਸਕੇ, ਇੱਥੋਂ ਨਿਕਲ ਜਾਣਾ ਚਾਹੀਦਾ ਹੈ।" ਹੰਨਾਅ ਇੱਕ ਟਰਾਂਸਜੈਂਡਰ ਹਨ ਅਤੇ ਉਹ ਸੰਯੁਕਤ ਰਾਜ ਅਮਰੀਕਾ ਦੇ ਐਰੀਜ਼ੋਨਾ ਦੇ ਟਕਸਨ ਵਿੱਚ ਰਹਿੰਦਿਆਂ ਅਪ੍ਰੈਲ ਮਹੀਨੇ ਤੋਂ ਆਪਣਾ ਦੇਸ਼ ਛੱਡਣ ਦੀਆਂ ਸੋਚਾਂ ਵਿੱਚ ਹਨ। ਉਨ੍ਹਾਂ ਨੂੰ ਅਮਰੀਕਾ ਵਿੱਚ ਕਾਰਕੁੰਨਾਂ ਅਤੇ ਸੰਗਠਨਾਂ ਵੱਲੋਂ ਐਲਜੀਬੀਟੀ ਭਾਈਚਾਰੇ ਲਈ ਵਧਦੇ ਵਿਰੋਧੀ ਮਾਹੌਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕ੍ਰੇਗਰ ਨੇ ਜਨਤਕ ਪਖਾਨਿਆਂ ਤੋਂ ਬਚਣਾ ਅਤੇ ਭੀੜ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੂੰ ਡਰ ਹੈ ਕਿ ਸੰਘੀ ਸਰਕਾਰ ਬਾਲਗਾਂ ਲਈ ਲਿੰਗਕ ਬਦਲਾਅ ਕਰਵਾਉਣ 'ਤੇ ਪਾਬੰਦੀ ਲਗਾ ਸਕਦੀ ਹੈ ਇਸ ਲਈ ਉਨ੍ਹਾਂ ਕੋਲ ਹਾਰਮੋਨ ਥੈਰੇਪੀ ਨਾਲ ਜੁੜੀਆਂ ਦਵਾਈਆਂ ਇਕੱਠੀਆਂ ਹੋ ਗਈਆਂ ਹਨ। ਜ਼ਿਕਰਯੋਗ ਹੈ ਕਿ ਬੱਚਿਆਂ ਲਈ ਹਾਰਮੋਨ ਥੈਰੇਪੀ ਨੂੰ ਟਰੰਪ ਨੇ 'ਰਸਾਇਣਕ ਅਤੇ ਸਰਜੀਕਲ ਅੰਗ ਕੱਟਣਾ' ਕਿਹਾ ਹੈ ਅਤੇ ਇਸਦੀ ਵਰਤੋਂ ਨੂੰ ਸਖ਼ਤੀ ਨਾਲ ਸੀਮਤ ਕਰਨ ਲਈ ਕਦਮ ਚੁੱਕੇ ਗਏ ਹਨ। ਪਰ ਜਿਸ ਗੱਲ ਨੇ ਕ੍ਰੇਗਰ ਦੀਆਂ ਯੋਜਨਾਵਾਂ ਨੂੰ ਤੇਜ਼ ਕੀਤਾ ਉਹ ਹੈ ਇੱਕ ਅਫ਼ਵਾਹ। ਦੇਸ਼ ਦੇ ਕਈ ਖਿੱਤਿਆਂ ਵਿੱਚ ਅਫ਼ਵਾਹ ਹੈ ਕਿ ਅਮਰੀਕੀ ਰਾਸ਼ਟਰਪਤੀ 1807 ਦੇ ਵਿਦਰੋਹ ਐਕਟ ਨੂੰ ਲਾਗੂ ਕਰਨ 'ਤੇ ਵਿਚਾਰ ਕਰ ਰਹੇ ਸਨ।

ਇਹ ਐਕਟ ਸੰਘੀ ਸਰਕਾਰ ਨੂੰ ਘਰੇਲੂ ਅਸ਼ਾਂਤੀ ਨੂੰ ਸ਼ਾਂਤ ਕਰਨ ਲਈ ਫ਼ੌਜ ਤਾਇਨਾਤ ਕਰਨ ਦੀ ਆਗਿਆ ਦਿੰਦਾ ਹੈ। ਕ੍ਰੇਗਰ ਨੂੰ ਡਰ ਸੀ ਕਿ ਜੇਕਰ ਅਧਿਕਾਰੀਆਂ ਨੇ ਉਸਨੂੰ ਰੋਕਿਆ ਅਤੇ ਉਸਦੀ ਪਛਾਣ ਮੰਗੀ ਤਾਂ ਇਹ ਸੰਭਾਵਿਤ ਤੌਰ ਉੱਤੇ ਖ਼ਤਰਨਾਕ ਵੀ ਹੋ ਸਕਦਾ ਹੈ। ਕ੍ਰੇਗਰ ਨੂੰ ਜਨਮ ਸਮੇਂ ਇੱਕ ਮਰਦ ਵਜੋਂ ਰਜਿਸਟਰ ਕੀਤਾ ਗਿਆ ਸੀ ਪਰ ਹੁਣ ਉਹ ਇੱਕ ਔਰਤ ਵਜੋਂ ਪਛਾਣੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਕਾਨੂੰਨੀ ਨਾਮ ਅਤੇ ਲਿੰਗ ਪਛਾਣ ਨਾਲ ਮੇਲ ਕਰਨ ਲਈ ਆਪਣੇ ਡਰਾਈਵਿੰਗ ਲਾਇਸੈਂਸ ਨੂੰ ਅਪਡੇਟ ਕੀਤਾ ਸੀ। ਪਰ ਉਨ੍ਹਾਂ ਦੇ ਪਾਸਪੋਰਟ ਵਿੱਚ ਅਜੇ ਵੀ ਉਸਦਾ ਪਰਿਵਰਤਨ ਤੋਂ ਪਹਿਲਾਂ ਦਾ ਨਾਮ ਦਰਜ ਹੈ। ਜਦੋਂ ਪਾਸਪੋਰਟ ਬਣਿਆ ਉਸ ਸਮੇਂ, ਲਿੰਗ ਮਾਰਕ ਕਰਨ ਵਾਲੇ ਖਾਨੇ ਵਿੱਚ ਅੰਗਰੇਜ਼ੀ ਦਾ ਅੱਖਰ "ਐਕਸ" ਲਿਖਿਆ ਗਿਆ ਸੀ। ਅਮਰੀਕਾ ਨੇ ਜਨਵਰੀ ਵਿੱਚ ਟਰੰਪ ਦੇ ਹੁਕਮ ਤੋਂ ਬਾਅਦ ਐਕਸ ਲਿਖੇ ਜਾਣ ਉੱਤੇ ਪਾਬੰਦੀ ਲਗਾ ਦਿੱਤੀ ਸੀ ਅਤੇ ਕਿਹਾ ਸੀ ਕਿ ਸਰਕਾਰ ਨੂੰ ਸਿਰਫ਼ ਮਰਦ ਅਤੇ ਔਰਤ ਨੂੰ ਹੀ ਮਾਨਤਾ ਦੇਣੀ ਚਾਹੀਦੀ ਹੈ। ਉਹ ਕਹਿੰਦੇ ਹਨ, "ਮੈਂ ਫ਼ੈਸਲਾ ਕੀਤਾ ਕਿ ਮੈਂ ਕੋਈ ਜੋਖ਼ਮ ਲੈਣ ਲਈ ਤਿਆਰ ਨਹੀਂ ਹਾਂ, ਭਾਵੇਂ ਮਾਰਸ਼ਲ ਲਾਅ ਨਹੀਂ ਲਗਾਇਆ ਗਿਆ ਸੀ।" ਇਸ ਲਈ ਉਸਨੇ ਟਕਸਨ ਵਿੱਚ ਦੋਸਤਾਂ ਨੂੰ ਅਲਵਿਦਾ ਕਿਹਾ, ਆਪਣਾ ਸਮਾਨ ਪੈਕ ਕੀਤਾ ਅਤੇ, ਆਪਣੇ ਪਰਿਵਾਰ ਦੇ ਸਮਰਥਨ ਨਾਲ, ਉੱਤਰ ਵੱਲ ਕੈਨੇਡੀਅਨ ਸਰਹੱਦ ਵੱਲ ਗੱਡੀ ਚਲਾ ਗਈ, ਜਿੱਥੇ ਉਸਨੇ ਸ਼ਰਨ ਦੀ ਬੇਨਤੀ ਕੀਤੀ। ਉਹ ਹੁਣ ਕੈਲਗਰੀ, ਅਲਬਰਟਾ ਵਿੱਚ ਆਪਣੇ ਕੇਸ ਦੇ ਨਤੀਜੇ ਦੀ ਉਡੀਕ ਵਿੱਚ ਹਨ। ਉਨ੍ਹਾਂ ਦੀ ਕਾਨੂੰਨੀ ਪ੍ਰਤੀਨਿਧੀ, ਯਾਮੇਨਾ ਅਸਾਰੀ ਦਾ ਕਹਿਣਾ ਹੈ ਕਿ ਜੇਕਰ ਉਸਨੂੰ ਸੁਰੱਖਿਆ ਦਾ ਦਰਜਾ ਦਿੱਤਾ ਜਾਂਦਾ ਹੈ, ਤਾਂ ਕ੍ਰੇਗਰ ਦਾ ਮਾਮਲਾ ਇੱਕ ਮਿਸਾਲ ਕਾਇਮ ਕਰ ਸਕਦਾ ਹੈ। ਅਸਾਰੀ ਅਤੇ ਹੋਰ ਕੈਨੇਡੀਅਨ ਇਮੀਗ੍ਰੇਸ਼ਨ ਵਕੀਲ ਰਿਪੋਰਟ ਕਰਦੇ ਹਨ ਕਿ ਅਮਰੀਕਾ ਤੋਂ ਕ੍ਰੇਗਰ ਦੇ ਰਸਤੇ 'ਤੇ ਚੱਲਣ ਵਿੱਚ ਦਿਲਚਸਪੀ ਰੱਖਣ ਵਾਲੇ ਨਾਗਰਿਕਾਂ ਦੀ ਗਿਣਤੀ ਵੱਧ ਰਹੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੇ ਤਾਜ਼ਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2024 ਦੇ ਪੂਰੇ ਸਮੇਂ ਨਾਲੋਂ 2025 ਦੇ ਪਹਿਲੇ ਅੱਧ ਵਿੱਚ ਜ਼ਿਆਦਾ ਅਮਰੀਕੀਆਂ ਨੇ ਸ਼ਰਨਾਰਥੀ ਦਰਜੇ ਲਈ ਅਰਜ਼ੀ ਦਿੱਤੀ। ਜਦੋਂ ਕਿ ਉਹ ਕੁੱਲ ਸ਼ਰਨ ਦਾਅਵਿਆਂ ਦਾ ਇੱਕ ਬਹੁਤ ਛੋਟਾ ਜਿਹਾ ਹਿੱਸਾ ਹਨ ਤਕਰੀਬਨ 55,000 ਵਿੱਚੋਂ 245 ਅਮਰੀਕੀ ਸ਼ਰਨ ਲਈ ਅਰਜ਼ੀ ਦਿੰਦੇ ਹਨ।

ਕ੍ਰੇਗਰ ਦੀ ਪ੍ਰੋਫ਼ਾਈਲ ਦੇਖਿਆ ਜਾਵੇ ਤਾਂ ਉਹ ਇੱਕ ਹਾਈ ਸਕੂਲ ਗ੍ਰੈਜੂਏਟ ਹੈ ਅਤੇ ਸਾਬਕਾ ਪੀਜ਼ਾ ਦੁਕਾਨ ਕਰਮਚਾਰੀ ਹੈ। ਉਨ੍ਹਾਂ ਲਈ ਬਹੁਤ ਹੁਨਰਮੰਦ ਵਿਅਕਤੀਆਂ ਲਈ ਕੈਨੇਡੀਅਨ ਵੀਜ਼ਾ ਇੱਕ ਯਥਾਰਥਵਾਦੀ ਵਿਕਲਪ ਨਹੀਂ ਸੀ। ਪਰ ਕ੍ਰੇਗਰ ਨੇ ਮਹਿਸੂਸ ਕੀਤਾ ਕਿ ਅਮਰੀਕੀ ਸ਼ਰਨ ਲੈਣ ਲਈ ਦਰਖ਼ਾਸਤ ਦੇਣਾ ਉਨ੍ਹਾਂ ਲਈ ਇੱਕੋ ਇੱਕ ਰਸਤਾ ਹੈ, ਜਿਸਨੂੰ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਦੇ ਟਰਾਂਸ-ਵਿਰੋਧੀ ਕਾਨੂੰਨ ਅਤੇ ਐਲਜੀਬੀਟੀ ਸੁਰੱਖਿਆ ਦੇ ਸੰਘੀ ਰੋਲਬੈਕ ਲਈ ਸਮਰਥਨ ਦੇ ਟਰੈਕ-ਰਿਕਾਰਡ ਵਜੋਂ ਦੇਖਿਆ। ਅਸਾਰੀ ਕਹਿੰਦੇ ਹਨ, "ਸ਼ਰਨ ਮੰਗਣਾ ਸ਼ਾਇਦ ਹੀ ਪਹਿਲਾ ਵਿਕਲਪ ਹੁੰਦਾ ਹੈ।" "ਇਸ ਵਿੱਚ ਬਹੁਤ ਸਮਾਂ ਲੱਗਦਾ ਹੈ, ਦੋ ਸਾਲ ਤੱਕ ਲੱਗ ਸਕਦੇ ਹਨ ਅਤੇ ਇਸਦੀ ਕੋਈ ਗਰੰਟੀ ਨਹੀਂ ਹੈ ਕਿ ਇਹ ਮਨਜ਼ੂਰ ਹੋ ਜਾਵੇਗਾ। ਬਹੁਤ ਜ਼ਿਆਦਾ ਅਨਿਸ਼ਚਿਤਤਾ ਹੈ ਅਤੇ ਇਸਦਾ ਮਤਲਬ ਹੈ ਕਿ ਤੁਸੀਂ ਆਪਣੇ ਦੇਸ਼ ਵਾਪਸ ਨਹੀਂ ਜਾ ਸਕੋਗੇ।"

ਕੈਨੇਡਾ ਵਿੱਚ ਸ਼ਰਨ ਲਈ ਯੋਗਤਾ ਪੂਰੀ ਕਰਨ ਲਈ ਬਿਨੈਕਾਰਾਂ ਨੂੰ ਨਸਲ, ਧਰਮ, ਕੌਮੀਅਤ, ਸਮਾਜਿਕ ਸਮੂਹ ਜਾਂ ਸਿਆਸੀ ਵਿਚਾਰਧਾਰਾ ਦੇ ਆਧਾਰ 'ਤੇ ਤਸ਼ੱਦਦ ਹੋਣ ਦੀ ਸੰਭਾਵਨਾ ਨੂੰ ਸਾਬਤ ਕਰਨਾ ਪੈਂਦਾ ਹੈ ਅਤੇ ਇਹ ਦਿਖਾਉਣਾ ਪੈਂਦਾ ਹੈ ਕਿ ਉਹ ਆਪਣੇ ਦੇਸ਼ ਵਿੱਚ ਸੁਰੱਖਿਅਤ ਢੰਗ ਨਾਲ ਨਿਵਾਸ ਨਹੀਂ ਕਰ ਸਕਦੇ ਜਾਂ ਸੁਰੱਖਿਆ ਪ੍ਰਾਪਤ ਨਹੀਂ ਕਰ ਸਕਦੇ। ਇਸ ਦੌਰਾਨ ਟਰੰਪ ਨੇ ਟਰਾਂਸਜੈਂਡਰ ਅਤੇ ਗੈਰ-ਬਾਈਨਰੀ ਨਾਗਰਿਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ ਹਨ। ਇਨ੍ਹਾਂ ਵਿੱਚ ਬੱਚਿਆਂ ਨੂੰ ਰਸਾਇਣਕ ਅਤੇ ਸਰਜੀਕਲ ਅੰਗ ਕੱਟਣ ਤੋਂ ਬਚਾਉਣ ਦੇ ਕਾਰਜਕਾਰੀ ਹੁਕਮ ਦੇ ਨਾਲ-ਨਾਲ ਲਿੰਗ ਵਿਚਾਰਧਾਰਾ ਕੱਟੜਪੰਥੀ ਤੋਂ ਔਰਤਾਂ ਦਾ ਬਚਾਅ ਅਤੇ ਸੰਘੀ ਸਰਕਾਰ ਦੇ ਹੁਕਮ ਵਿੱਚ ਜੈਵਿਕ ਸੱਚਾਈ ਨੂੰ ਬਹਾਲ ਕਰਨਾ ਸ਼ਾਮਲ ਹੈ।

## Sikh Gurdwara San Jose Parbandhak Committee Election October 12, 2025

## ਸਿੱਖ ਗੁਰਦੁਵਾਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਚੋਣ ਅਕਤੂਬਰ 12, 2025

**Sample Ballot ਨਮੂਨਾ ਬੈਲਟ**

Mark Your Ballot like this ⬬ ਆਪਣੇ ਬੈਲਟ ਤੇ ਇਸ ਤਰਾਂ ਨਿਸ਼ਾਨ ਲਗਾਓ

Parbandhak Committee Members, ਪ੍ਰਬੰਧਕ ਕਮੇਟੀ ਮੈਂਬਰ

Vote for no more than 21 Candidates, 21 ਉਮੀਦਵਾਰਾਂ ਤੋਂ ਵੱਧ ਨੂੰ ਵੋਟ ਨਾ ਪਾਓ

**Current Parbandhak Committee Slate Candidates**

**ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ**

As shown, please vote for all 21 Current Parbandhak Committee Slate candidates.

*Please do not vote for more than 21 candidates*

ਜਿਸ ਤਰਾਂ ਦਿਖਾਇਆ ਗਿਆ ਹੈ ਕਿਰਪਾ ਕਰਕੇ ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਪਾਓ ਜੀ ॥

*21 ਤੋਂ ਜ਼ਿਆਦਾ ਮੈਂਬਰਾਂ ਨੂੰ ਵੋਟ ਨਹੀਂ ਪਾਓ ਜੀ*

Vote Yes for the Bylaws amendment for election to be held after 4 years and a maximum of two consecutive terms for the Parbandhak Committee Membership.

ਬਾਈਲਾਜ਼ ਤਬਦੀਲੀ: ਪ੍ਰਬੰਧਕ ਕਮੇਟੀ ਦੀਆਂ ਚੋਣਾ ਚਾਰ ਸਾਲ ਬਾਅਦ ਅਤੇ ਮੈਂਬਰ ਲਗਾਤਾਰ ਦੋ ਕਾਰਜਕਾਲ ਤੋਂ ਵੱਧ ਨਹੀਂ, ਇਸ ਤੇ ਹਾਂ ਵਿੱਚ ਵੋਟ ਪਾਓ ॥

For More Information Call:
ਵਧੇਰੇ ਜਾਣਕਾਰੀ ਲਈ ਫੋਨ ਕਰੋ:
Bhupindar (Bob) Singh Dhillon 408-568-0034, Sukhdev S. Bainiwal 408-421-9463, Harjinder Singh Ladhar 408-904-9158, Kirpal Singh Atwal 408-835-7712, Surjit Singh Bains 408-394-3595, Jasvir Singh Powar 408-416-7200

| Current Parbandhak Committee Slate Candidates<br>ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ | Sadh Sangat Slate Candidates<br>ਸਾਧ ਸੰਗਤ ਸਲੇਟ ਉਮੀਦਵਾਰ |
|---|---|
| ⬬ 1. Bhupindar Singh Dhillon<br>ਭੁਪਿੰਦਰ ਸਿੰਘ ਢਿਲੋਂ | ⬭ 1. Bhupinder Singh Cheema<br>ਭੁਪਿੰਦਰ ਸਿੰਘ ਚੀਮਾ |
| ⬬ 2. Dr. Gurinder Pal Singh<br>ਡਾ: ਗੁਰਿੰਦਰ ਪਾਲ ਸਿੰਘ | ⬭ 2. Harpal Singh Chahal<br>ਹਰਪਾਲ ਸਿੰਘ ਚਾਹਲ |
| ⬬ 3. Pritam Singh Grewal<br>ਪ੍ਰੀਤਮ ਸਿੰਘ ਗਰੇਵਾਲ | ⬭ 3. Kashmir Singh Kalcut<br>ਕਸ਼ਮੀਰ ਸਿੰਘ ਕਾਲਕੱਟ |
| ⬬ 4. Rajinder Singh Mangar<br>ਰਜਿੰਦਰ ਸਿੰਘ ਮੰਗਰ | ⬭ 4. Kulwinder Kaur Cheema<br>ਕੁਲਵਿੰਦਰ ਕੋਰ ਚੀਮਾ |
| ⬬ 5. Sukhdev Singh Bainiwal<br>ਸੁਖਦੇਵ ਸਿੰਘ ਬੈਨੀਵਾਲ | ⬭ 5. Jagjit Singh<br>ਜਗਜੀਤ ਸਿੰਘ |
| ⬬ 6. Kirpal Singh Atwal<br>ਕਿਰਪਾਲ ਸਿੰਘ ਅਟਵਾਲ | ⬭ 6. Satnam Singh Dhillon<br>ਸਤਨਾਮ ਸਿੰਘ ਢਿਲੋਂ |
| ⬬ 7. Surjit Singh Bains<br>ਸੁਰਜੀਤ ਸਿੰਘ ਬੈਂਸ | ⬭ 7. Trilochan Singh Sra<br>ਤਰਲੋਚਨ ਸਿੰਘ ਸਰਾ |
| ⬬ 8. Sohan Singh Dhanota<br>ਸੋਹਣ ਸਿੰਘ ਧਨੋਤਾ | ⬭ 8. Gurmail Singh Khalsa<br>ਗੁਰਮੇਲ ਸਿੰਘ ਖਾਲਸਾ |
| ⬬ 9. Dr. Harjinder Singh Ladhar<br>ਡਾ: ਹਰਜਿੰਦਰ ਸਿੰਘ ਲੱਧੜ | ⬭ 9. Karnail Singh<br>ਕਰਨੈਲ ਸਿੰਘ |
| ⬬ 10. Gurpreet Singh<br>ਗੁਰਪ੍ਰੀਤ ਸਿੰਘ | ⬭ 10. Dr. Satvinder Singh Bajwa<br>ਡਾਂ: ਸਤਵਿੰਦਰ ਸਿੰਘ ਬਾਜਵਾ |
| ⬬ 11. Harparminder Singh Powar<br>ਹਰਪ੍ਰਮਿਦੰਰ ਸਿੰਘ ਪਵਾਰ | ⬭ 11. Jatinder Kaur<br>ਜਤਿੰਦਰ ਕੋਰ |
| ⬬ 12. Narinder Kaur Meharu<br>ਨਰਿੰਦਰ ਕੋਰ ਮਹੇੜੂ | ⬭ 12. Sukhvir Singh Randhawa<br>ਸੁਖਵੀਰ ਸਿੰਘ ਰੰਧਾਵਾ |
| ⬬ 13. Pritpal Kaur<br>ਪ੍ਰਿਤਪਾਲ ਕੋਰ | ⬭ 13. Amrik Singh Lubana<br>ਅਮਰੀਕ ਸਿੰਘ ਲੁਬਾਨਾ |
| ⬬ 14. Sharanjit Kaur Bhandal<br>ਸ਼ਰਨਜੀਤ ਕੋਰ ਭੰਡਾਲ | ⬭ 14. Gulbag Singh Lubana<br>ਗੁਲਬਾਗ ਸਿੰਘ ਲੁਬਾਨਾ |
| ⬬ 15. Dr. Balbir Singh Bains<br>ਡਾ: ਬਲਬੀਰ ਸਿੰਘ ਬੈਂਸ | ⬭ 15. Raghubir Singh Dhillon<br>ਰਘੁਬੀਰ ਸਿੰਘ ਢਿਲੋਂ |
| ⬬ 16. Bahadur Singh Deol<br>ਬਹਾਦੁਰ ਸਿੰਘ ਦਿਓਲ | ⬭ 16. Baldev Singh Jandu<br>ਬਲਦੇਵ ਸਿੰਘ ਜੰਡੂ |
| ⬬ 17. Kuldip Singh Shergill<br>ਕੁਲਦੀਪ ਸਿੰਘ ਸ਼ੇਰਗਿੱਲ | ⬭ 17. Joginder Singh Dhaliwal<br>ਜੋਗਿੰਦਰ ਕੋਰ ਧਾਲੀਵਾਲ |
| ⬬ 18. Gurpreet Singh Sethi<br>ਗੁਰਪ੍ਰੀਤ ਸਿੰਘ ਸੇਠੀ | ⬭ 18. Kulwant Kaur Chahal<br>ਕੁਲਵੰਤ ਕੋਰ ਚਾਹਲ |
| ⬬ 19. Harduman Singh Sanghera<br>ਹਰਦੁਮਨ (ਬਿੱਲਾ) ਸਿੰਘ ਸੰਘੇੜਾ | ⬭ 19. Kamaljit Singh Cheema<br>ਕਮਲਜੀਤ ਸਿੰਘ ਚੀਮਾ |
| ⬬ 20. Gurbux Singh Dhillon<br>ਗੁਰਬਖਸ਼ ਸਿੰਘ ਢਿਲੋਂ | ⬭ 20. Jagjit Singh Mand<br>ਜਗਜੀਤ ਸਿੰਘ ਮੰਡ |
| ⬬ 21. Jorawar Singh<br>ਜੋਰਾਵਰ ਸਿੰਘ | ⬭ 21. Jaspal Singh Saini<br>ਜਸਪਾਲ ਸਿੰਘ ਸੈਨੀ |

**Independent Candidate ਅਜ਼ਾਦ ਉਮੀਦਵਾਰ**

⬭ Arvinder Singh
ਅਰਵਿੰਦਰ ਸਿੰਘ

**Gurdwara Bylaws Amendment ਗੁਰਦਵਾਰਾ ਬਾਈਲਾਜ਼ ਵਿਚ ਤਬਦੀਲੀ**

Change/Amend Article IV(A)(6)(b)

From 2 years to 4 years with condition Of two consecutive terms and it applies to members elected in this election and onwards.

ਧਾਰਾ IV(A)(6)(b) ਨੂੰ ਬਦਲੋ, 2 ਸਾਲ ਤੋਂ 4 ਸਾਲ ਤੱਕ, ਲਗਾਤਾਰ ਦੋ ਕਾਰਜਕਾਰਾਂ ਤੋਂ ਵੱਧ ਨਹੀਂ, ਅਤੇ ਇਹ ਇਸ ਚੋਣ ਵਿੱਚ ਅਤੇ ਇਸ ਤੋਂ ਬਾਅਦ ਚੁਣੇ ਗਏ ਮੈਂਬਰਾਂ ਤੇ ਲਾਗੂ ਹੋਵੇਗਾ

| Yes | No |
|---|---|
| ⬬ | ⬭ |
| ਹਾਂ | ਨਾਂਹ |




# Current Parbandhak Committee Slate Candidates

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)


1. Bhupindar S. Dhillon
ਭੁਪਿੰਦਰ (ਬੇਬ) ਸਿੰਘ ਢਿਲੋਂ


2. Dr. Gurinder Pal Singh
ਡਾ: ਗੁਰਿੰਦਰ ਪਾਲ ਸਿੰਘ


3. Pritam Singh Grewal
ਪ੍ਰੀਤਮ ਸਿੰਘ ਗਰੇਵਾਲ


4. Rajinder Singh Manger
ਰਾਜਿੰਦਰ ਸਿੰਘ ਮੰਗਰ


5. Sukhdev Singh Bainiwal
ਸੁਖਦੇਵ ਸਿੰਘ ਬੈਨੀਵਾਲ


6. Kirpal Singh Atwal
ਕਿਰਪਾਲ ਸਿੰਘ ਅਟਵਾਲ


7. Surjit Singh Bains
ਸੁਰਜੀਤ ਸਿੰਘ ਬੈਂਸ



8. Sohan Singh Dhanota
ਸੋਹਨ ਸਿੰਘ ਧਨੋਟਾ


9. Dr. Harjinder S. Ladhar
ਡਾ: ਹਰਜਿੰਦਰ ਸਿੰਘ ਲੱਧੜ


10. Gurpreet Singh
ਗੁਰਪ੍ਰੀਤ ਸਿੰਘ


11. Harparminder S. Powar
ਹਰਪ੍ਰਮਿੰਦਰ ਸਿੰਘ ਪੋਵਾਰ


12. Narinder K. Meharu
ਨਰਿੰਦਰ ਕੌਰ ਮਹੇੜੂ


13. Pritpal Kaur
ਪ੍ਰਤਿਪਾਲ ਕੌਰ


14. Sharanjit Kaur Bhandal
ਸ਼ਰਨਜੀਤ ਕੌਰ ਭੰਡਾਲ


15.Dr. Balbir S. Bains
ਡਾ: ਬਲਬੀਰ ਸਿੰਘ ਬੈਂਸ


16. Kuldip S.Shergill
ਕੁਲਦੀਪ ਸਿੰਘ ਸ਼ੇਰਗਿਲ


17. Bahadur S. Deol
ਬਹਾਦੁਰ ਸਿੰਘ ਦਿਊਲ


18. Gurpreet S. Sethi
ਗੁਰਪ੍ਰੀਤ ਸਿੰਘ ਸੇਠੀ


19. Harduman S. Sanghera
ਹਰਦੁਮਨ (ਬਿੱਲਾ) ਸਿੰਘ ਸੰਘੇੜਾ


20. Gurbux Singh Dhillon
ਗੁਰਬਖ਼ਸ਼ ਸਿੰਘ ਢਿਲੋਂ


21. Jorawar Singh
ਜੋਰਾਵਰ ਸਿੰਘ

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**